



Twenty-Fifth Year of Publication
ਨਿਊਯਾਰਕ ਐਡੀਸ਼ਨ Price 50¢
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 26, Issue 47; November 22, 2025 20451 N. Plum Grove Rd., Palatine, IL 60074 Ph:847-359-0746, Fax:847-705-9388

## ਟਰੰਪ ਨੇ ਰੂਸ ਕੋਲੋਂ ਤੇਲ ਖਰੀਦਣ ’ਤੇ 500 ਫ਼ੀਸਦੀ ਟੈਰਿਫ਼ ਦੀ ਦਿੱਤੀ ਧਮਕੀ

### ਪੁਤਿਨ ਦੇ ਭਾਰਤ ਦੌਰੇ ਤੋਂ ਪਹਿਲਾਂ ਦਿੱਤਾ ਬਿਆਨ



**ਨਵੀਂ ਦਿੱਲੀ:** ਰੂਸੀ ਤੇਲ ਦੀ ਖਰੀਦ ਹੋ ‘ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਰੁਖ ਹਮੇਸ਼ਾ ਸਖ਼ਤ ਰਿਹਾ ਹੈ। ਇਹੋ ਇਕ ਕਾਰਨ ਹੈ ਕਿ ਭਾਰਤ ਵੀ ਇਸ ਸਮੇਂ ਰੂਸੀ ਤੇਲ ਦੀ ਖਰੀਦ ਕਾਰਨ 25 ਫ਼ੀਸਦ ਵਾਧੂ ਟੈਰਿਫ ਦਾ ਸਾਹਮਣਾ ਕਰ ਰਿਹਾ ਹੈ। ਹੁਣ, ਟਰੰਪ ਨੇ ਰੂਸ ਨਾਲ ਵਪਾਰ ਕਰਨ ਤੇ ਰੂਸੀ ਤੇਲ ਖਰੀਦਣ ਵਾਲੇ ਦੇਸ਼ਾਂ ‘ਤੇ 500 ਫ਼ੀਸਦ ਟੈਰਿਫ ਲਗਾਉਣ ਦੀ ਧਮਕੀ ਦਿੱਤੀ ਹੈ। ਟਰੰਪ ਨੇ ਇਹ ਬਿਆਨ ਅਜਿਹੇ ਸਮੇਂ ਦਿੱਤਾ ਹੈ ਜਦੋਂ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ 5 ਦਸੰਬਰ ਨੂੰ ਭਾਰਤ ਦਾ ਦੌਰਾ ਕਰਨ ਵਾਲੇ ਹਨ। ਇਹ ਉਮੀਦ ਕੀਤੀ ਜਾ ਰਹੀ ਹੈ ਕਿ ਪ੍ਰਧਾਨ ਮੰਤਰੀ ਮੋਦੀ ਨਾਲ ਉਨ੍ਹਾਂ ਦੀ ਮੁਲਾਕਾਤ ਤੇਲ ਤੋਂ ਲੈ ਕੇ ਵਪਾਰ ਤੱਕ ਦੇ ਮੁੱਦਿਆਂ ‘ਤੇ ਕੇਂਦ੍ਰਿਤ ਹੋਵੇਗੀ, ਪਰ ਰੂਸੀ ਰਾਸ਼ਟਰਪਤੀ ਦੀ ਨਵੀਂ ਦਿੱਲੀ ਫੇਰੀ ਤੋਂ ਪਹਿਲਾਂ ਟਰੰਪ ਦੀ ਨਿਰਾਸ਼ਾ ਸਪੱਸ਼ਟ ਹੈ। ਭਾਰਤ ਰੂਸ ਦਾ ਦੂਜਾ ਸਭ ਤੋਂ ਵੱਡਾ ਤੇਲ ਖਰੀਦਦਾਰ ਹੈ, ਇਸ ਲਈ ਟਰੰਪ ਦੇ ਇਸ ਐਲਾਨ ਦਾ ਸਿੱਧਾ ਅਸਰ ਭਾਰਤ ‘ਤੇ ਪਵੇਗਾ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਟਰੰਪ ਨੇ ਰੂਸੀ ਤੇਲ ਖਰੀਦਣ ਵਿਰੁੱਧ ਭਾਰਤ ਨੂੰ ਖੁੱਲ੍ਹ ਕੇ ਧਮਕੀ ਦਿੱਤੀ ਹੈ । ਟਰੰਪ ਰੂਸ ਦੀ ਆਰਥਿਕਤਾ ਨੂੰ ਨੁਕਸਾਨ ਪਹੁੰਚਾ ਕੇ ਯੂਕਰੇਨ ਨਾਲ ਜੰਗ ਨੂੰ ਰੋਕਣਾ ਚਾਹੁੰਦਾ ਹੈ । ਇਸ ਲਈ, ਉਸਨੇ ਟੈਰਿਫ ਨੂੰ ਹਥਿਆਰਬੰਦ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਰਿਪਬਲਿਕਨ ਸੰਸਦ ਮੈਂਬਰ ਅਜਿਹੇ ਬਿੱਲ ਤਿਆਰ ਕਰ ਰਹੇ ਹਨ ਜੋ ਰੂਸ ਨਾਲ ਵਪਾਰ ਕਰਨ ਵਾਲੇ ਦੇਸ਼ਾਂ ‘ਤੇ ਸਖ਼ਤ ਪਾਬੰਦੀਆਂ ਜਾਂ ਟੈਰਿਫ ਲਗਾਏਗਾ।

## ਸ਼ੇਖ ਹਸੀਨਾ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ ਗਈ

**ਨਵੀਂ ਦਿੱਲੀ:** ਅਗਸਤ, 2024 ‘ਚ ਸ਼ੇਖ਼ ਹਸੀਨਾ ਨੂੰ ਸੱਤਾ ਤੋਂ ਬੇਦਖ਼ਲ ਕਰਨ ਤੋਂ ਬਾਅਦ ਜਦੋਂ ਅੰਤ੍ਰਿਮ ਪ੍ਰਧਾਨ ਮੰਤਰੀ ਮੁਹੰਮਦ ਯੂਨੁਸ ਨੇ ਉਨ੍ਹਾਂ ਦੇ ਕਾਰਜਕਾਲ ਦੌਰਾਨ ਅੱਤਿਆਚਾਰਾਂ ਦੀ ਸਮੀਖਿਆ ਲਈ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ (ਆਈਸੀਟੀ) ਦਾ ਪੁਨਰਗਠਨ ਕੀਤਾ ਸੀ, ਤਦੇ ਸਾਫ਼ ਹੋ ਗਿਆ ਸੀ ਕਿ ਇਸ ਦਾ ਨਤੀਜਾ ਕੀ ਹੋਵੇਗਾ। ਸੋਮਵਾਰ ਨੂੰ ਉਹੀ ਹੋਇਆ ਜਦੋਂ ਟ੍ਰਿਬਿਊਨਲ ਨੇ ਢਾਕਾ ‘ਚ ਸਾਬਕਾ ਪ੍ਰਧਾਨ ਮੰਤਰੀ ਸ਼ੇਖ਼ ਹਸੀਨਾ ਤੇ ਉਨ੍ਹਾਂ ਦੇ ਸਾਬਕਾ ਗ੍ਰਹਿ ਮੰਤਰੀ ਅਸਦੁੱਜ਼ਮਾਂ ਖ਼ਾਨ ਕਮਾਲ ਨੂੰ ਮਨੁੱਖਤਾ ਖ਼ਿਲਾਫ਼ ਅਪਰਾਧ ਦਾ ਦੋਸ਼ੀ ਠਹਿਰਾਉਂਦੇ ਹੋਏ ਮੌਤ ਦੀ ਸਜ਼ਾ ਸੁਣਾਈ। ਇਸ ਫ਼ੈਸਲੇ ਦੇ ਕੁਝ ਹੀ ਦੇਰ ਬਾਅਦ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਾਬਕਾ ਪ੍ਰਧਾਨ ਮੰਤਰੀ ਹਸੀਨਾ ਨੂੰ ਉਸ ਨੂੰ ਸੌਂਪ ਦੇਵੇ। ਭਾਰਤ ‘ਚ ਜਲਾਵਤਨ ਜ਼ਿੰਦਗੀ ਬਿਤਾ ਰਹੀ ਹਸੀਨਾ ਨੇ ਫ਼ੈਸਲੇ ਨੂੰ ਫ਼ਰਜ਼ੀ ਤੇ ਸਿਆਸਤ ਤੋਂ ਪ੍ਰੇਰਿਤ ਦੱਸਿਆ ਹੈ। ਭਾਰਤ ਨੇ ਪੂਰੇ ਮਾਮਲੇ ‘ਤੇ ਬਹੁਤ ਸੰਭਲ ਕੇ ਪ੍ਰਤੀਕ੍ਰਿਆ ਦਿੱਤੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਸਾਰੀਆਂ ਧਿਰਾਂ ਨਾਲ ਰਚਨਾਤਮਕ ਤੌਰ ‘ਤੇ ਗੱਲਬਾਤ ਕਰਦਾ ਰਹੇਗਾ। ਭਾਰਤ ਸ਼ਾਂਤੀ, ਲੋਕਤੰਤਰ ਤੇ ਸਥਿਰਤਾ ਸਮੇਤ ਬੰਗਲਾਦੇਸ਼ ਦੇ ਲੋਕਾਂ ਦੇ ਸਰਬੋਤਮ ਹਿੱਤਾਂ ਲਈ ਵਚਨਬੱਧ ਹੈ। ਫ਼ਿਲਹਾਲ ਇਸ ਪੂਰੇ ਮਾਮਲੇ ਨਾਲ ਪਹਿਲਾਂ ਤੋਂ ਖ਼ਰਾਬ ਹੋ ਚੁੱਕੇ ਭਾਰਤ ਤੇ ਬੰਗਲਾਦੇਸ਼ ਦੇ ਸਬੰਧਾਂ ‘ਚ ਹੋਰ ਗਿਰਾਵਟ ਆਉਣ ਦੇ ਸੰਕੇਤ ਹਨ।



ਆਈਸੀਟੀ-ਬੰਗਲਾਦੇਸ਼ ਨੇ 78 ਸਾਲਾ ਸ਼ੇਖ਼ ਹਸੀਨਾ ਨੂੰ ਮਨੁੱਖਤਾ ਖ਼ਿਲਾਫ਼ ਅਪਰਾਧਾਂ ਦਾ ਦੋਸ਼ੀ ਠਹਿਰਾਉਂਦੇ ਹੋਏ ਫਾਂਸੀ ਦੀ ਸਜ਼ਾ ਜੁਲਾਈ-ਅਗਸਤ, 2024 ਦੇ ਵਿਦਿਆਰਥੀਆਂ ਦੀ ਅਗਵਾਈ ਵਾਲੀ - ਬਗ਼ਾਵਤ

*(ਬਾਕੀ ਸਫ਼ਾ 4 ’ਤੇ)*

## ਚੰਡੀਗੜ੍ਹ, ਪੀ. ਯੂ. ਅਤੇ ਦਰਿਆਈ ਪਾਣੀਆਂ ’ਤੇ ਸਿਰਫ਼ ਪੰਜਾਬ ਦਾ ਹੱਕ: ਮਾਨ




**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਫ਼ਰੀਦਾਬਾਦ ‘ਚ ਉੱਤਰ ਖੇਤਰੀ ਪ੍ਰੀਸ਼ਦ ਦੀ 32ਵੀਂ ਬੈਠਕ ‘ਚ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਤੇ ਦਰਿਆਈ ਪਾਣੀਆਂ ‘ਤੇ ਪੰਜਾਬ ਦਾ ਦਾਅਵਾ ਪੁਰਜ਼ੋਰ ਤਰੀਕੇ ਨਾਲ ਰੱਖਿਆ ਤੇ ਦੇਸ਼ ‘ਚ ਸੰਘੀ ਢਾਂਚੇ ਦੀ ਵਕਾਲਤ ਕੀਤੀ। ਮੁੱਖ ਮੰਤਰੀ ਨੇ ਕਿਹਾ ਕਿ ਸਾਡੇ ਸੰਵਿਧਾਨ ‘ਚ ਸਪੱਸ਼ਟ ਰੂਪ ਨਾਲ ਉਨ੍ਹਾਂ ਖੇਤਰਾਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ‘ਚ ਕੇਂਦਰ ਤੇ ਸੂਬੇ ਆਪਣੀਆਂ ਸ਼ਕਤੀਆਂ ਦਾ ਇਸਤੇਮਾਲ ਕਰ ਸਕਦੇ ਹਨ। ਉਨ੍ਹਾਂ ਕਿਹਾ ਕਿ ਸੰਘਵਾਦ ਸਾਡੇ ਸੰਵਿਧਾਨ ਦਾ ਇਕ ਮੂਲ ਸਿਧਾਂਤ ਹੈ, ਪਰ ਪਿਛਲੇ 75 ਸਾਲਾਂ ‘ਚ ਇਸ ਸ਼ਕਤੀ ਦਾ ਕੇਂਦਰੀਕਰਨ ਹੋ ਰਿਹਾ ਹੈ।

ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਹਾਜ਼ਰੀ ‘ਚ ਚੰਡੀਗੜ੍ਹ ਨੂੰ ਪੰਜਾਬ ਨੂੰ ਸੌਂਪਣ ਦੀ ਮੰਗ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ 1970 ‘ਚ ਹੋਏ ਇੰਦਰਾ ਗਾਂਧੀ ਸਮਝੌਤੇ ‘ਚ ਸਪੱਸ਼ਟ ਰੂਪ ਨਾਲ ਜ਼ਿਕਰ ਕੀਤਾ ਗਿਆ ਸੀ ਕਿ ਚੰਡੀਗੜ੍ਹ ਦਾ ਪੂਰਾ ਰਾਜਧਾਨੀ ਖੇਤਰ ਪੰਜਾਬ ਨੂੰ ਦਿੱਤਾ ਜਾਏਗਾ। ਇਹ ਕੇਂਦਰ ਸਰਕਾਰ ਦੀ ਸਪੱਸ਼ਟ ਵਚਨਬੱਧਤਾ ਸੀ। 24 ਜੁਲਾਈ, 1985 ਨੂੰ ਤਤਕਾਲੀ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਤੇ ਸੰਤ ਹਰਚੰਦ ਸਿੰਘ ਲੌਂਗੋਵਾਲ ਦਰਮਿਆਨ ਹੋਏ ਰਾਜੀਵ-ਲੌਂਗੋਵਾਲ ਸਮਝੌਤੇ ‘ਚ ਵੀ ਇਹ ਪੁਸ਼ਟੀ ਕੀਤੀ ਗਈ ਸੀ ਕਿ ਚੰਡੀਗੜ੍ਹ ਪੰਜਾਬ ਨੂੰ ਸੌਂਪਿਆ ਜਾਏਗਾ।

ਮੁੱਖ ਮੰਤਰੀ ਨੇ ਸਿੰਧੂ ਜਲ ਸੰਧੀ ਦੇ ਰੱਦ ਹੋਣ ਦੇ ਸੰਦਰਭ ‘ਚ ਜਲ ਸਬੰਧੀ ਮੁੱਦਿਆਂ ਨੂੰ ਹੱਲ ਕਰਨ ਲਈ ਸਬੰਧਤ ਸੂਬਿਆਂ ਦੇ ਨੁਮਾਇੰਦਿਆਂ ਦੀ ਹਾਜ਼ਰੀ ਨੂੰ ਇਕ ਚੰਗਾ ਮੌਕਾ ਦੱਸਿਆ। ਉਨ੍ਹਾਂ ਚਿਨਾਬ ਨਦੀ ਨੂੰ ਰਾਵੀ ਤੇ ਬਿਆਸ ਨਦੀਆਂ ਨਾਲ ਜੋੜਨ ਦੀ ਸੰਭਾਵਨਾ ‘ਤੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਸਾਡੇ ਕੋਲ ਪਹਿਲਾਂ ਤੋਂ ਹੀ ਪਾਣੀ ਪ੍ਰਵਾਹ ਨੂੰ ਕੰਟਰੋਲ ਕਰਨ ਲਈ ਡੈਮ ਹਨ ਤੇ ਇਨ੍ਹਾਂ ਨਦੀਆਂ ਨੂੰ ਜੋੜਨ ਨਾਲ ਹੋਰ ਜਲ ਪ੍ਰਵਾਹ ਦੀ ਵਰਤੋਂ ਬਿਜਲੀ ਪੈਦਾਵਾਰ ਤੇ ਸਿੰਚਾਈ ਲਈ ਕੀਤੀ ਜਾ ਸਕਦੀ ਹੈ।

ਮੁੱਖ ਮੰਤਰੀ ਨੇ ਬੀਬੀਐੱਮਬੀ ‘ਚ ਰਾਜਸਥਾਨ ਤੋਂ ਇਕ ਮੈਂਬਰ ਦੀ ਸਥਾਈ ਨਿਯੁਕਤੀ ਦੀ ਮੰਗ ਦਾ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ ਬੀਬੀਐੱਮਬੀ ਪੰਜਾਬ ਪੁਨਰਗਠਨ ਐਕਟ 1966 ਦੇ ਤਹਿਤ ਇਕ ਸੰਸਥਾ ਹੈ, ਜਿਹੜੀ ਸਿਰਫ਼

*(ਬਾਕੀ ਸਫ਼ਾ 4 ’ਤੇ)*






350 Saal Shaheedan De Naal — Gurdwara Sant Sagar, Bellerose, NY

ੴ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ ॥

# ਗੁਰਦੁਆਰਾ ਸੰਤ ਸਾਗਰ ਅਤੇ

ਟਰਾਈ ਸਟੇਟ ਦੇ ਸਮੂਹ ਗੁਰਦੁਆਰੇ, ਜਥੇਬੰਦੀਆਂ, ਸਮੂਹ ਸੰਗਤ ਦੇ ਪਿਆਰ ਅਤੇ ਸਹਿਯੋਗ ਸਦਕਾ

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ,

## ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ

## 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

# ਮਹਾਨ ਕੀਰਤਨ ਸਮਾਗਮ

## 29 ਨਵੰਬਰ 2025 ਦਿਨ ਸ਼ਨੀਵਾਰ ਨੂੰ

**ਐਲੀਪੋਂਡ ਪਾਰਕ** ਵਿਖੇ
79-20 Winchester Blvd, Queens Village

ਸਵੇਰੇ 10:00 ਵਜੇ ਤੋਂ
ਦੁਪਹਿਰ 4:30 ਵਜੇ ਤੱਕ ਹੋਵੇਗਾ ।

ਇਹ ਮਹਾਨ ਕੀਰਤਨ ਦਰਬਾਰ ਗੁਰਦੁਆਰਾ ਸੰਤ ਸਾਗਰ ਤੋਂ ਸਵੇਰੇ ਠੀਕ 9:30 ਵਜੇ ਆਰੰਭ ਹੋ ਕੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ, ਪੰਜ ਪਿਆਰਿਆਂ ਦੀ ਅਗਵਾਈ ਵਿੱਚ ਤੇ ਨਗਾਰਿਆਂ ਦੀ ਗੂੰਜ ਵਿੱਚ ਕਾਰ ਰੈਲੀ ਦੇ ਰੂਪ ਵਿੱਚ ਐਲੀਪੋਂਡ ਪਾਰਕ ( 79-20 Winchester blvd ) ਵਿਖੇ ਪਹੁੰਚੇਗਾ।

**ਨਿਮਰਤਾ ਸਹਿਤ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਕ੍ਰਿਪਾਲਤਾ ਕਰਨੀ ਜੀ।**

ਜਿਸ ਵਿੱਚ ਪਹੁੰਚਣ ਵਾਲੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕਾਂ ਦਾ ਵੇਰਵਾ ਇਸ ਤਰ੍ਹਾਂ ਹੈ ।

* ਭਾਈ ਨਿਰੰਜਨ ਸਿੰਘ ਜੀ ਜਵੱਦੀ ਕਲਾ ।
* ਬਾਬਾ ਬੰਤਾ ਸਿੰਘ ਜੀ ।
* ਭਾਈ ਮਹਿਲ ਸਿੰਘ ਜੀ ਕਵੀਸ਼ਰ ਚੰਡੀਗੜ ਵਾਲੇ ।
* ਭਾਈ ਹਰਚਰਨ ਸਿੰਘ ਜੀ ਖਾਲਸਾ ।
* ਭਾਈ ਗੁਰਮੇਲ ਸਿੰਘ ਜੀ ਕਨੇਡਾ ਵਾਲੇ ।
* ਢਾਡੀ ਜੱਥਾ ਭਾਈ ਮੋਹਣ ਸਿੰਘ ਜੀ ਵਡਾਣਾ ।
* ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ ।
* ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਬੰਗਲਾ ਸਾਹਿਬ ਵਾਲੇ ।
* ਗੁਰਦੁਆਰਾ ਸੰਤ ਸਾਗਰ ਸਕੂਲ ਦੇ ਵਿਦਿਆਰਥੀ ਵੀ ਕੀਰਤਨ ਕਰਣਗੇ ।

Countless salutations on the 350th Martyrdom Anniversary of
Sri Guru Tegh Bahadur Ji, Bhai Mati Das Ji, Bhai Sati Das Ji, Bhai Dayala Ji

# MAHAN KIRTAN DARBAR

## GURDWARA SANT SAGAR

## On 29 November 2025 from 10:00AM to 4:30PM

Will Be Held At Alley Pond Park 79-20 Winchester Blvd, Queens Village.
With the love and support of Tristate Gurdwaras Sahib, Organizations and the entire Sangat (Community)

JOIN US FOR A DAY OF KIRTAN, KATHA, ARDAAS AND LANGAR SEWA IN REMEMBRANCE OF SRI GURU TEGH BAHADUR JI'S SUPREME SACRIFICE AND TEACHINGS

The Event Will Begin With Nagar Kirtan From Gurduwara Sant Sagar At 9:30 AM, Followed By The Main Diwan At Alley Pond Park

LANGAR WILL BE SERVED TO ALL THROUGHOUT THE DAY

Join Us For An Inspiring Exhibition Dedicated To The Life And Legacy Of Sri Guru Tegh Bahadur Ji.

ਗੁਰੂ-ਸੰਗਤਾਂ ਦੇ ਦਾਸ - ਬਾਬਾ ਸੱਜਣ ਸਿੰਘ ਜੀ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718-343-1030



Live on jus punjabi, GLOBAL PUNJAB, PrimeAsia

Print & Designed by : Print Linkers : 347-475-5555 (Dilpreet Singh)

**Singh Enterprises, LLC**

**ਰੈਸਟੋਰੈਂਟ ਦੇ ਸਾਮਾਨ ਦੇ ਹੋਲਸੇਲਰ ਸਪਲਾਇਰ**

**Restaurant/Retail (Manufacturer/Importer/Wholesaler)**

ਅਸੀਂ ਰੈਸਟੋਰੈਂਟ ਦੇ ਸਾਮਾਨ ਦੀ ਹੋਲਸੇਲ ਸਪਲਾਈ ਕਰਦੇ ਹਾਂ ਅਤੇ ਭਾਰਤੀ ਰੈਸਟੋਰੈਂਟ ਦੇ ਰਸੋਈ ਦੇ ਸਾਮਾਨ ਦੇ ਨਾਲ-ਨਾਲ ਆਪਣੇ ਤੰਦੂਰ ਵੀ ਬਣਾਉਂਦੇ ਹਾਂ। ਅਸੀਂ ਮਸਾਲੇ/ਦਾਲ/ਬਾਸਮਤੀ ਚਾਵਲ ਆਦਿ ਦੀਆਂ ਵੱਡੀਆਂ ਪੈਕਿੰਗਜ਼ ਇੰਪੋਰਟ ਕਰਦੇ ਹਾਂ ਅਤੇ ਦੇਸ਼ ਭਰ ਵਿਚ ਸਾਰੀਆਂ ਚੀਜ਼ਾਂ ਦੀ ਸਪਲਾਈ ਕੀਤੀ ਜਾਂਦੀ ਹੈ। ਰੈਸਟੋਰੈਂਟ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਪਲਾਈ ਲਈ ਸਾਡੇ ਨਾਲ ਸੰਪਰਕ ਕਰੋ।

Amardeep Singh (CEO) Ph: 303-645-3739, Cell-303-396-2536
Fax: 866-460-0303. www.singhenterprisesco.net

6769 East 50th Avenue, Commerce City, CO 80022.



GoldenKey LENDING

Grow your business with our Strategic

COMERCIAL LOAN SOLUTIONS

Partner with us for expert guidance and support

Contact Us at

317-620-4100


www.goldenkeylending.com

We speak your Language

English • ਪੰਜਾਬੀ • हिंदी • اردو

325 S. College Avenue, Indianapolis, Indiana 46202

NMLS 147421






**SUPER TRAVEL**

847-676-9090, 773-465-5566

*E-mail: supertravel2003@live.com*

**Lowest Fares With Excellent Service**

*United Airlines*
*British Airways*

*Etihad, Air India, KLM, Lufthansa, Delta, Qatar Airlines.*

For Emergency Call anytime at 847-436-9010





*EARLY BIRD SALE!!!!*

Domestic fares available





**UMA TRAVELS**

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**



ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
847-359-0746


# Matrimonials

## ਲੜਕੇ ਦੀ ਲੋੜ ਹੈ

ਅਮਰੀਕਾ ਵਿਚ ਪੱਕੀ 42 ਸਾਲ 5’3" ਪੋਸਟ ਗਰੈਜੂਏਟ ਅੰਮ੍ਰਿਤਧਾਰੀ ਲੜਕੀ ਲਈ ਅਮਰੀਕਾ/ਕੈਨੇਡਾ ਵਿਚ ਪੱਕੇ ਲੜਕੇ ਦੀ ਲੋੜ ਹੈ, ਜੋ ਅੰਮ੍ਰਿਤਧਾਰੀ ਹੋਵੇ ਜਾਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਸਕਦਾ ਹੋਵੇ। ਉਮਰ 40-45 ਸਾਲ ਹੋਵੇ। ਜਾਤੀ ਬੰਧਨ ਨਹੀਂ। ਤਲਾਕਸ਼ੁਦਾ ਵੀ ਵਿਚਾਰਨ ਯੋਗ। ਚਾਹਵਾਨ ਨਿਊਯਾਰਕ ਸਮੇਂ ਅਨੁਸਾਰ ਸ਼ਾਮ 7 ਤੋਂ 9 ਵਜੇ ਤੱਕ ਫੋਨ ਨੰਬਰ +1 (734) 306-0580 ‘ਤੇ ਸੰਪਰਕ ਕਰਨ। ਫੋਟੋ ਨਾਲ ਬਾਇਓਡਾਟਾ E-Mail: kaurgurvinder1965@yahoo.com ’ਤੇ ਭੇਜ ਸਕਦੇ ਹੋ।

45-48

Jat Sikh Sandhu family looking for a suitable match for their daughter, born June 1995, height 5’3". Working as Veterinary Doctor (DVM) in Bay Area California on H1B Visa (Green Card applied). Parents are living in India. Looking for educated and professional match. Preference to Jat Sikh living in U.S. Please contact with full biodata and picture to Bicki Dhillon at Cell/ WhatsApp 630-261-5723 or email bdhillon776@gmail.com. No Marriage bureau contact please.

43-46

## ਲੜਕੀ ਦੀ ਲੋੜ ਹੈ

Jatt, Gursikh family settled in the USA seeks an eligible Gursikh, educated, family-oriented bride from USA/Canada/India for their American-citizen son (born 1980), Gursikh, well-settled, divorced, working as an engineer in a top financial company. Please send the girl’s biodata and family details via: E-mail: Amrit.Naam.2022@gmail.com WhatsApp (USA): +1-480-906-5614

47-50

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5’8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 ‘ਤੇ ਸੰਪਰਕ ਜਾਂ paramjit12913@gmail.com ‘ਤੇ ਈ-ਮੇਲ ਕਰ ਸਕਦੇ ਹਨ।

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.


**Immigration Law Offices of Antone, Casagrande & Adwers, P.C.**

GURVIR KAUR BHULLAR

IMMIGRATION ATTORNEY

(Fluent in English, ਪੰਜਾਬੀ, and हिंदी)

Contact details
(248) 406-4100 (Office)
(413) 216-0607 (Cell)
www.antone.com
gkb@antone.com
31555 W 14 Mile Rd, Suite 100
Farmington Hills, MI 48334

SERVING THE COMMUNITY WITH INTEGRITY AND CARE

- Work-based visas (H-1B, TN, E-2, L-1, O-1, etc.)
- Work-based green card (EB-1, EB-2, EB-3, PERM process, etc.)
- Family-based visas and green card
- Citizenship
- Change of status, waiver applications, consular visa services

*Since 1993, our firm has been assisting individuals, families, small businesses and multinational corporations with immigration matters. We assist clients anywhere in the U.S. and around the world.*

# ਰਿਜ਼ਰਵੇਸ਼ਨ ਤੋਂ ਕ੍ਰੀਮੀ ਲੇਅਰ ਨੂੰ ਬਾਹਰ ਰੱਖਣਾ ਚਾਹੀਦਾ ਹੈ : ਚੀਫ਼ ਜਸਟਿਸ

**ਅਮਰਾਵਤੀ:** ਚੀਫ ਜਸਟਿਸ ਬੀਆਰ ਗਵਈ ਨੇ ਜ਼ੋਰ ਦੇ ਕੇ ਕਿਹਾ ਕਿ ਉਹ ਹਾਲੇ ਵੀ ਅਨੁਸੂਚਿਤ ਜਾਤਾਂ (ਐੱਸ.ਸੀ) ਲਈ ਰਿਜ਼ਰਵੇਸ਼ਨ 'ਚ ਕ੍ਰੀਮੀ ਲੇਅਰ ਨੂੰ ਸ਼ਾਮਲ ਨਾ ਕਰਨ ਦੇ ਹੱਕ 'ਚ ਹਨ। ਉਨ੍ਹਾਂ ਨੇ ਕਿਹਾ ਕਿ ਰਿਜ਼ਰਵੇਸ਼ਨ ਦੇ ਮਾਮਲੇ 'ਚ ਆਈ.ਏ.ਐੱਸ. ਅਧਿਕਾਰੀਆਂ ਦੇ ਬੱਚਿਆਂ ਦੀ ਗ਼ਰੀਬ ਖੇਤ ਮਜ਼ਦੂਰ ਦੇ ਬੱਚਿਆਂ ਨਾਲ ਤੁਲਨਾ ਨਹੀਂ ਕੀਤੀ ਜਾ ਸਕਦੀ। 2024 'ਚ ਵੀ ਉਨ੍ਹਾਂ ਨੇ ਕਿਹਾ ਸੀ ਕਿ ਸੂਬਿਆਂ ਨੂੰ ਐੱਸ.ਸੀ-ਐੱਸ.ਟੀ 'ਚ ਕ੍ਰੀਮੀ ਲੇਅਰ ਦੀ ਪਛਾਣ ਕਰਨ ਤੇ ਉਨ੍ਹਾਂ ਨੂੰ ਰਾਖਵੇਂਕਰਨ ਦੇ ਲਾਭ ਤੋਂ ਵਾਂਝਾ ਰੱਖਣ ਲਈ ਇਕ ਨੀਤੀ ਬਣਾਉਣੀ ਚਾਹੀਦੀ ਹੈ।

75 ਸਾਲਾਂ 'ਚ ਭਾਰਤ ਤੇ ਜੀਵੰਤ ਭਾਰਤੀ ਸੰਵਿਧਾਨ' ਨਾਮਕ ਇਕ ਪ੍ਰੋਗਰਾਮ ਨੂੰ ਸੰਬੋਧਨ ਕਰਦੇ ਹੋਏ ਜਸਟਿਸ ਗਵਈ ਨੇ ਕਿਹਾ, 'ਮੈਂ ਅੱਗੇ ਆ ਕੇ ਇਹ ਵੀ ਕਿਹਾ ਕਿ ਇੰਦਰ ਸਾਹਨੀ (ਬਨਾਮ ਭਾਰਤ ਸੰਘ ਤੇ ਹੋਰ) ਫ਼ੈਸਲੇ ਮੁਤਾਬਕ ਕ੍ਰੀਮੀ ਲੇਅਰ ਦੀ ਧਾਰਨਾ ਹੋਰ ਪੱਛੜੇ ਵਰਗ (ਓਬੀਸੀ)ਵਾਂਗ ਐੱਸ.ਸੀ 'ਤੇ ਵੀ ਲਾਗੂ ਕੀਤੀ ਜਾਣੀ ਚਾਹੀਦੀ ਹੈ। ਹਾਲਾਂਕਿ ਇਸ ਮਾਮਲੇ 'ਤੇ ਮੇਰੇ ਫ਼ੈਸਲੇ ਦੀ ਵੱਡੇ ਵੱਧਰ 'ਤੇ ਨਿਖੇਧੀ ਕੀਤੀ ਗਈ ਹੈ।' ਉਨ੍ਹਾਂ ਕਿਹਾ, 'ਪਰ ਮੇਰਾ ਅਜੇ ਵੀ ਮੰਨਣਾ ਹੈ ਕਿ ਆਮ ਤੌਰ 'ਤੇ ਜੱਜਾਂ ਤੋਂ ਆਪਣੇ ਫ਼ੈਸਲਿਆਂ ਨੂੰ ਸਹੀ ਠਹਿਰਾਉਣ ਦੀ ਉਮੀਦ ਨਹੀਂ ਕੀਤੀ ਜਾਂਦੀ ਤੇ ਮੇਰੀ ਸੇਵਾਮੁਕਤੀ 'ਚ ਅਜੇ ਕਰੀਬ ਇਕ ਹਫ਼ਤੇ ਦਾ ਸਮਾਂ ਬਾਕੀ ਹੈ। ਉਨ੍ਹਾਂ ਨਾਲ ਹੀ ਕਿਹਾ ਕਿ ਪਿਛਲੇ ਕੁਝ ਸਾਲਾਂ 'ਚ ਦੇਸ਼ 'ਚ ਸਮਾਨਤਾ ਜਾਂ ਔਰਤ ਸਸ਼ਕਤੀਕਰਨ ਦੀ ਰਫ਼ਤਾਰ ਤੇਜ਼ ਹੋ ਰਹੀ ਹੈ ਤੇ ਉਨ੍ਹਾਂ ਨਾਲ ਵਿਤਕਰੇ ਦੀ ਸਖ਼ਤ ਨਿਖੇਧੀ ਕੀਤੀ ਗਈ ਹੈ। ਚੀਫ ਜਸਟਿਸ ਨੇ ਕਿਹਾ ਕਿ ਕੁਝ ਦਿਨਾਂ 'ਚ ਆਪਣਾ ਕਾਰਜਕਾਲ ਸਮਾਪਤ ਕਰਨ ਤੋਂ ਪਹਿਲਾਂ ਉਹ ਜਿਸ ਆਖ਼ਰੀ ਸਮਾਗਮ 'ਚ ਹਿੱਸਾ ਲੈ ਰਹੇ ਹਨ, ਉਹ ਆਂਧਰ ਪ੍ਰਦੇਸ਼ ਦੇ ਅਮਰਾਵਤੀ 'ਚ ਹੋ ਰਿਹਾ ਹੈ, ਜਦਕਿ ਚੀਫ ਜਸਟਿਸ ਬਣਨ ਤੋਂ ਪਹਿਲਾਂ ਉਨ੍ਹਾਂ ਦਾ ਪਹਿਲਾ ਸਮਾਗਮ ਵੀ ਅਮਰਾਵਤੀ 'ਚ ਹੋਇਆ ਸੀ। ਜਸਟਿਸ ਗਵਈ ਨੇ ਕਿਹਾ ਕਿ ਭਾਰਤੀ ਸੰਵਿਧਾਨ




'ਜੜ੍ਹ' ਨਹੀਂ ਹੈ ਤੇ ਡਾ. ਬੀਆਰ ਅੰਬੇਡਕਰ ਹਮੇਸ਼ਾ ਮੰਨਦੇ ਸਨ ਕਿ ਇਸ ਨੂੰ ਵਿਕਸਤ, ਜੀਵੰਤ ਤੇ ਆਧੁਨਿਕ ਦਸਤਾਵੇਜ਼ ਹੋਣਾ ਚਾਹੀਦਾ ਹੈ ਕਿਉਂਕਿ ਧਾਰਾ-368 ਇਸ 'ਚ ਸੋਧ ਦਾ ਪ੍ਰਬੰਧ ਕਰਦੀ ਹੈ। ਉਨ੍ਹਾਂ ਨੇ ਕਿਹਾ, 'ਇਕ ਪਾਸੇ ਡਾ. ਅੰਬੇਡਕਰ ਦੀ ਇਸ ਗੱਲ ਲਈ ਨਿਖੇਧੀ ਕੀਤੀ ਗਈ ਕਿ ਸੰਵਿਧਾਨ 'ਚ ਸੋਧ ਕਰਨ ਦੀਆਂ ਸ਼ਕਤੀਆਂ ਬਹੁਤ ਉਦਾਰ ਹਨ ਤੇ ਦੂਜੇ ਪਾਸੇ ਇਸ ਲਈ ਵੀਂ ਨਿਖੇਧੀ ਕੀਤੀ ਗਈ ਕਿ ਕੁਝ ਸੋਧਾਂ ਲਈ ਅੱਧੇ ਸੂਬਿਆਂ ਤੇ ਸੰਸਦ ਦੇ ਦੋ-ਤਿਹਾਈ ਬਹੁਮਤ ਦੀ ਲੋੜ ਹੁੰਦੀ ਹੈ। ਇਸ ਤਰ੍ਹਾਂ ਸੋਧ ਕਰਨਾ ਮੁਸ਼ਕਲ ਸੀ।' ਚੀਫ ਜਸਟਿਸ ਮੁਤਾਬਕ, ਸੰਵਿਧਾਨ ਸਭਾ 'ਚ ਸੰਵਿਧਾਨ ਦੇ ਖਰੜੇ ਦੀ ਪੇਸ਼ਕਸ਼ ਦੌਰਾਨ ਡਾ. ਅੰਬੇਡਕਰ ਦਾ ਭਾਸ਼ਣ ਕਾਨੂੰਨ ਦੇ ਹਰ ਵਿਦਿਆਰਥੀ ਨੂੰ ਪੜ੍ਹਨਾ ਚਾਹੀਦਾ ਹੈ। ਡਾ. ਅੰਬੇਡਕਰ ਦੀ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ ਕਿ ਆਜ਼ਾਦੀ ਦੇ ਬਿਨਾਂ ਬਰਾਬਰੀ ਮਨੁੱਖ ਦੇ ਜੀਵਨ 'ਚ ਸ਼ਾਨਦਾਰ ਸਥਿਤੀ ਪ੍ਰਾਪਤ ਕਰਨ ਦੇ ਉਤਸ਼ਾਹ ਨੂੰ ਖ਼ਤਮ ਕਰ ਦੇਵੇਗੀ। ਸਿਰਫ ਆਜ਼ਾਦੀ, ਸ਼ਕਤੀਸ਼ਾਲੀ ਨੂੰ ਕਮਜ਼ੋਰ 'ਤੇ ਗ਼ਲਬਾ ਦੇਵੇਗੀ। ਸਮਾਜਿਕ ਤੇ ਆਰਥਿਕ ਨਿਆਂ ਦੇ ਮਾਮਲੇ 'ਚ ਦੇਸ਼ ਨੂੰ ਅੱਗੇ ਲੈ ਜਾਣ ਲਈ ਬਰਾਬਰੀ, ਆਜ਼ਾਦੀ ਤੇ ਭਾਈਚਾਰੇ ਤਿੰਨੇ ਜ਼ਰੂਰੀ ਹਨ। ਉਨ੍ਹਾਂ ਕਿਹਾ ਕਿ ਸੰਵਿਧਾਨ ਕਾਰਨ ਹੀ ਭਾਰਤ 'ਚ ਐੱਸ.ਸੀ ਵਰਗ ਦੇ ਦੋ ਰਾਸ਼ਟਰਪਤੀ ਹੋਏ ਹਨ ਤੇ ਮੌਜੂਦਾ ਰਾਸ਼ਟਰਪਤੀ ਵੀ ਐੱਸ.ਟੀ. ਵਰਗ ਦੀ ਇਕ ਔਰਤ ਹਨ। ਜਸਟਿਸ ਗਵਈ ਨੇ ਕਿਹਾ, 'ਸਿਰਫ ਸੰਵਿਧਾਨ ਕਾਰਨ ਹੀ ਮੈਂ ਅਮਰਾਵਤੀ 'ਚ ਇਕ ਅਰਧ-ਝੁੱਗੀ ਇਲਾਕੇ ਦੇ ਇਕ ਨਗਰਪਾਲਿਕਾ ਸਕੂਲ ਤੋਂ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਨਿਆਂਪਾਲਿਕਾ ਦੇ ਸਰਵਉੱਚ ਅਹੁਦੇ ਤੱਕ ਪੁੱਜ ਸਕਿਆ ਤੇ ਰਾਸ਼ਟਰ ਨਿਰਮਾਣ 'ਚ ਆਪਣਾ ਨਿਮਰ ਯੋਗਦਾਨ ਦੇ ਸਕਿਆ।

ਭਾਰਤ ਦਾ ਸੰਵਿਧਾਨ ਨਿਆਂ, ਆਜ਼ਾਦੀ, ਸਮਾਨਤਾ ਤੇ ਭਾਈਚਾਰੇ ਦੇ ਚਾਰ ਥੰਮਾਂ 'ਤੇ ਟਿਕਿਆ ਹੋਇਆ ਹੈ।

## ਸੂਬੇ 'ਚ ਕਾਨੂੰਨ ਦਾ ਨਹੀਂ, ਗੈਂਗਸਟਰਾਂ ਦਾ ਰਾਜ: ਜਾਖੜ

**ਫ਼ਿਰੋਜ਼ਪੁਰ:** ਆਰ.ਐਸ.ਐਸ. ਨੇਤਾ ਬਲਦੇਵ ਰਾਜ ਅਰੋੜਾ ਦੇ ਪੁੱਤਰ ਨਵੀਨ ਅਰੋੜਾ ਦੀ ਗੋਲੀਆਂ ਮਾਰ ਕੇ ਕੀਤੀ ਹੱਤਿਆ ਨੇ ਫਿਰ ਸਾਬਤ ਕਰ ਦਿੱਤਾ ਹੈ। ਕਿ ਸੂਬੇ 'ਚ ਕਾਨੂੰਨ ਵਿਵਸਥਾ ਪੂਰੀ ਤਰ੍ਹਾਂ ਬੇਕਾਬੂ ਹੋ ਚੁੱਕੀ ਹੈ। ਸੂਬੇ ਦੀ 'ਆਪ' ਸਰਕਾਰ 'ਤੇ ਨਿਸ਼ਾਨਾ ਸਾਧਦਿਆਂ ਭਾਰਤੀ ਜਨਤਾ ਪਾਰਟੀ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ



ਪੰਜਾਬ ਵਿਚ ਗੈਂਗਸਟਰਾਂ ਦਾ ਦਬਦਬਾ ਵਧਦਾ ਜਾ ਰਿਹਾ ਹੈ ਅਤੇ ਸੂਬੇ 'ਚ ਸਮਾਨੰਤਰ ਸਰਕਾਰ ਚੱਲ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਸੂਬੇ ਦੇ ਲੋਕਾਂ ਨੂੰ ਅਮਨ, ਕਾਨੂੰਨ ਅਤੇ ਸੁਰੱਖਿਆ ਮੁਹੱਈਆ ਕਰਵਾਉਣ 'ਚ ਪੂਰੀ ਤਰ੍ਹਾਂ ਫੇਲ੍ਹ ਸਾਬਤ ਹੋਈ ਹੈ।

## ਅਸ਼ਵਨੀ ਸ਼ਰਮਾ ਨੇ ਵੀ ਸੂਬੇ ਦੀ ਕਾਨੂੰਨ-ਵਿਵਸਥਾ 'ਤੇ ਖੜ੍ਹੇ ਕੀਤੇ ਸਵਾਲ

ਚੰਡੀਗੜ੍ਹ: ਫ਼ਿਰੋਜ਼ਪੁਰ 'ਚ ਆਰ.ਐਸ.ਐਸ. ਦੇ ਕਾਰਕੁਨ ਨਵੀਨ ਅਰੋੜਾ ਦੀ ਗੋਲੀ ਮਾਰ ਕੇ ਕੀਤੀ ਹੱਤਿਆ ਨੇ ਸੂਬੇ ਦੀ ਕਾਨੂੰਨ- ਵਿਵਸਥਾ 'ਤੇ ਵੱਡਾ ਸਵਾਲ ਖੜ੍ਹਾ ਕਰ ਦਿੱਤਾ ਹੈ। ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਇਸ ਘਟਨਾ ਦੀ ਤਿੱਖੀ ਨਿੰਦਾ' ਕਰਦਿਆਂ 'ਆਪ' ਸਰਕਾਰ ਨੂੰ ਬੇਨਕਾਬ ਕੀਤਾ। ਉਨ੍ਹਾਂ ਨੇ ਕਿਹਾ ਕਿ ਨਵੀਨ ਅਰੋੜਾ ਜੋ ਕਿ



ਸੀਨੀਅਰ ਆਰ.ਐਸ.ਐਸ. ਨੇਤਾ ਸਵ. ਦੀਨਾ ਨਾਥ ਦੇ ਪੋਤੇ ਸਨ, ਦਾ ਕਤਲ ਸਿਰਫ਼ ਇਕ ਵਾਕਿਆ ਨਹੀਂ, ਸਗੋਂ ਸੂਬੇ ਵਿਚ ਬੇਲਗਾਮ ਹੋ ਰਹੇ ਅਪਰਾਧ ਅਤੇ ਬਦਅਮਨੀ ਦਾ ਜ਼ੋਰਦਾਰ ਸਬੂਤ ਹੈ। ਅਸ਼ਵਨੀ ਸ਼ਰਮਾ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਕਾਨੂੰਨ-ਵਿਵਸਥਾ ਕਾਇਮ ਰੱਖਣ 'ਚ ਨਾਕਾਮ ਰਹੀ ਹੈ।

## ਪਿਛਲੇ ਸਾਲਾਂ ਤੋਂ ਵਿਵਾਦਾਂ 'ਚ ਰਹੀ ਹੈ ਸਰਬਜੀਤ ਕੌਰ ਉਰਫ਼ ਨੂਰ ਹੁਸੈਨ

**ਸੁਲਤਾਨਪੁਰ ਲੋਧੀ:** ਬੀਤੇ ਦਿਨੀਂ ਸੁਲਤਾਨਪੁਰ ਲੋਧੀ ਬਲਾਕ ਦੇ ਪਿੰਡ ਅਮਾਨੀਪੁਰ ਦੀ ਵਸਨੀਕ ਸਰਬਜੀਤ ਕੌਰ ਜੋ ਕਿ ਸਿੱਖ ਜਥੇ ਨਾਲ ਪਾਕਿਸਤਾਨ ਵਿਖੇ ਪਹਿਲੀ ਪਾਤਸ਼ਾਹੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਪੁਰਬ ਮਨਾਉਣ ਲਈ ਪਾਕਿਸਤਾਨ ਗਈ ਸੀ,ਨੇ ਉਥੇ ਪਹੁੰਚਦੇ ਸਾਰ ਹੀ ਧਰਮ ਤਬਦੀਲ ਕਰਦਿਆਂ ਉਥੋਂ ਦੇ ਵਸਨੀਕ ਨਾਸਿਰ ਹੁਸੈਨ ਨਾਲ ਨਿਕਾਹ ਕਰਵਾ ਲਿਆ ਸੀ।



ਇਸ ਮਾਮਲੇ 'ਚ ਕਈ ਸਵਾਲ ਖੜ੍ਹੇ ਹੋ ਰਹੇ ਹਨ ਕਿ ਜਦੋਂ ਉਕਤ ਸਰਬਜੀਤ ਕੌਰ ਪਿਛਲੇ 15-20 ਸਾਲਾਂ ਤੋਂ ਧੋਖਾਧੜੀ ਵਰਗੇ ਕੇਸਾਂ ਦਾ ਸਾਹਮਣਾ ਕਰ ਰਹੀ ਸੀ ਤਾਂ ਇਸ ਦੀ ਤਸਦੀਕ ਸਮੇਂ ਇਹ ਤੱਥ ਸਾਹਮਣੇ ਕਿਉਂ ਨਹੀਂ ਆਏ। ਹੁਣ ਇਥੇ ਇਹ ਵੱਡਾ ਸਵਾਲ ਖੜ੍ਹਾ ਹੁੰਦਾ ਹੈ ਕਿ ਉਕਤ ਸਰਬਜੀਤ ਕੌਰ ਦਾ 1 ਜਨਵਰੀ 2024 ਨੂੰ ਪਾਸਪੋਰਟ ਬਣਿਆ ਹੈ, ਜਦਕਿ ਸੂਤਰਾਂ ਅਨੁਸਾਰ ਉਸ ਸਮੇਂ ਇਸ ਵਿਰੁੱਧ ਧੋਖਾਧੜੀ ਦੇ ਕੇਸ ਚੱਲ ਰਹੇ ਸਨ। ਭਰੋਸੇਯੋਗ ਸੂਤਰਾਂ ਅਨੁਸਾਰ ਉਕਤ ਸਰਬਜੀਤ ਕੌਰਵਿਰੁੱਧ 5 ਕੇਸ ਚੱਲ ਰਹੇ ਹਨ, ਜਦਕਿ ਉਹ 2 ''ਚੋਂ ਬਰੀ ਹੋ ਚੁੱਕੀ ਹੈ।

ਇਥੇ ਇਹ ਵੀ ਸਵਾਲ ਖੜ੍ਹਾ ਹੁੰਦਾ ਹੈ ਕਿ ਪਾਕਿਸਤਾਨ ਜਾਣ ਵਾਲੇ ਸ਼ਰਧਾਲੂਆਂ ਦੀ ਸ਼੍ਰੋਮਣੀ ਕਮੇਟੀ ਮੈਂਬਰ ਵਲੋਂ ਤਸਦੀਕ ਕਰਨ ਤੋਂ ਬਾਅਦ ਭਾਰਤੀ ਏਜੰਸੀਆਂ ਵੀ ਤਫਤੀਸ਼ ਕਰਦੀਆਂ ਹਨ, ਜਿਸ ਤੋਂ ਬਾਅਦ ਹੀ ਪਾਕਿਸਤਾਨ ਜਾਣ ਦੀ 'ਆਗਿਆ ਦਿੱਤੀ ਜਾਂਦੀ ਹੈ।

ਇਸ ਸੰਬੰਧੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਗੁਰਪ੍ਰੀਤ ਕੌਰ ਰੂਹੀ ਨੇ ਦੱਸਿਆ ਕਿ ਸਰਬਜੀਤ ਕੌਰ ਨੇ ਗੁਰਦੁਆਰਾ ਸ੍ਰੀ ਬੇਰ ਸਾਹਿਬ ਦੇ ਰਿਕਾਰਡ ਕੀਪਰ ਨੂੰ ਆਪਣਾ ਪਾਸਪੋਰਟ ਜਮ੍ਹਾਂ ਕਰਵਾਇਆ ਸੀ। ਮੇਰੇ ਵਲੋਂ ਪਿੰਡ ਦੇ ਨੰਬਰਦਾਰ ਅਰਜੁਨ ਸਿੰਘ ਕੋਲੋਂ ਇਸ ਦੀ ਜਾਣਕਾਰੀ ਲਈ ਗਈ ਸੀ, ਜਿਨ੍ਹਾਂ ਨੇ ਸਰਬਜੀਤ ਕੌਰ ਬਾਰੇ ਜਾਣਕਾਰੀ ਦਿੰਦੇ ਸਮੇਂ ਇਨ੍ਹਾਂ ਨੂੰ ਜਥੇ ਨਾਲ ਭੇਜਣ ਦੀ ਸਿਫਾਰਸ਼ ਕੀਤੀ ਸੀ।

ਕਿਸੇ ਸਮੇਂ ਪਿੰਡ ਟਿੱਬਾ 'ਚ ਬਿਊਟੀ ਪਾਰਲਰ ਦੀ ਦੁਕਾਨ ਚਲਾਉਣ ਵਾਲੀ ਸਰਬਜੀਤ ਕੌਰ ਦਾ ਇਸੇ ਪਿੰਡ 'ਚ ਵੀ ਵਿਵਾਦ ਰਿਹਾ ਹੈ।

## ਮੁੱਖ ਮੰਤਰੀ ਵਲੋਂ ਸ਼ਹੀਦ ਸਰਾਭਾ ਦੇ ਜੱਦੀ ਪਿੰਡ ਲਈ 45.84 ਕਰੋੜ ਦੇ ਪ੍ਰਾਜੈਕਟਾਂ ਦਾ ਐਲਾਨ

**ਪੱਖੋਵਾਲ-ਸਰਾਭਾ:** ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਦੇ ਜੱਦੀ ਪਿੰਡ ਸਰਾਭਾ ਵਿਖੇ ਰਾਜ ਪੱਧਰੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ ਨੇ ਦੇਸ਼ ਦੇ ਮਹਾਨ ਨਾਇਕ, ਆਜ਼ਾਦੀ ਘੁਲਾਟੀਏ ਅਤੇ ਪੱਤਰਕਾਰਿਤਾ ਦੇ ਰਾਹ ਦਸੇਰਾ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੱਦੀ ਘਰ ਪਹੁੰਚ ਕੇ ਸ਼ਹੀਦ ਸਰਾਭਾ ਦੇ ਬੁੱਤ 'ਤੇ ਸ਼ਰਧਾ ਦੇ ਫੁੱਲ ਭੇਟ ਕੀਤੇ। ਮੁੱਖ ਮੰਤਰੀ ਨੇ ਸੰਬੋਧਨ ਕਰਦਿਆਂ ਕਿਹਾ ਕਿ ਦੇਸ਼ ਭਗਤਾਂ ਵਲੋਂ ਆਪਣੀਆਂ ਕੀਮਤੀ ਜਾਨਾਂ ਵਾਰਕੇ ਲਈ ਆਜ਼ਾਦੀ ਸਦਕਾ ਹੀ ਅੱਜ ਦੇਸ਼ ਵਾਸੀ ਆਜ਼ਾਦੀ ਦਾ ਨਿੱਘ ਮਾਣ ਰਹੇ ਹਨ, ਇਸ ਲਈ ਸਾਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ ਉਤਸ਼ਾਹ ਨਾਲ ਮਨਾਉਣੇ ਚਾਹੀਦੇ ਹਨ ਤਾਂ ਜੋ ਨੌਜਵਾਨ ਪੀੜ੍ਹੀ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਸਕੇ ਅਤੇ ਉਹ ਦੇਸ਼ ਦੀ ਸੇਵਾ ਕਰ ਸਕਣ। ਉਨ੍ਹਾਂ ਕਿਹਾ ਕਿ ਇਸ ਮਹਾਨ ਸ਼ਹੀਦ ਨੇ ਦੇਸ਼ ਨੂੰ ਵਿਦੇਸ਼ੀ ਸਾਮਰਾਜਵਾਦ ਦੇ ਚੁੰਗਲ ਤੋਂ ਮੁਕਤ ਕਰਵਾਉਣ ਲਈ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਕਿਹਾ ਕਿ ਗ਼ਦਰ ਪਾਰਟੀ ਦੇ ਸਰਗਰਮ ਆਗੂ ਵਜੋਂ ਸ਼ਹੀਦ ਸਰਾਭਾ ਨੇ ਪਹਿਲਾਂ ਵਿਦੇਸ਼ਾਂ 'ਚ ਅਤੇ ਫਿਰ ਦੇਸ਼ ਦੀ ਆਜ਼ਾਦੀ ਲਈ ਅਣਥੱਕ ਘਾਲਣਾ ਘਾਲੀ । ਇਸ ਤੋਂ ਬਾਅਦ ਮੁੱਖ ਮੰਤਰੀ ਨੇ ਸਪੋਰਟਸ ਕਲੱਬ ਸਰਾਭਾ ਵਲੋਂ ਕਰਵਾਏ ਜਾ ਰਹੇ ਗੋਲਡ ਕੱਪ ਖੇਡ ਮੇਲੇ 'ਚ ਸ਼ਿਰਕਤ ਕੀਤੀ। ਉਨ੍ਹਾਂ ਖਿਡਾਰੀਆਂ ਨੂੰ ਆਸ਼ੀਰਵਾਦ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਨੂੰ ਖੇਡਾਂ 'ਚ ਮੋਹਰੀ ਬਣਾਉਣ ਲਈ ਖੇਡਾਂ ਵਤਨ ਪੰਜਾਬ ਦੀਆਂ ਜਿਹੇ ਵੱਡੇ ਉਪਰਾਲੇ ਕਰ ਰਹੀ ਹੈ, ਉੱਥੇ ਹੀ ਪਿੰਡ-ਪਿੰਡ ਵਧੀਆ ਖੇਡ ਮੈਦਾਨ ਵੀ ਤਿਆਰ ਕਰਵਾਕੇ ਕੋਚ ਵੀ ਮੁਹੱਈਆ ਕਰਵਾਉਣ ਜਾ ਰਹੀ ਹੈ ਤਾਂ ਜੋ ਪਿੰਡਾਂ 'ਚੋਂ ਨਵੇਂ ਅੰਤਰਰਾਸ਼ਟਰੀ ਖਿਡਾਰੀ ਪੈਦਾ ਕੀਤੇ ਜਾ ਸਕਣ।ਇਸ ਮੌਕੇ ਉਨ੍ਹਾਂ ਫੁੱਟਬਾਲ ਦੇ ਫਾਈਨਲ ਮੈਚ ਦਾ ਆਨੰਦ ਵੀ ਮਾਣਿਆ। ਇਸ ਮੌਕੇ ਉਨ੍ਹਾਂ ਸ਼ਹੀਦ ਦੇ ਜੱਦੀ ਪਿੰਡ ਸਰਾਭਾ ਲਈ 45.84 ਕਰੋੜ ਰੁਪਏ ਦੇ ਵੱਖ-ਵੱਖ ਵਿਕਾਸ ਪ੍ਰਾਜੈਕਟਾਂ ਦਾ ਐਲਾਨ ਕੀਤਾ।



ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਮਹਾਨ ਸ਼ਹੀਦ ਦੇ ਜੱਦੀ ਪਿੰਡ ਨੂੰ ਮਾਡਲ ਪਿੰਡ ਵਜੋਂ ਵਿਕਸਿਤ ਕਰਨ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ। ਮੁੱਖ ਮੰਤਰੀ ਵਲੋਂ ਐਲਾਨੇ ਗਏ 45.84 ਕਰੋੜ ਰੁਪਏ ਦੇ ਵਿਕਾਸ ਪ੍ਰਾਜੈਕਟਾਂ 'ਚ ਪਿੰਡ ਲਲਤੋਂ ਕਲਾਂ ਤੋਂ ਸਰਾਭਾ ਰਾਹੀਂ ਰਾਏਕੋਟ ਅਤੇ ਹਲਵਾਰਾ ਤੱਕ ਮੌਜੂਦਾ ਦੋ-ਮਾਰਗੀ ਤੋਂ ਚਾਰ-ਮਾਰਗੀ ਸੜਕ ਨੂੰ ਚੌੜਾ ਕਰਨ ਲਈ 40 ਕਰੋੜ ਰੁਪਏ ਦੀ ਲਾਗਤ ਆਵੇਗੀ। ਇਹ ਸੜਕ ਹਲਵਾਰਾ ਹਵਾਈ ਅੱਡੇ ਤੱਕ ਜਾਏਗੀ। ਇਸੇ ਤਰ੍ਹਾਂ 5 ਕਰੋੜ 84 ਲੱਖ ਰੁਪਏ ਦੀ ਲਾਗਤ ਨਾਲ ਪਿੰਡ 'ਚ ਵੱਖ-ਵੱਖ ਪ੍ਰਾਜੈਕਟਾਂ ਦਾ ਐਲਾਨ ਕੀਤਾ। ਅੰਤ 'ਚ ਮੁੱਖ ਮੰਤਰੀ ਨੂੰ ਸਨਮਾਨ ਚਿੰਨ੍ਹ ਚੇਅਰਮੈਨ ਰਾਜਵੀਰ ਸਿੰਘ ਗਰੇਵਾਲ, ਪ੍ਰਧਾਨ ਸੁਖਵਿੰਦਰ ਸਿੰਘ ਗਰੇਵਾਲ, ਦਵਿੰਦਰ ਸਿੰਘ ਨੇ ਭੇਟ ਕੀਤਾ। ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ, ਹਲਕਾ ਇੰਚਾਰਜ ਕੇ.ਐੱਨ.ਐੱਸ. ਕੰਗ, ਇਕਬਾਲ ਸਿੰਘ ਘੋਲਾ, ਚੇਅਰਮੈਨ ਜਤਿੰਦਰ ਸਿੰਘ, ਕਰਮਜੀਤ ਸਿੰਘ ਪਿੰਕੀ, ਜਸਵਿੰਦਰ ਸਿੰਘ ਰਾਣਾ, ਕੁਲਦੀਪ ਸਿੰਘ ਗਰੇਵਾਲ, ਹਰਪ੍ਰੀਤ ਸਿੰਘ, ਕੁਲਵੰਤ ਸਿੰਘ ਧਾਲੀਵਾਲ, ਅਮਰ ਸਿੰਘ ਆਦਿ ਹਾਜ਼ਰ ਸਨ।

## ਪੰਜਾਬ ਬਣਦਾ ਜਾ ਰਿਹਾ ਅਪਰਾਧੀਆਂ ਦੀ ਪਨਾਹਗਾਹ: ਤਰੁਣ ਚੁੱਘ

ਆਰ.ਐਸ.ਐਸ.ਕਾਰਕੁਨ ਨਵੀਨ ਅਰੋੜਾ ਦੀ ਹੱਤਿਆ ਨੂੰ ਲੈ ਕੇ ਭਾਜਪਾ ਦੇ ਕੌਮੀ ਜਨਰਲ ਸਕੱਤਰ ਤਰੁਣ ਚੁੱਘ ਨੇ ਵੀ ਸੂਬੇ ਦੀ ਕਾਨੂੰਨ- ਵਿਵਸਥਾ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਪੰਜਾਬ 'ਚ ਅਪਰਾਧੀਆਂ ਦੇ ਹੌਸਲੇ ਬੁਲੰਦ ਹੋ ਚੁੱਕੇ ਹਨ। ਇਹ ਵਾਰਦਾਤ ਸਪੱਸ਼ਟ ਕਰਦੀ ਹੈ ਕਿ ਸੂਬੇ 'ਚ



ਕਾਨੂੰਨ-ਵਿਵਸਥਾ ਲਗਭਗ ਖ਼ਤਮ ਹੋ ਚੁੱਕੀ ਹੈ ਅਤੇ ਸਰਕਾਰ ਇਸ ਪੂਰੀ ਤਰ੍ਹਾਂ ਬੇਕਾਬੂ ਹੋ ਰਹੀ ਅਰਾਜਕਤਾ ਨੂੰ ਕਾਬੂ ਕਰਨ ਵਿਚ ਅਸਮਰਥ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅਪਰਾਧੀਆਂ ਦੀ ਪਨਾਹਗਾਹ ਬਣਦਾ ਜਾ ਰਿਹਾ ਹੈ ਅਤੇ ਸਰਕਾਰ ਤੋਂ ਮੰਗ ਕੀਤੀ ਕਿ ਕਾਤਲਾਂ ਦੀ ਤੁਰੰਤ ਗ੍ਰਿਫ਼ਤਾਰੀ ਕੀਤੀ ਜਾਏ।

## ਜਯੰਤ ਚੌਧਰੀ ਬਿਨਾਂ ਮੁਕਾਬਲਾ ਆਰ. ਐਲ. ਡੀ.ਦੇ ਮੁਖੀ ਚੁਣੇ ਗਏ



ਮਥੁਰਾ/ਲਖਨਊ: ਕੇਂਦਰੀ ਮੰਤਰੀ ਜਯੰਤ ਚੌਧਰੀ ਨੂੰ ਐਤਵਾਰ ਨੂੰ ਮਥੁਰਾ 'ਚ ਕਰਵਾਏ ਇਕ ਸੰਮੇਲਨ 'ਚ ਰਾਸ਼ਟਰੀ ਲੋਕ ਦਲ ਦੇ ਰਾਸ਼ਟਰੀ ਪ੍ਰਧਾਨ ਬਿਨਾਂ ਮੁਕਾਬਲਾ ਚੁਣ ਲਿਆ ਗਿਆ।ਇਸ ਮੌਕੇ ਚੌਧਰੀ ਨੇ ਜ਼ੋਰ ਦੇ ਕੇ ਕਿਹਾ ਕਿ ਅਸੀਂ ਰਾਸ਼ਟਰੀ ਲੋਕਤੰਤਰੀ ਗੱਠਜੋੜ (ਐਨ.ਡੀ.ਏ.) ਨਾਲ ਮਜ਼ਬੂਤੀ ਨਾਲ ਖੜ੍ਹੇ ਹਾਂ। ਪ੍ਰਧਾਨ ਮੰਤਰੀ ਨੇ ਮੈਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਹੈ। ਵਿਰੋਧੀ ਧਿਰ 'ਤੇ ਨਿਸ਼ਾਨਾ ਕੱਸਦੇ ਹੋਏ ਉਨ੍ਹਾਂ ਕਿਹਾ ਕਿ ਅੱਜ ਉਨ੍ਹਾਂ ਦਾ ਇਕ ਪਰਿਵਾਰ ਹੈ, ਪਰ ਕੋਈ ਨੇਤਾ ਜਾਂ ਨੀਤੀਆਂ ਨਹੀਂ ਹਨ, ਇਸ ਲਈ, ਉਹ ਅਸਫਲ ਹੋ ਰਹੇ ਹਨ। ਜਯੰਤ ਚੌਧਰੀ ਨੇ ਪਾਰਟੀ ਵਰਕਰਾਂ ਨੂੰ ਸਾਬਕਾ ਪ੍ਰਧਾਨ ਮੰਤਰੀ, ਕਿਸਾਨ ਨੇਤਾ ਅਤੇ ਉਨ੍ਹਾਂ ਦੇ ਦਾਦਾ, ਚੌਧਰੀ ਚਰਨ ਸਿੰਘ ਦੀਆਂ ਨੀਤੀਆਂ ਨੂੰ ਅੱਗੇ ਵਧਾਉਣ ਦੀ ਅਪੀਲ ਕੀਤੀ, ਉਨ੍ਹਾਂ ਕਿਹਾ ਕਿ ਉਨ੍ਹਾਂ ਦੀ 125ਵੀਂ ਜਯੰਤੀ ਦੇਸ਼ ਭਰ 'ਚ ਮਨਾਈ ਜਾਵੇਗੀ, ਜਿਸ ਦੌਰਾਨ 1.25 ਕਰੋੜ ਪੌਦੇ ਲਗਾਏ ਜਾਣਗੇ।

# ਐਨ.ਆਈ.ਏ. ਵਲੋਂ ਦਿੱਲੀ ਧਮਾਕੇ 'ਚ ਵਰਤੀ ਕਾਰ ਦਾ ਪ੍ਰਬੰਧ ਕਰਨ ਵਾਲਾ ਗ੍ਰਿਫ਼ਤਾਰ

## -ਡਾ. ਉਮਰ ਨਬੀ ਨਾਲ ਮਿਲ ਕੇ ਰਚੀ ਸੀ ਸਾਜਿਸ਼

**ਨਵੀਂ ਦਿੱਲੀ:** ਲਾਲ ਕਿਲ੍ਹਾ ਧਮਾਕੇ ਦੇ ਮਾਮਲੇ 'ਚ ਆਪਣੀ ਪਹਿਲੀ ਗ੍ਰਿਫ਼ਤਾਰੀ 'ਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ.) ਨੇ ਡਾ. ਉਮਰ ਨਬੀ ਦੇ ਕਸ਼ਮੀਰ ਅਧਾਰਿਤ ਸਹਾਇਕ ਨੂੰ ਆਪਣੀ ਹਿਰਾਸਤ 'ਚ ਲੈ ਲਿਆ ਹੈ, ਜਿਸ 'ਤੇ ਦੋਸ਼ ਹੈ ਕਿ ਉਸ ਨੇ ਡਾ. ਉਮਰ ਨਾਲ ਮਿਲ ਕੇ ਅੱਤਵਾਦੀ ਹਮਲੇ ਦੀ ਸਾਜ਼ਿਸ਼ ਰਚੀ ਸੀ। ਦੂਜੇ ਪਾਸੇ, ਉਕਤ ਧਮਾਕੇ, ਜਿਸ 'ਚ 13 ਲੋਕਾਂ ਦੀ ਮੌਤ ਹੋ ਗਈ ਸੀ, ਤੋਂ ਇਕ ਹਫ਼ਤੇ ਬਾਅਦ ਰਾਸ਼ਟਰੀ ਜਾਂਚ ਏਜੰਸੀ ਨੇ ਐਤਵਾਰ ਨੂੰ ਕਿਹਾ ਕਿ ਕਾਰ ਦਾ ਡਰਾਈਵਰ ਡਾ. ਉਮਰ ਨਬੀ ਇਕ ਆਤਮਘਾਤੀ ਹਮਲਾਵਰ ਸੀ। ਏਜੰਸੀ ਨੇ ਕਿਹਾ ਕਿ ਦਿੱਲੀ ਧਮਾਕੇ 'ਚ ਸ਼ਾਮਿਲ ਹੁੰਡਈ ਆਈ-20 ਕਾਰ ਗ੍ਰਿਫ਼ਤਾਰ ਕੀਤੇ ਗਏ ਆਮਿਰ ਰਾਸ਼ਿਦ ਅਲੀ ਦੇ ਨਾਂਅ 'ਤੇ ਰਜਿਸਟਰ ਸੀ। ਅਲੀ ਨੂੰ ਜੰਮੂ- ਕਸ਼ਮੀਰ ਪੁਲਿਸ ਨੇ ਧਮਾਕੇ ਤੋਂ ਕੁਝ ਘੰਟੇ ਬਾਅਦ ਪੰਪੋਰ 'ਚ ਉਸ ਦੇ ਘਰ ਤੋਂ ਗ੍ਰਿਫ਼ਤਾਰ ਕੀਤਾ ਸੀ। ਉਸ ਨੂੰ ਐਨ.ਆਈ.ਏ. ਵਲੋਂ ਦਿੱਲੀ (ਜਿਥੇ ਉਸ ਨੂੰ ਪੁੱਛਗਿੱਛ ਲਈ ਲਿਆਂਦਾ ਗਿਆ ਸੀ) ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ, ਜਿਸ ਨੇ ਦਿੱਲੀ ਪੁਲਿਸ ਤੋਂ ਕੇਸ ਆਪਣੇ ਕਬਜ਼ੇ 'ਚ ਲੈਣ ਤੋਂ ਬਾਅਦ ਇਕ ਵਿਸ਼ਾਲ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਹੈ। ਐਨ.ਆਈ.ਏ. ਨੂੰ ਜਾਂਚ ਤੋਂ ਪਤਾ ਲੱਗਾ ਹੈ ਕਿ ਆਮਿਰ ਰਾਸ਼ਿਦ ਅਲੀ ਉਸ ਕਾਰ ਦੀ ਖਰੀਦਦਾਰੀ ਦੀ ਸਹੂਲਤ ਲਈ ਦਿੱਲੀ ਆਇਆ ਸੀ, ਜਿਸ ਦੀ ਵਰਤੋਂ 'ਇੰਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ' (ਆਈ.ਈ.ਡੀ.) ਵਜੋਂ ਕੀਤੀ ਗਈ ਸੀ। ਐਨ.ਆਈ.ਏ. ਨੇ ਵਾਹਨ ਚਾਲਕ ਕਥਿਤ ਹਮਲਾਵਰ ਡਰਾਈਵਰ ਦੀ ਫੋਰੈਂਸਿਕ ਤੌਰ 'ਤੇ ਪਛਾਣ ਸਥਾਪਤ ਕਰ ਲਈ ਹੈ, ਜਿਸ ਨੂੰ ਫਰੀਦਾਬਾਦ ਸਥਿਤ ਅਲ ਫਲਾਹ ਯੂਨੀਵਰਸਿਟੀ ਦਾ ਜਨਰਲ ਮੈਡੀਸਨ ਵਿਭਾਗ ਦਾ ਸਹਾਇਕ ਪ੍ਰੋਫੈਸਰ ਤੇ ਕਸ਼ਮੀਰ ਦੇ ਪੁਲਵਾਮਾ ਦਾ ਰਹਿਣ ਵਾਲਾ ਡਾ. ਉਮਰ ਉਨ ਨਬੀ ਚਲਾ ਰਿਹਾ ਸੀ। ਅੱਤਵਾਦ ਵਿਰੋਧੀ ਏਜੰਸੀ ਨੇ ਡਾ. ਨਬੀ ਨਾਲ ਸੰਬੰਧਿਤ ਇਕ ਹੋਰ ਵਾਹਨ ਵੀ ਜ਼ਬਤ ਕੀਤਾ ਹੈ। ਇਸ ਮਾਮਲੇ 'ਚ ਐਨ.ਆਈ.ਏ. ਨੇ ਹੁਣ ਤੱਕ 73। ਗਵਾਹਾਂ ਤੋਂ ਪੁੱਛਗਿੱਛ ਕੀਤੀ ਹੈ, ਜਿਨ੍ਹਾਂ 'ਚ ਧਮਾਕੇ 'ਚ ਜ਼ਖ਼ਮੀ ਹੋਏ ਲੋਕ ਵੀ ਸ਼ਾਮਿਲ ਹਨ। ਦਿੱਲੀ ਪੁਲਿਸ ਵਿਚਲੇ ਸੂਤਰਾਂ ਨੇ ਲਾਲ ਕਿਲ੍ਹੇ ਨੇੜੇ ਕਾਰ, 14 ਕਾਰਤੂਸ, ਜਿਨ੍ਹਾਂ 'ਚ ਦੋ ਜ਼ਿੰਦਾ ਤੇ ਇਕ ਖਾਲੀ ਸੀ, ਮਿਲਣ ਦੀ ਪੁਸ਼ਟੀ ਕੀਤੀ ਹੈ। ਸੂਤਰਾਂ ਨੇ ਕਿਹਾ ਕਿ 9 ਐਮ.ਐਮ. ਕੈਲੀਬਰ ਦੇ ਇਹ ਕਾਰਤੂਸ ਅਜਿਹੇ ਹਥਿਆਰ ਦੇ ਹਨ,ਜੋ ਕੋਈ ਆਮ ਨਾਗਰਿਕ ਨਹੀਂ ਰੱਖ ਸਕਦਾ।






ਇਹ ਕਾਰਤੂਸ ਆਮ ਕਰਕੇ ਹਥਿਆਰਬੰਦ ਬਲਾਂ ਜਾਂ ਵਿਸ਼ੇਸ਼ ਇਜਾਜ਼ਤ ਵਾਲੇ ਲੋਕਾਂ ਕੋਲ ਹੀ ਹੁੰਦੇ ਹਨ। ਇਕ ਸੀਨੀਅਰ ਅਧਿਕਾਰੀ ਨੇ ਕਿਹਾ ਕਿ ਕਾਰਤੂਸ ਬਰਾਮਦ ਹੋਣ ਦੇ ਬਾਵਜੂਦ, ਘਟਨਾ ਸਥਾਨ ਤੋਂ ਕੋਈ ਵੀ ਪਿਸਤੌਲ ਜਾਂ ਇਸ ਦਾ ਕੋਈ ਵੀ ਹਿੱਸਾ ਨਹੀਂ ਮਿਲਿਆ। ਪੁਲਿਸ ਨੇ ਕਿਹਾ ਕਿ ਇਹ ਕਾਰਤੂਸ ਆਮ ਤੌਰ 'ਤੇ ਸਿਰਫ ਹਥਿਆਰਬੰਦ ਬਲਾਂ ਜਾਂ ਵਿਸ਼ੇਸ਼ ਇਜਾਜ਼ਤ ਵਾਲੇ ਲੋਕਾਂ ਕੋਲ ਹੁੰਦੇ ਹਨ।ਐਨ.ਆਈ.ਏ. ਨੇ ਵੱਖਰੇ ਤੌਰ 'ਤੇ ਪੱਛਮੀ ਬੰਗਾਲ ਦੇ ਉੱਤਰ ਦਿਨਾਜਪੁਰ ਜ਼ਿਲ੍ਹੇ ਦੇ ਦਾਲਕੋਲਾ ਇਲਾਕੇ ਦੇ ਨਿਵਾਸੀ ਡਾ. ਜਾਨਿਸਾਰ ਆਲਮ ਨੂੰ ਹਿਰਾਸਤ 'ਚ ਲਿਆ ਹੈ। ਇਸ ਮਾਮਲੇ 'ਚ ਹਰਿਆਣਾ ਦੇ ਇਕ ਟੈਕਸੀ ਚਾਲਕ ਨੂੰ ਵੀ ਹਿਰਾਸਤ 'ਚ ਲਿਆ ਗਿਆ ਹੈ। ਜਾਂਚ ਸੂਤਰਾਂ ਅਨੁਸਾਰ ਮੁੱਖ ਸ਼ੱਕੀ ਡਾਕਟਰ ਉਮਰ ਨਬੀ ਦਿੱਲੀ ਬੰਬ ਧਮਾਕੇ ਤੋਂ ਠੀਕ ਪਹਿਲਾਂ ਨੂਹ ਦੀ ਹਿਦਾਇਤ ਕਾਲੋਨੀ 'ਚ ਇਕ ਕਿਰਾਏ ਦੇ ਮਕਾਨ 'ਚ ਰੁਕਿਆ ਸੀ।

ਪੁਲਿਸ ਸੂਤਰਾਂ ਅਨੁਸਾਰ 10 ਨਵੰਬਰ ਨੂੰ ਡਾ. ਉਮਰ ਆਪਣੀ ਆਈ-20 ਕਾਰ 'ਚ ਧਮਾਕਾਖੇਜ਼ ਸਮਗਰੀ ਲੈ ਕੇ ਇਸ ਕਿਰਾਏ ਦੇ ਮਕਾਨ ਤੋਂ ਨਿਕਲਿਆ ਸੀ। ਦੱਸਿਆ ਜਾ ਰਿਹਾ ਹੈ ਕਿ ਇਹ ਘਰ ਯੂਨੀਵਰਸਿਟੀ ਦੇ ਇਲੈਕਟ੍ਰੀਸ਼ਨ ਸ਼ੋਇਬ ਦੀ ਸਾਲੀ ਦਾ ਹੈ, ਜੋ ਪਹਿਲਾਂ ਤੋਂ ਹੀ ਪੁਲਿਸ ਹਿਰਾਸਤ 'ਚ ਹੈ। ਇਸ ਨਾਲ ਸੰਬੰਧਿਤ ਇਕ ਘਟਨਾਕ੍ਰਮ 'ਚ ਡਾ. ਅਦੀਲ ਦੀ ਰਿਹਾਇਸ਼ ਤੋਂ 14 ਮੋਬਾਈਲ ਫੋਨ ਬਰਾਮਦ ਹੋਣ ਤੋਂ ਬਾਅਦ ਇਕ ਵੱਡੀ ਜਾਂਚ ਸ਼ੁਰੂ ਕੀਤੀ ਗਈ ਹੈ। ਇਨ੍ਹਾਂ ਉਪਕਰਣਾਂ 'ਚ ਸਪੱਸ਼ਟ ਤਸਵੀਰਾਂ, ਵੀਡੀਓ ਕਾਲ ਅਤੇ ਕਸ਼ਮੀਰ ਦੀਆਂ ਕਈ ਔਰਤਾਂ ਨਾਲ ਦੇਰ ਰਾਤ ਦੀ ਇਨਕ੍ਰਿਪਟਿਡ ਗੱਲਬਾਤ ਦੇ ਰਿਕਾਰਡ ਸਨ, ਜੋ ਸੇਸ਼ਨ ਅਤੇ ਵਟਸਐਪ ਵਰਗੇ ਐਪਸ ਦੇ ਜ਼ਰੀਏ ਕੀਤੀਆਂ ਗਈਆਂ ਸਨ।

## ਡਾ. ਉਮਰ ਪਿਛਲੇ ਸਾਲ ਤੋਂ ਆਤਮਘਾਤੀ ਹਮਲਾਵਰ ਦੀ ਕਰ ਰਿਹਾ ਸੀ ਤਲਾਸ਼

**ਨਵੀਂ ਦਿੱਲੀ/ਸ੍ਰੀਨਗਰ:** ਲਾਲ ਕਿਲ੍ਹੇ ਧਮਾਕੇ 'ਚ ਸ਼ਾਮਿਲ ਡਾ. ਉਮਰ ਨਬੀ ਪਿਛਲੇ ਸਾਲ ਤੋਂ ਆਤਮਘਾਤੀ ਹਮਲਾਵਰ ਤਲਾਸ਼ ਕਰ ਰਿਹਾ ਸੀ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਗ੍ਰਿਫਤਾਰ ਸਹਿ-ਦੋਸ਼ੀ ਕੋਲੋਂ ਪੁੱਛਗਿੱਛ ਦੌਰਾਨ ਪਤਾ ਲੱਗਾ ਹੈ ਕਿ ਡਾ. ਉਮਰ ਨੇ ਜ਼ੋਰ ਦੇ ਕੇ ਕਿਹਾ ਸੀ ਕਿ ਉਸ ਦੇ ਕਾਰਜਾਂ ਲਈ ਇਕ ਆਤਮਘਾਤੀ ਹਮਲਾਵਰ ਜ਼ਰੂਰੀ ਸੀ। ਸ੍ਰੀਨਗਰ ਪੁਲਿਸ ਨੇ ਦੱਖਣੀ ਕਸ਼ਮੀਰ ਦੇ ਕਾਜ਼ੀਗੁੰਡ 'ਚ ਡਾ. ਅਦੀਲ ਰਾਥਰ ਅਤੇ ਡਾ. ਮੁਜ਼ੱਫਰ ਗਨਾਈ ਸਮੇਤ ਸਹਿ-ਦੋਸ਼ੀਆਂ ਦੀ ਪੁੱਛਗਿੱਛ ਦੇ ਆਧਾਰ 'ਤੇ ਰਾਜਨੀਤੀ ਸ਼ਾਸਤਰ ਦੇ ਗ੍ਰੈਜੂਏਟ ਜਸੀਰ ਉਰਫ਼ 'ਦਾਨਿਸ਼' ਨੂੰ ਹਿਰਾਸਤ 'ਚ ਲਿਆ ਹੈ। ਹਿਰਾਸਤ 'ਚ ਲਏ ਗਏ ਵਿਅਕਤੀ ਨੇ ਪਿਛਲੇ ਸਾਲ ਅਕਤੂਬਰ 'ਚ ਕੁਲਗਾਮ ਦੀ ਇਕ ਮਸਜਿਦ 'ਚ 'ਡਾਕਟਰ ਮਾਡਿਊਲ' ਨਾਲ ਮਿਲਣ ਦੀ ਗੱਲ ਕਬੂਲ ਕੀਤੀ ਹੈ।



## ਮਹਿਲਾ ਡਾਕਟਰ ਦੇ ਅਨੰਤਨਾਗ ਵਿਚਲੇ ਘਰ ਤੇ ਛਾਪਾ

ਸ੍ਰੀਨਗਰ:ਕਾਊਂਟਰ ਇੰਟੈਲੀਜੈਂਸ ਕਸ਼ਮੀਰ ਨੇ 'ਵਾਈਟ ਕਾਲਰ ਦਹਿਸ਼ਤੀ ਮਡਿਊਲ' ਦੇ ਸੰਬੰਧ 'ਚ ਐਤਵਾਰ ਨੂੰ ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ 'ਚ ਇਕ ਡਾਕਟਰ ਦੀ ਰਿਹਾਇਸ਼ 'ਤੇ ਛਾਪਾ ਮਾਰ ਕੇ ਤਲਾਸ਼ੀ ਲਈ। ਟੀਮ ਨੇ ਫੋਰੈਂਸਿਕ ਜਾਂਚ ਲਈ ਇਕ ਮੋਬਾਈਲ ਕਬਜ਼ੇ 'ਚ ਲਿਆ। ਇਸ ਦੌਰਾਨ ਪੁਲਿਸ ਨੇ ਦਹਿਸ਼ਤੀ ਮਡਿਊਲ ਕੇਸ ਦੇ ਸੰਬੰਧ 'ਚ ਡਰਾਈ ਫਰੂਟ ਵਪਾਰੀ ਬਿਲਾਲ ਅਹਿਮਦ ਵਾਨੀ ਤੇ ਉਸ ਦੇ ਪੁੱਤਰ ਜਾਸੀਰ ਬਿਲਾਲ ਨੂੰ ਪੁੱਛਗਿੱਛ ਲਈ ਹਿਰਾਸਤ 'ਚ ਲੈ ਲਿਆ। ਅਧਿਕਾਰੀਆਂ ਅਨੁਸਾਰ ਬਿਲਾਲ ਨੇ ਕਾਜ਼ੀਕੁੰਡ ਇਲਾਕੇ 'ਚ ਖੁਦ ਨੂੰ ਅੱਗ ਲਾਉਣ ਦੀ ਕੋਸ਼ਿਸ਼ ਕੀਤੀ। ਬਿਲਾਲ ਅਹਿਮਦ ਨੂੰ ਇਲਾਜ ਲਈ ਜੀ.ਐਮ.ਸੀ. ਲਿਜਾਇਆ ਗਿਆ, ਜਿਥੇ ਉਸ ਦੀ ਹਾਲਤ ਹੁਣ ਸਥਿਰ ਹੈ। ਵਾਨੀ 'ਵਾਈਟ ਕਾਲਰ ਦਹਿਸ਼ਤੀ ਮਡਿਊਲ' ਕੇਸ ਦੇ ਮੁੱਖ ਮੁਲਜ਼ਮ ਡਾ. ਮੁਜ਼ੱਫਰ ਰਾਥਰ ਦਾ ਗੁਆਂਢੀ ਹੈ। ਅਜਿਹਾ ਮੰਨਿਆ ਜਾਂਦਾ ਹੈ ਕਿ ਮੁਜ਼ੱਫਰ ਇਸ ਵੇਲੇ ਅਫ਼ਗਾਨਿਸਤਾਨ 'ਚ ਹੈ।

# ਪ੍ਰਧਾਨ ਮੰਤਰੀ ਧੁਬੜੀ ਸਾਹਿਬ ਜਾਣ 'ਤੇ ਵਿਚਾਰ ਕਰ ਸਕਦੇ ਹਨ: ਤਰਲੋਚਨ ਸਿੰਘ

**ਨਵੀਂ ਦਿੱਲੀ:** ਮਨੁੱਖਤਾ ਦੀ ਖਾਤਰ ਆਪਣਾ ਬਲੀਦਾਨ ਦੇਣ ਵਾਲੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਦੁਨੀਆ ਭਰ ਵਿਚ ਅਲੌਕਿਕ ਨਗਰ ਕੀਰਤਨ ਅਤੇ ਸੈਮੀਨਾਰ ਕਰਵਾਏ ਜਾ ਰਹੇ ਹਨ। ਦੱਸਣਯੋਗ ਹੈ ਕਿ ਧੁਬੜੀ ਸਾਹਿਬ ਸਿੱਖ ਗੁਰੂਆਂ ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਨਾਲ ਜੁੜਿਆ ਹੋਇਆ ਹੈ। ਗੁਰੂ ਨਾਨਕ ਦੇਵ ਜੀ ਨੇ 1505 ਵਿਚ ਇਸ ਸਥਾਨ ਦਾ ਦੌਰਾ ਕੀਤਾ ਸੀ, ਜਿੱਥੇ ਉਨ੍ਹਾਂ ਦੀ ਮੁਲਾਕਾਤ ਸ੍ਰੀਮੰਤ ਸ਼ੰਕਰਦੇਵ ਨਾਲ ਹੋਈ ਸੀ। ਜਦਕਿ ਗੁਰੂ ਤੇਗ ਬਹਾਦਰ ਸਾਹਿਬ ਜੀ 17ਵੀਂ ਸਦੀ ਵਿਚ ਪਟਨਾ ਤੋਂ ਇਸ ਸਥਾਨ 'ਤੇ ਪਹੁੰਚੇ ਸਨ ਅਤੇ ਰਾਜਾ ਅਹੋਮ ਕੋਲ ਠਹਿਰੇ ਸਨ। ਅਹੋਮ ਰਾਜਿਆਂ ਨੇ ਸ਼ਕਤੀਸ਼ਾਲੀ ਮੁਗਲਾਂ ਨੂੰ 17 ਵਾਰ ਹਰਾਇਆ ਸੀ। ਗੁਰੂ ਤੇਗ ਬਹਾਦਰ ਸਾਹਿਬ ਨੇ 17ਵੀਂ ਸਦੀ ਵਿਚ ਇਥੇ ਇਕ ਗੁਰਦੁਆਰਾ ਸਥਾਪਿਤ ਕੀਤਾ ਸੀ ਅਤੇ ਇਸ ਨੂੰ ਇਤਿਹਾਸ ਵਿਚ ਇਕ ਮਹੱਤਵਪੂਰਨ ਤੀਰਥ ਅਸਥਾਨ ਮੰਨਿਆ ਜਾਂਦਾ ਹੈ। ਇਸ ਸਥਾਨ ਦੀ ਇਤਿਹਾਸਕ ਮਹੱਤਤਾ ਨੂੰ ਦੇਖਦੇ ਹੋਏ ਸਾਬਕਾ ਸੰਸਦ ਮੈਂਬਰ ਤਰਲੋਚਨ ਸਿੰਘ ਨੇ ਪ੍ਰਧਾਨ ਮੰਤਰੀ ਨੂੰ ਸੁਝਾਅ ਦਿੱਤਾ ਹੈ ਕਿ ਉਹ ਧੁਬੜੀ 'ਸਾਹਿਬ ਜਾਣ 'ਤੇ ਵਿਚਾਰ ਕਰ ਸਕਦੇ ਹਨ। ਉਨ੍ਹਾਂ ਨੇ ਅਸਾਮ ਦੇ ਮੁੱਖ ਮੰਤਰੀ ਨੂੰ ਵੀ ਸੁਝਾਅ ਦਿੱਤਾ ਹੈ ਕਿ ਉਹ ਉਥੇ ਪੂਰੇ ਉੱਤਰ ਪੂਰਬ ਦੇ ਸਮਾਗਮ ਕਰ ਸਕਦੇ ਹਨ। ਸ. ਤਰਲੋਚਨ ਸਿੰਘ ਨੇ ਸੁਝਾਅ ਦਿੱਤਾ ਹੈ ਕਿ ਪ੍ਰਧਾਨ ਮੰਤਰੀ 25 ਨਵੰਬਰ ਦੀ ਸ਼ੁਰੂਆਤ ਅਸਾਮ ਦੇ ਧੁਬੜੀ ਤੋਂ ਕਰ ਸਕਦੇ ਹਨ।



# ਪੰਜਾਬੀ ਸਾਹਿਤ ਸਭਾ ਨਵੀਂ ਦਿੱਲੀ ਵੱਲੋਂ ਹਰਜੀਤ ਅਟਵਾਲ ਨਾਲ ਸੰਵਾਦ







**ਨਵੀਂ ਦਿੱਲੀ:** ਪੰਜਾਬੀ ਸਾਹਿਤ ਸਭਾ ਵੱਲੋਂ ਪੰਜਾਬੀ ਭਵਨ ਵਿਖੇ 'ਆਓ ਰਲ ਮਜਲਿਸ ਕਰੀਏ' ਮਹੀਨੇਵਾਰ ਪ੍ਰੋਗਰਾਮ ਵਿੱਚ ਇੰਗਲੈਂਡ ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਉੱਘੇ ਪੰਜਾਬੀ ਗਲਪਕਾਰ ਤੇ 'ਸ਼ਬਦ' ਤਿਮਾਹੀ ਰਸਾਲੇ ਦੇ ਮੁੱਖ ਸੰਪਾਦਕ ਹਰਜੀਤ ਅਟਵਾਲ ਨਾਲ ਡਾ. ਵਨੀਤਾ ਵੱਲੋਂ ਸੰਵਾਦ ਰਚਾਇਆ ਗਿਆ।

ਪ੍ਰੋਗਰਾਮ ਦੇ ਸ਼ੁਰੂ ਵਿਚ ਸਭਾ ਦੇ ਡਾਇਰੈਕਟਰ ਕੇਸਰਾ ਰਾਮ ਨੇ ਸਾਰਿਆਂ ਨੂੰ 'ਜੀ ਆਇਆਂ' ਕਹਿੰਦਿਆਂ ਦੱਸਿਆ ਕਿ ਹਰਜੀਤ ਅਟਵਾਲ ਦੇ ਹੁਣ ਤੱਕ ਨੌਂ ਕਹਾਣੀ ਸੰਗ੍ਰਹਿ ਤੇ ਸਤਾਰਾਂ ਨਾਵਲ ਸਮੇਤ ਕੁੱਲ ਪੈਂਤੀ ਕਿਤਾਬਾਂ ਛਪ ਚੁੱਕੀਆਂ ਹਨ। ਇਸ ਉਪਰੰਤ ਸਵਾਲ-ਜਵਾਬ ਦੇ ਸਿਲਸਿਲੇ ਵਿੱਚ ਅਟਵਾਲ ਨੇ ਦੱਸਿਆ ਕਿ ਉਨ੍ਹਾਂ ਦੇ ਨਾਵਲਾਂ ਵਿੱਚ ਚਿਤਰਿਆ ਗਿਆ ਇੰਗਲੈਂਡ ਦਾ ਮਾਹੌਲ ਖੁਦ ਦਾ ਭੋਗਿਆ ਹੋਇਆ ਅਤੇ ਅਨੁਭਵ ਕੀਤਾ ਹੋਇਆ ਹੈ।

ਪ੍ਰੋ. ਰਵੇਲ ਸਿੰਘ ਨੇ ਇੱਕ ਸਵਾਲ ਦੌਰਾਨ ਜੋੜਿਆ ਕਿ ਹਰਜੀਤ ਅਟਵਾਲ ਦੇ ਨਾਵਲਾਂ ਵਿੱਚ ਬਹੁ-ਸੱਭਿਆਚਾਰਵਾਦ ਨੂੰ ਪਹਿਲੀ ਵਾਰ ਵਿਸ਼ਾ ਬਣਾਇਆ ਗਿਆ ਸੀ। ਮਨਧੀਰ ਦਿਓਲ, ਡਾ. ਮਨਜੀਤ ਸਿੰਘ, ਗੁਰਭੇਜ ਸਿੰਘ ਗੁਰਾਇਆ, ਲਵਪ੍ਰੀਤ ਸਿੰਘ, ਸ੍ਰ. ਸੇਖਵਾਂ ਅਤੇ ਮਨੀਸ਼ਾ ਬਤਰਾ ਨੇ ਵੀ ਸਵਾਲ ਪੁੱਛੇ।

ਸਭਾ ਦੀ ਚੇਅਰਪਰਸਨ ਪ੍ਰੋ. ਰੇਣੁਕਾ ਸਿੰਘ ਨੇ ਸਵਾਲ ਪੁੱਛਣ ਤੇ ਨਾਲ-ਨਾਲ ਹਰਜੀਤ ਅਟਵਾਲ ਦਾ ਮਜਲਿਸ ਵਿੱਚ ਸ਼ਾਮਿਲ ਹੋਣ ਲਈ ਧੰਨਵਾਦ ਵੀ ਕੀਤਾ।

ਪ੍ਰੋਗਰਾਮ ਦੇ ਆਖ਼ਿਰ ਵਿੱਚ ਪੰਜਾਬੀ ਦੀਆਂ ਚੋਣਵੀਆਂ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ 'ਤੇ ਅਧਾਰਿਤ 'ਸ਼ਬਦ ਸਪੈਸ਼ਲ ਸਪਲੀਮੈਂਟ' ਅਤੇ ਜਿੰਦਰ ਦੀਆਂ ਚੋਣਵੀਆਂ ਕਹਾਣੀਆਂ ਦੇ ਅੰਗਰੇਜ਼ੀ ਅਨੁਵਾਦ ਦਾ ਸੰਗ੍ਰਹਿ 'ਦਾ ਸਲਿਪਰੀ ਪਾਥ' ਡਾ. ਮਨਮੋਹਨ, ਪ੍ਰੋ. ਰੇਣੁਕਾ ਸਿੰਘ, ਗੁਰਭੇਜ ਸਿੰਘ ਗੁਰਾਇਆ, ਡਾ. ਵਨੀਤਾ, ਹਰਜੀਤ ਅਟਵਾਲ, ਡਾ. ਮਨਜੀਤ ਸਿੰਘ, ਤੇ ਦਿੱਲੀ ਯੂਨੀਵਰਸਿਟੀ ਪੰਜਾਬੀ ਵਿਭਾਗ ਦੇ ਮੁੱਖੀ ਪ੍ਰੋ. ਕੁਲਵੀਰ ਗੋਜਰਾ ਵੱਲੋਂ ਰਿਲੀਜ਼ ਕੀਤਾ ਗਿਆ।

ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਪ੍ਰੋ. ਰਵੇਲ ਸਿੰਘ, ਡਾ. ਜਸਵਿੰਦਰ ਕੌਰ ਬਿੰਦਰਾ, ਡਾ. ਜਗਤਾਰ ਜੀਤ, ਰਾਜਿੰਦਰ ਬਿਆਲਾ, ਨਛੱਤਰ, ਡਾ. ਮਨੀਸ਼ਾ ਬੱਤਰਾ, ਰਵਿੰਦਰ ਰੁਪਾਲ ਕੌਲਗੜ੍ਹ, ਫ਼ਿਲਮਕਾਰ ਤਰਸੇਮ, ਡਾ. ਕੁਲਜੀਤ ਸਿੰਘ, ਜਸਵੰਤ ਸਿੰਘ ਸੇਖਵਾਂ ਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਤੇ ਖੋਜਾਰਥੀ ਹਾਜ਼ਰ ਰਹੇ।

## ਨੌਗਾਮ ਥਾਣੇ 'ਚ ਧਮਾਕਾ ਅੱਤਵਾਦੀ ਹਮਲਾ ਨਹੀਂ, ਹਾਦਸਾ ਸੀ: ਅਧਿਕਾਰੀ

ਸ੍ਰੀਨਗਰ:ਨੌਗਾਮ ਥਾਣੇ 'ਚ ਸ਼ੁੱਕਰਵਾਰ ਦੇਰ ਰਾਤ ਹੋਏ ਧਮਾਕੇ, ਜਿਸ 'ਚ 9 ਲੋਕਾਂ ਦੀ ਮੌਤ ਹੋ ਗਈ ਸੀ, ਦੀ ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਫੋਰੈਂਸਿਕ ਟੀਮ ਵਲੋਂ ਬਹੁਤ ਜ਼ਿਆਦਾ ਰੋਸ਼ਨੀ ਦੀ ਵਰਤੋਂ ਕਾਰਨ ਇਹ ਵੱਡਾ ਧਮਾਕਾ ਹੋਇਆ ਹੋ ਸਕਦਾ ਹੈ। ਅਧਿਕਾਰੀਆਂ ਨੇ ਕਿਹਾ ਕਿ ਇਹ ਧਮਾਕਾ, ਜਿਸ ਨੂੰ ਅਧਿਕਾਰੀਆਂ ਦਾ ਮੰਨਣਾ ਹੈ ਕਿ ਇਹ ਇਕ ਹਾਦਸਾ ਸੀ ਨਾ ਕਿ ਅੱਤਵਾਦੀ ਹਮਲਾ। ਇਹ ਹਮਲਾ ਰਾਤ 11:20 ਵਜੇ ਦੇ ਕਰੀਬ ਉਸ ਸਮੇਂ ਹੋਇਆ ਜਦੋਂ ਇਕ ਟੀਮ ਹਰਿਆਣਾ ਵਾਰ ਦੇ ਫਰੀਦਾਬਾਦ ਸਥਿਤ ਅਲ-ਫਲਾਹ ਯੂਨੀਵਰਸਿਟੀ ਤੋਂ ਲਿਆਂਦੀ ਧਮਾਕਾਖੇਜ਼ ਸਮਗਰੀ ਦੇ ਡੱਬਿਆਂ ਤੋਂ ਨਮੂਨੇ ਕੱਢ ਰਹੀ ਸੀ। ਅਧਿਕਾਰੀਆਂ ਦਾ ਮੰਨਣਾ ਹੈ ਕਿ ਆਖ਼ਰੀ ਕੁਝ ਡੱਬਿਆਂ 'ਚ ਇਕ ਤਰਲ ਪਦਾਰਥ ਸੀ। ਤਰਲ ਪਦਾਰਥ ਦੀ ਨੇੜਿਓਂ ਜਾਂਚ ਕਰਨ ਲਈ, ਰੋਸ਼ਨੀ ਦੀ ਵਿਵਸਥਾ ਨੂੰ ਵਧਾਇਆ ਗਿਆ ਸੀ, ਜਿਸ ਨਾਲ ਵੱਡਾ ਧਮਾਕਾ ਹੋਇਆ। ਅਧਿਕਾਰੀਆਂ ਨੇ ਕਿਹਾ ਕਿ ਰਸਾਇਣਾਂ ਦਾ। ਸੁਮੇਲ, ਤੇਜ਼ ਰੋਸ਼ਨੀ ਕਾਰਨ ਬਾਹਰੀ ਗਰਮੀ ਜਾਂ ਸਲਫਿਊਰਿਕ ਐਸਿਡ ਤੋਂ ਸੰਭਾਵੀ ਧੂੰਆਂ ਧਮਾਕਾ ਹੋਣ ਦਾ ਕਾਰਨ ਬਣਿਆ।



# ਚਿਰਾਗ ਪਾਸਵਾਨ ਨੇ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ

**ਪਟਨਾ:** ਕੇਂਦਰੀ ਮੰਤਰੀ ਚਿਰਾਗ ਪਾਸਵਾਨ ਨੇ ਐਤਵਾਰ ਨੂੰ ਆਪਣੇ ਪਰਿਵਾਰ ਸਮੇਤ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਮੱਥਾ ਟੇਕਿਆ। ਲੋਜਪਾ (ਰਾਮ ਵਿਲਾਸ) ਦੇ ਮੁਖੀ ਪਾਸਵਾਨ ਸਿਰ 'ਤੇ ਸੰਤਰੀ ਪੱਗ ਬੰਨ੍ਹ ਕੇ ਗੁਰਦੁਆਰਾ ਸਾਹਿਬ ਪੁੱਜੇ। ਉਨ੍ਹਾਂ ਨੇ ਗੁਰਦੁਆਰੇ ਦੇ ਦਰਬਾਰ ਸਾਹਿਬ 'ਚ ਮੱਥਾ ਟੇਕਿਆ ਅਤੇ ਲੰਗਰ 'ਚ ਪ੍ਰਸ਼ਾਦ ਛਕਿਆ। ਉਨ੍ਹਾਂ ਨੇ ਐਕਸ 'ਤੇ ਪੋਸਟ ਕੀਤਾ ਕਿ ਉਹ ਆਪਣੇ ਪਰਿਵਾਰ ਨਾਲ ਪਟਨਾ ਸਾਹਿਬ 'ਚ ਤਖ਼ਤ ਸ੍ਰੀ ਹਰਿਮੰਦਰ ਜੀ ਵਿਖੇ ਮੱਥਾ ਟੇਕਣ ਤੇ ਅਰਦਾਸ ਕਰਨ ਲਈ ਗਏ। ਉਨ੍ਹਾਂ ਬਿਹਾਰ 'ਚ ਸਾਰਿਆਂ ਦੀ ਸ਼ਾਂਤੀ, ਖੁਸ਼ਹਾਲੀ ਅਤੇ ਭਲਾਈ ਲਈ ਗੁਰੂ ਮਹਾਰਾਜ ਨੂੰ ਪ੍ਰਾਰਥਨਾ ਕੀਤੀ।



**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

## ਚੰਡੀਗੜ੍ਹ, ਪੀ. ਯੂ. ਅਤੇ ਦਰਿਆਈ...

(ਪਹਿਲੇ ਸਫ਼ੇ ਦਾ ਬਾਕੀ)

ਪੰਜਾਬ ਤੇ ਹਰਿਆਣਾ ਦੇ ਉੱਤਰਾਧਿਕਾਰੀ ਸੂਬਿਆਂ ਨਾਲ ਸੰਬਧਤ ਹੈ। ਮੁੱਖ ਮੰਤਰੀ ਨੇ ਪੰਜਾਬ 'ਚ ਭਾਖੜਾ ਤੇ ਪੌਂਗ ਡੈਮਾਂ ਦੀਆਂ ਪੁਰੀਆਂ ਜਲਗਾਹਾਂ ਦੇ ਪੱਧਰ (ਐੱਫਆਰਐੱਲ) ਨੂੰ ਵਧਾਉਣ ਦੀ ਤਜਵੀਜ਼ ਦਾ ਵੀ ਸਖ਼ਤ ਵਿਰੋਧ ਕੀਤਾ। ਉਨ੍ਹਾਂ ਕਿਹਾ ਕਿ 1988 ਦੇ ਭਿਆਨਕ ਹੜ੍ਹ ਮਗਰੋਂ ਪੰਜਾਬ 'ਚ ਜਾਨ ਤੇ ਮਾਲ ਦੀ ਰੱਖਿਆ ਲਈ ਐੱਫਆਰਐੱਲ ਨੂੰ ਘੱਟ ਕੀਤਾ ਗਿਆ ਸੀ। ਉਨ੍ਹਾਂ ਨੇ 2019, 2023 ਤੇ 2025 ਦੇ ਹੜ੍ਹਾਂ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਮੌਜੂਦਾ ਐੱਫਆਰਐੱਲ ਨੂੰ ਬਣਾਈ ਰੱਖਣਾ ਸਹੀ ਹੈ। ਮੁੱਖ ਮੰਤਰੀ ਨੇ ਐੱਸਵਾਈਐੱਲ ਨਹਿਰ ਦੇ ਏਜੰਡੇ ਦਾ ਵੀ ਵਿਰੋਧ ਕਰਦੇ ਹੋਏ ਕਿਹਾ ਕਿ ਇਹ ਮਾਮਲਾ ਰਾਵੀ-ਬਿਆਸ ਟ੍ਰਿਬਿਊਨਲ ਕੋਲ ਵਿਚਾਰ ਅਧੀਨ ਹੈ ਤੇ ਇਸ ਲਈ ਟ੍ਰਿਬਿਊਨਲ ਦਾ ਅੰਤਿਮ ਫ਼ੈਸਲਾ ਆਉਣ ਤੱਕ ਸਾਰੀ ਕਾਰਵਾਈ ਮੁਲਤਵੀ ਰੱਖੀ ਜਾਣੀ ਚਾਹੀਦੀ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਕੋਲ ਦੇਸ਼ 'ਚ ਹਥਿਆਰਾਂ ਦੀ ਤਸਕਰੀ ਦਾ ਮੁੱਦਾ ਉਠਾਉਂਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਇਹ ਸੂਬੇ 'ਚ ਕਾਨੂੰਨ ਵਿਵਸਥਾ ਲਈ ਗੰਭੀਰ ਖ਼ਤਰਾ ਪੈਦਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬਦਕਿਸਮਤੀ ਹੈ ਕਿ ਦੇਸ਼ ਦੇ ਅੰਦਰੋਂ (ਖਾਸਤੌਰ 'ਤੇ ਮੱਧ ਪ੍ਰਦੇਸ਼ ਵਰਗੇ ਸੂਬਿਆਂ ਤੋਂ) ਤਸਕਰੀ ਕੀਤੇ ਗਏ ਹਥਿਆਰਾਂ ਦੀ ਗਿਣਤੀ ਸਰਹੱਦ ਪਾਰ ਪਾਕਿਸਤਾਨ ਤੋਂ ਤਸਕਰੀ ਕੀਤੇ ਗਏ ਹਥਿਆਰਾਂ ਤੋਂ ਕਿਤੇ ਜ਼ਿਆਦਾ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰੀ ਸੁਰੱਖਿਆ ਦੇ ਹਿੱਤ 'ਚ ਇਸ ਦੀ ਸਖ਼ਤੀ ਨਾਲ ਜਾਂਚ ਦੀ ਜ਼ਰੂਰਤ ਹੈ।

### ਪੰਜਾਬ ਯੂਨੀਵਰਸਿਟੀ 'ਚ ਹਰਿਆਣਾ ਨਾ ਦੇਵੇ ਦਖ਼ਲ

ਮੁੱਖ ਮੰਤਰੀ ਨੇ ਕਿਹਾ ਕਿ ਪਿਛਲੇ 50 ਸਾਲਾਂ ਤੋਂ ਸਿਰਫ਼ ਪੰਜਾਬ ਹੀ ਪੰਜਾਬ ਯੂਨੀਵਰਸਿਟੀ ਦਾ ਪ੍ਰਬੰਧ ਕਰ ਰਿਹਾ ਹੈ। ਹੁਣ ਹਰਿਆਣਾ ਆਪਣੇ ਕਾਲਜਾਂ ਨੂੰ ਇਸ ਨਾਲ ਕਿਉਂ ਜੋੜਨਾ ਚਾਹੁੰਦਾ ਹੈ। ਮਾਨ ਨੇ ਕਿਹਾ ਕਿ ਇਸ 'ਚ ਹਰਿਆਣਾ ਨੂੰ ਦਖ਼ਲ ਨਹੀਂ ਦੇਣਾ ਚਾਹੀਦਾ। ਉਨ੍ਹਾਂ ਨੇ ਮੂਲ 91 ਮੈਂਬਰੀ ਸੈਨੇਟ ਦੀਆਂ ਚੋਣਾਂ ਦੇ ਐਲਾਨ ਸਮੇਤ ਲੋਕਤੰਤਰੀ ਪ੍ਰਕਿਰਿਆ ਦੀ ਬਹਾਲੀ ਦੀ ਅਪੀਲ ਕੀਤੀ।

### ਇਹ ਮੁੱਦੇ ਵੀ ਉਠਾਏ

—ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਕੰਮਕਾਜ 'ਚ ਪੰਜਾਬ ਤੇ ਹਰਿਆਣਾ ਦੇ ਫ਼ੌਜੀ ਮੁਲਾਜ਼ਮਾਂ ਦੀ ਭਰਤੀ 'ਚ 60:40 ਦਾ ਅਨੁਪਾਤ ਬਰਕਰਾਰ ਰੱਖਿਆ ਜਾਏ।

—ਬਾਰਡਰ ਸਕਿਓਰਿਟੀ ਫੋਰਸ ਤੇ ਫ਼ੌਜ ਦੀਆਂ ਸਰਹੱਦੀ ਚੌਕੀਆਂ 'ਤੇ ਹੜ੍ਹ ਸੁਰੱਖਿਆ ਕਾਰਜਾਂ ਲਈ ਵਿੱਤੀ ਸਹਾਇਤਾ ਦਿੱਤੀ ਜਾਏ।

—ਰੋਪੜ, ਹਰੀਕੇ ਤੇ ਫ਼ਿਰੋਜ਼ਪੁਰ ਹੈੱਡਵਰਕਸ ਦਾ ਕੰਟਰੋਲ ਬੀਬੀਐੱਮਬੀ ਨੂੰ ਸੌਂਪਣ ਦੀ ਤਜਵੀਜ਼ ਦਾ ਵਿਰੋਧ। ਕਿਹਾ, ਇਹ ਪੂਰੀ ਤਰ੍ਹਾਂ ਨਾਲ ਪੰਜਾਬ ਦੇ ਅੰਦਰ ਹਨ ਤੇ ਇਨ੍ਹਾਂ ਦਾ ਸੰਚਾਲਨ ਤੇ ਰੱਖਰਖਾਅ ਹਮੇਸ਼ਾ ਸੂਬੇ ਵਲੋਂ ਹੀ ਕੀਤਾ ਜਾਂਦਾ ਰਿਹਾ ਹੈ।

## ਸੰਦੀਪ ਜਸਵਾਲ ਦੀ ਪੁਸਤਕ 'ਸਮੁੰਦਰ ਨੂੰ ਪੁੱਛੇ ਨਦੀ' ਨੂੰ ਮਿਲੇਗਾ 'ਕਾਵਿਲੋਕ ਪੁਰਸਕਾਰ-2025'



**ਜਲੰਧਰ:** ਲੋਕ ਮੰਚ ਪੰਜਾਬ ਵਲੋਂ ਪੰਜਾਬੀ ਕਵਿਤਾ ਦੀ ਸਰਵੋਤਮ ਪੁਸਤਕ ਨੂੰ ਹਰ ਸਾਲ ਦਿੱਤੇ ਜਾਂਦੇ "ਕਾਵਿਲੋਕ ਪੁਰਸਕਾਰ" ਲਈ ਇਸ ਵਾਰ ਸੰਦੀਪ ਜਸਵਾਲ ਦੀ ਕਾਵਿ ਪੁਸਤਕ "ਸਮੁੰਦਰ ਨੂੰ ਪੁੱਛੇ ਨਦੀ" ਨੂੰ ਚੁਣਿਆ ਗਿਆ ਹੈ। ਇਹ ਐਲਾਨ ਕਰਦਿਆਂ ਲੋਕ ਮੰਚ ਪੰਜਾਬ ਦੇ ਪ੍ਰਧਾਨ ਡਾ. ਲਖਵਿੰਦਰ ਸਿੰਘ ਜੌਹਲ ਅਤੇ ਜਨਰਲ ਸਕੱਤਰ ਦੀਪਕ ਸ਼ਰਮਾ ਚਨਾਰਥਲ ਨੇ ਦੱਸਿਆ ਕਿ ਇਹ ਪੁਸਤਕ ਸਾਲ 2024 ਵਿਚ ਕੈਲੀਬਰ ਪਬਲੀਕੇਸ਼ਨ ਪਟਿਆਲਾ ਵੱਲੋਂ ਛਾਪੀ ਗਈ ਸੀ।ਪੁਰਸਕਾਰ ਵਿੱਚ 21,000 ਰੁਪਏ ਨਕਦ,ਸਨਮਾਨ ਚਿੰਨ੍ਹ ਅਤੇ ਦੋਸ਼ਾਲਾ ਜਨਵਰੀ 2026 ਵਿੱਚ ਹੋਣ ਵਾਲੇ ਸਮਾਗਮ ਦੌਰਾਨ ਪ੍ਰਦਾਨ ਕੀਤਾ ਜਾਵੇਗਾ।




ਉਨ੍ਹਾਂ ਦੱਸਿਆ ਕਿ ਪੁਰਸਕਾਰ ਦਾ ਫੈਸਲਾ ਗੁਪਤ ਸਰਵੇ ਦੇ ਆਧਾਰ ਉਤੇ ਅਤੇ ਮਾਹਿਰਾਂ ਦੀ ਕਮੇਟੀ ਵਲੋਂ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਇਹ ਪੁਰਸਕਾਰ ਸਰਬਜੀਤ ਕੌਰ ਜੱਸ, ਮਦਨ ਵੀਰਾ, ਸੁਰਿੰਦਰ ਗਿੱਲ ਜੈਪਾਲ, ਅਰਤਿੰਦਰ ਸੰਧੂ ਅਤੇ ਵਿਜੇ ਵਿਵੇਕ ਨੂੰ ਮਿਲ ਚੁੱਕਿਆ ਹੈ।

**-ਲਖਵਿੰਦਰ ਜੌਹਲ**

## ਟਰੰਪ ਦੀ ਕਿਸੇ ਵੀ ਕਾਨੂੰਨੀ ਕਾਰਵਾਈ ਨਾਲ ਲੜਨ ਲਈ ਤਿਆਰ ਹਾਂ: ਸਮੀਰ ਸ਼ਾਹ

**ਲੰਡਨ:** ਬੀ.ਬੀ.ਸੀ ਦੇ ਚੇਅਰਮੈਨ ਸਮੀਰ ਸ਼ਾਹ ਨੇ ਕਿਹਾ ਹੈ ਕਿ 'ਮਾਣਹਾਨੀ ਦੇ ਮਾਮਲੇ ਦਾ ਕੋਈ ਆਧਾਰ ਨਹੀਂ ਹੈ ਤੇ ਅਸੀਂ ਇਸ ਲੜਨ ਨਾਲ ਲਈ ਦ੍ਰਿੜ੍ਹ ਹਾਂ'। ਬੀਤੇ ਦਿਨੀਂ ਡੋਨਾਲਡ ਟਰੰਪ ਨੇ ਬੀ ਬੀ ਸੀ ਤੇ 1 ਅਰਬ ਡਾਲਰ ਤੋਂ 5 ਅਰਬ ਡਾਲਰ ਤੱਕ ਦਾ ਮੁਕੱਦਮਾ ਕਰਨ ਦੀ ਧਮਕੀ ਦਿੱਤੀ ਸੀ। ਚੇਅਰਮੈਨ ਸ਼ਾਹ ਨੇ ਆਪਣੇ ਸਟਾਫ਼ ਨੂੰ ਇਕ ਈ-ਮੇਲ 'ਚ ਕਿਹਾ ਕਿ 'ਕਾਨੂੰਨੀ ਕਾਰਵਾਈ ਦੀ ਸੰਭਾਵਨਾ ਬਾਰੇ ਬਹੁਤ ਕੁੱਝ ਲਿਖਿਆ, ਕਿਹਾ ਤੇ ਅੰਦਾਜ਼ਾ ਲਗਾਇਆ ਜਾ ਰਿਹਾ ਹੈ', ਜਿਸ 'ਚ ਸੰਭਾਵੀ ਲਾਗਤਾਂ ਜਾਂ ਸਮਝੌਤੇ ਵੀ ਸ਼ਾਮਲ ਹਨ। 'ਇਸ ਸਭ ਵਿਸ਼ੇਸ਼ ਅਧਿਕਾਰ ਤੇ ਆਪਣੇ ਲਾਇਸੈਂਸ ਫ਼ੀਸ ਦਾਤਾਵਾਂ, ਬਰਤਾਨਵੀ ਜਨਤਾ ਦੀ ਰੱਖਿਆ ਕਰਨ ਦੀ ਜ਼ਰੂਰਤ ਤੋਂ ਪੂਰੀ ਤਰ੍ਹਾਂ ਜਾਣੂ ਹਾਂ'। ਮੈਂ ਤੁਹਾਡੇ ਨਾਲ ਬਹੁਤ ਸਪਸ਼ਟ ਹੋਣਾ ਚਾਹੁੰਦਾ ਹਾਂ ਕਿ ਸਾਡੀ ਸਥਿਤੀ ਬਦਲੀ ਨਹੀਂ ਹੈ। ਮਾਣਹਾਨੀ ਦੇ ਮਾਮਲੇ ਦਾ ਕੋਈ ਆਧਾਰ



ਨਹੀਂ ਹੈ ਅਤੇ ਅਸੀਂ ਇਸ ਨਾਲ ਲੜਨ ਲਈ ਹਾਂ। ਬੀ.ਬੀ.ਸੀ. ਵੱਲੋਂ ਮੁਆਫ਼ੀ ਮੰਗਣ ਦੇ ਬਾਵਜੂਦ ਅਮਰੀਕੀ ਰਾਸ਼ਟਰਪਤੀ ਨੇ ਪੈਨੋਰਮਾ 'ਤੇ ਆਪਣੇ ਭਾਸ਼ਣ ਦੇ ਸੰਪਾਦਨ ਨੂੰ ਲੈ ਕੇ ਪ੍ਰਸਾਰਕ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੀ ਪੁਸ਼ਟੀ ਕੀਤੀ ਸੀ। ਉਨ੍ਹਾਂ ਕਿਹਾ ਸੀ ਕਿ ਉਹ ਇਕ ਅਰਬ ਡਾਲਰ ਤੋਂ ਪੰਜ ਅਰਬ ਡਾਲਰ ਤੱਕ ਦਾ ਮੁਕੱਦਮਾ ਕਰਨਗੇ।

## ਸ਼ੇਖ ਹਸੀਨਾ ਨੂੰ....

(ਪਹਿਲੇ ਸਫ਼ੇ ਦਾ ਬਾਕੀ)

ਦੌਰਾਨ ਹੋਈ ਹਿੰਸਾ ਦੇ ਦੋਸ਼ਾਂ 'ਚ ਸੁਣਾਈ ਹੈ। ਹਸੀਨਾ ਸਰਕਾਰ 'ਤੇ ਦੋਸ਼ ਸੀ ਕਿ ਲੋਕਤੰਤਰੀ ਤਰੀਕੇ ਨਾਲ ਪ੍ਰਦਰਸ਼ਨ ਕਰ - ਰਹੇ ਨਿਹੱਥੇ ਵਿਦਿਆਰਥੀਆਂ 'ਤੇ ਸੁਰੱਖਿਆ ਦਸਤਿਆਂ ਨੇ ਡ੍ਰੋਨ ਤੇ ਹੈਲੀਕਾਪਟਰਾਂ ਨਾਲ ਗੋਲੀਬਾਰੀ ਕਰਵਾਈ ਸੀ।

ਢਾਕਾ 'ਚ ਜਸਟਿਸ ਗੁਲਾਮ ਮੁਰਤਜ਼ਾ ਮਜੂਮਦਾਰ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ 453 ਸ ਫ਼ਿਆਂ ਦੇ ਫ਼ੈਸਲੇ 'ਚ ਹਸੀਨਾ ਨੂੰ ਉਕਸਾਉਣ, ਹੱਤਿਆ ਦਾ ਆਦੇਸ਼ ਦੇਣ ਤੇ ਅਪਰਾਧਾਂ ਨੂੰ ਰੋਕਣ 'ਚ ਨਾਕਾਮੀ ਦੇ ਦੋਸ਼ 'ਚ ਦੋਸ਼ੀ ਕਰਾਰ ਦਿੱਤਾ ਹੈ। ਸੰਯੁਕਤ ਰਾਸ਼ਟਰ ਨੇ ਆਪਣੀ ਰਿਪੋਰਟ 'ਚ ਤਦ ਇਸ ਅੰਦੋਲਨ 'ਚ 1,400 ਲੋਕਾਂ ਦੇ ਮਾਰੇ ਜਾਣ ਦੀ ਗੱਲ ਕਰੀ ਸੀ, ਹਾਲਾਂਕਿ ਇਸ ਦੀ ਪੁਸ਼ਟੀ ਨਹੀਂ ਹੋਈ। ਰਾਜਧਾਨੀ ਢਾਕਾ 'ਚ ਵਿਰੋਧੀ ਪਾਰਟੀਆਂ ਤੇ ਵਿਦਿਆਰਥੀਆਂ ਦੇ ਹਿੰਸਕ ਅੰਦੋਲਨ ਦੇ ਬਾਅਦ ਪੰਜ ਅਗਸਤ, 2024 ਨੂੰ ਸ਼ੇਖ ਹਸੀਨਾ ਨੂੰ ਬੰਗਲਾਦੇਸ਼ ਛੱਡ ਕੇ ਭਾਰਤ 'ਚ ਸ਼ਰਨ ਲੈਣੀ ਪਈ ਸੀ। ਉਦੋਂ ਤੋਂ ਉਹ ਭਾਰਤ 'ਚ ਹੀ ਹਨ। ਬੰਗਲਾਦੇਸ਼ ਦੀ ਅਦਾਲਤ ਨੇ ਉਨ੍ਹਾਂ ਨੂੰ ਭਗੌੜਾ ਐਲਾਨ ਦਿੱਤਾ ਸੀ। ਜਦਕਿ ਬੰਗਲਾਦੇਸ਼ 'ਚ ਨੋਬਲ ਪੁਰਸਕਾਰ ਜੇਤੂ ਪ੍ਰੋ ਮੁਹੰਮਦ ਯੂਨੁਸ ਦੀ ਅਗਵਾਈ 'ਚ ਇਕ ਅੰਤ੍ਰਿਮ ਸਰਕਾਰ ਬਣਾਈ ਗਈ ਹੈ।

### ਹਵਾਲਗੀ ਦੀ ਮੰਗ 'ਤੇ ਭਾਰਤ ਨੇ ਨਹੀਂ ਦਿੱਤੀ ਪ੍ਰਤੀਕ੍ਰਿਆ

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਆਈਸੀਟੀ-ਬੰਗਲਾਦੇਸ਼ ਦੇ ਫ਼ੈਸਲੇ 'ਤੇ ਸੰਭਲ ਕੇ ਪ੍ਰਤੀਕ੍ਰਿਆ ਦਿੰਦੇ ਹੋਏ ਕਿਹਾ ਕਿ ਭਾਰਤ ਨੇ ਬੰਗਲਾਦੇਸ਼ ਦੇ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ ਵਲੋਂ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਖ਼ਿਲਾਫ਼ ਸੁਣਾਏ ਗਏ ਫ਼ੈਸਲੇ ਦਾ ਨੋਟਿਸ ਲਿਆ ਹੈ। ਇਕ ਨਜ਼ਦੀਕੀ ਗੁਆਂਢੀ ਦੇ ਰੂਪ 'ਚ ਭਾਰਤ ਬੰਗਲਾਦੇਸ਼ ਦੇ ਲੋਕਾਂ ਦੇ ਸਰਬੋਤਮ ਹਿੱਤਾਂ ਲਈ ਵਚਨਬੱਧ ਰਹਿੰਦਾ ਹੈ, ਜਿਸ ਵਿਚ ਸ਼ਾਂਤੀ, ਲੋਕਤੰਤਰ ਤੇ ਸਥਿਰਤਾ ਸ਼ਾਮਲ ਹਨ। ਅਸੀਂ 'ਇਸ ਮਕਸਦ ਦੀ ਪ੍ਰਾਪਤੀ ਲਈ ਸਾਰੇ ਹਿੱਤਧਾਰਕਾਂ ਨਾਲ ਰਚਨਾਤਮਕ ਰੂਪ ਨਾਲ ਸੰਵਾਦ ਕਰਦੇ ਰਹਾਂਗੇ। ਭਾਰਤ ਸਰਕਾਰ ਨੇ ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਵਲੋਂ ਸ਼ੇਖ ਹਸੀਨਾ ਨੂੰ ਉਸ ਨੂੰ ਸੌਂਪੇ ਜਾਣ ਨੂੰ ਲੈ ਕੇ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ। ਬੰਗਲਾਦੇਸ਼ ਦੇ ਵਿਦੇਸ਼ ਮੰਤਰਾਲੇ ਨੇ ਬੰਗਲਾ 'ਚ ਇਕ ਬਿਆਨ 'ਚ ਕਿਹਾ ਕਿ ਅਸੀਂ ਭਾਰਤ ਸਰਕਾਰ ਨੂੰ ਅਪੀਲ ਕਰਦੇ ਹਾਂ ਕਿ ਮਨੁੱਖਤਾ ਖ਼ਿਲਾਫ਼ ਅਪਰਾਧ ਦੇ ਦੋਵਾਂ ਦੋਸ਼ੀਆਂ (ਹਸੀਨਾ ਤੇ ਕਮਾਲ) ਨੂੰ ਛੇਤੀ ਤੋਂ ਛੇਤੀ ਬੰਗਲਾਦੇਸ਼ ਨੂੰ ਸੌਂਪਿਆ ਜਾਏ। ਭਾਰਤ ਅਜਿਹਾ ਨਹੀਂ ਕਰਦਾ ਤਾਂ ਉਸ ਨੂੰ ਦੋਸਤੀ ਵਾਲਾ ਵਿਹਾਰ ਨਹੀਂ ਮੰਨਿਆ ਜਾਏਗਾ ਤੇ ਇਸ ਨੂੰ ਨਿਆਂ ਖ਼ਿਲਾਫ਼ ਮੰਨਿਆ ਜਾਏਗਾ। ਇਹ ਭਾਰਤ ਦੀ ਜ਼ਿੰਮੇਵਾਰੀ ਵੀ ਹੈ।

### ਅੰਤਰਰਾਸ਼ਟਰੀ ਨਹੀਂ ਹੈ ਆਈ.ਸੀ.ਟੀ.

ਬੰਗਲਾਦੇਸ਼ ਦਾ ਇਹ ਅੰਤਰਰਾਸ਼ਟਰੀ ਅਪਰਾਧ ਟ੍ਰਿਬਿਊਨਲ (ਆਈਸੀਟੀ) ਕੋਈ ਅੰਤਰਰਾਸ਼ਟਰੀ ਟ੍ਰਿਬਿਊਨਲ ਨਹੀਂ ਹੈ। ਇਸ ਦੀ ਸਥਾਪਨਾ ਮੂਲ ਰੂਪ ਨਾਲ 1971 'ਚ ਮੁਕਤੀ ਸੰਗਰਾਮ ਦੌਰਾਨ ਪਾਕਿਸਤਾਨੀ ਫ਼ੌਜ ਦੇ ਕੱਟੜ ਸਹਿਯੋਗੀਆਂ 'ਤੇ ਮੁਕੱਦਮਾ ਚਲਾਉਣ ਲਈ ਕੀਤੀ ਗਈ ਸੀ। ਪਰ ਮੌਜੂਦਾ ਪ੍ਰਸ਼ਾਸਨ ਇਸ ਨਾਲ ਜੁੜੇ ਕਾਨੂੰਨ 'ਚ ਸੋਧ ਕਰ ਕੇ ਹਸੀਨਾ ਸਮੇਤ ਪਿਛਲੀ ਸਰਕਾਰ ਦੇ ਆਗੂਆਂ ਨੂੰ ਇਸ ਅਧਿਕਾਰ ਖੇਤਰ 'ਚ ਲੈ ਆਇਆ ਹੈ।

### ਫ਼ੈਸਲੇ ਤੋਂ ਬਾਅਦ ਬੰਗਲਾਦੇਸ਼ 'ਚ ਹਿੰਸਕ ਘਟਨਾਵਾਂ

ਆਈਸੀਟੀ ਦੇ ਫੈਸਲੇ ਤੋਂ ਬਾਅਦ ਬੰਗਲਾਦੇਸ਼ 'ਚ ਹਿੰਸਾ ਦੀਆਂ ਕੁਝ ਘਟਨਾਵਾਂ ਹੋਈਆਂ। ਢਾਕਾ 'ਚ ਹਸੀਨਾ ਦੇ ਪਿਤਾ ਤੇ ਬੰਗਲਾਦੇਸ਼ ਦੇ ਸੰਸਥਾਪਕ ਸ਼ੇਖ ਮੁਜੀਬੁਰ ਰਹਿਮਾਨ ਦੇ ਘਰ ਨੂੰ ਢਾਹੁਣ ਦੀ ਕੋਸ਼ਿਸ਼ ਕੀਤੀ ਗਈ। ਸੁਰੱਖਿਆ ਏਜੰਸੀਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਖਿੰਡਾਉਣ ਲਈ ਲਾਠੀਆਂ ਤੇ ਅੱਥਰੂ ਗੈਸ ਦੇ ਗੋਲੇ ਛੱਡੇ।

### ਜਾਇਜ਼ ਟ੍ਰਿਬਿਊਨਲ ਦਾ ਸਾਹਮਣਾ ਕਰਨ ਤੋਂ ਨਹੀਂ ਡਰਦੀ: ਹਸੀਨਾ



ਆਈਸੀਟੀ ਦੇ ਫ਼ੈਸਲੇ ਤੋਂ ਬਾਅਦ ਸ਼ੇਖ ਹਸੀਨਾ ਦੀ ਪਾਰਟੀ ਬੰਗਲਾਦੇਸ਼ ਅਵਾਮੀ ਲੀਗ ਨੇ ਸਾਬਕਾ ਪ੍ਰਧਾਨ ਮੰਤਰੀ ਵਲੋਂ ਇਕ ਵਿਸਥਾਰਤ ਬਿਆਨ ਜਾਰੀ ਕੀਤਾ। ਇਸ ਵਿਚ ਹਸੀਨਾ ਨੇ ਆਪਣੇ ਉੱਪਰ ਲਗਾਏ ਗਏ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਤੇ ਟ੍ਰਿਬਿਊਨਲ ਦੇ ਫ਼ੈਸਲੇ ਨੂੰ ਪੱਖਪਾਤਪੂਰਣ ਤੇ ਸਿਆਸਤ ਤੋਂ ਪ੍ਰੇਰਿਤ ਦੱਸਦੇ ਹੋਏ ਕਿਹਾ ਕਿ ਕੋਰਟ 'ਚ ਮੈਨੂੰ ਆਪਣੇ ਪੱਖ ਨੂੰ ਰੱਖਣ ਦਾ ਮੌਕਾ ਨਹੀਂ ਦਿੱਤਾ ਗਿਆ ਤੇ ਨਾ ਹੀ ਮੇਰੀ ਗ਼ੈਰਹਾਜ਼ਰੀ 'ਚ ਮੇਰੇ ਕਿਸੇ ਨੁਮਾਇੰਦੇ ਵਕੀਲ ਨੂੰ ਪੇਸ਼ ਹੋਣ ਦਿੱਤਾ ਗਿਆ। ਦੁਨੀਆ ਦੀ ਕੋਈ ਵੀ ਸਨਮਾਨਿਤ ਨਿਆਇਕ ਸੰਸਥਾ ਇਸ ਟ੍ਰਿਬਿਊਨਲ ਦੀ ਸਿਫ਼ਾਰਸ਼ ਨਹੀਂ ਕਰੇਗੀ। ਇਸ ਦਾ ਇੱਕੋ-ਇਕ ਮਕਸਦ ਲੋਕਤੰਤਰੀ ਤਰੀਕੇ ਨਾਲ ਚੁਣੀ ਇਕ ਸਰਕਾਰ ਤੋਂ ਬਦਲਾ ਲੈਣਾ ਤੇ ਬੰਗਲਾਦੇਸ਼ ਦੀ ਆਜ਼ਾਦੀ ਨੂੰ ਰੋਕਣਾ ਹੈ।

ਇਸ ਵਿਚ ਮੁਹੰਮਦ ਯੂਨੁਸ ਦੇ ਬਾਰੇ ਕਿਹਾ ਗਿਆ ਹੈ ਕਿ ਉਨ੍ਹਾਂ ਨੇ ਅੱਤਵਾਦੀ ਤਾਕਤਾਂ ਦੀ ਮਦਦ ਨਾਲ ਗ਼ਲਤ ਤਰੀਕੇ ਨਾਲ ਸੱਤਾ ਹਾਸਲ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਉਨ੍ਹਾਂ 'ਤੇ ਦੋਸ਼ ਲਗਾਉਣ ਵਾਲਿਆਂ ਦਾ ਸਾਹਮਣਾ ਇਕ ਉਚਿਤ ਟ੍ਰਿਬਿਊਨਲ 'ਚ ਕਰਨ ਤੋਂ ਨਹੀਂ ਡਰਦੀ, ਜਿੱਥੇ ਸਬੂਤਾਂ ਦਾ ਨਿਰਪੱਖ ਮੁਲਾਂਕਣ ਤੇ ਪ੍ਰੀਖਣ ਕੀਤਾ ਜਾ ਸਕੇ। ਉਨ੍ਹਾਂ ਨੇ ਆਈਸੀਟੀ ਨੂੰ ਆਪਣੇ ਵਿਰੋਧੀਆਂ ਵਲੋਂ ਸੰਚਾਲਿਤ 'ਕੰਗਾਰੂ ਕੋਰਟ' ਦੱਸਿਆ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਬਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੁਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਬਲਬੀਰ ਪਰਵਾਨਾ ਨੂੰ ਮਿਲਿਆ 25000 ਕੈਨੇਡੀਅਨ ਡਾਲਰ ਦਾ ਢਾਹਾਂ ਪੁਰਸਕਾਰ

## ਮੁਦੱਸਰ ਬਸ਼ੀਰ ਅਤੇ ਭਗਵੰਤ ਰਸੂਲਪੁਰੀ ਨੂੰ 10-10 ਹਜ਼ਾਰ ਡਾਲਰ ਦੇ ਪੁਰਸਕਾਰ

**ਵੈਨਕੂਵਰ:** ਪੰਜਾਬੀ ਗਲਪ ਲਈ ਵਿਸ਼ਵ ਦੇ ਪ੍ਰਸਿੱਧ ਸਾਹਿਤਕ ਢਾਹਾਂ ਸਾਹਿਤ ਇਨਾਮ ਨੇ ਆਪਣੇ 12ਵੇਂ ਜੇਤੂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ (ਜਲੰਧਰ) ਨੂੰ ਉਹਨਾਂ ਦੇ ਗੁਰਮੁਖੀ ਲਿਪੀ ਵਿਚ ਲਿਖੇ ਨਾਵਲ 'ਰੌਲਿਆਂ ਵੇਲੇ' ਲਈ 25,000 ਕੈਨੇਡੀਅਨ ਡਾਲਰ ਦੇ ਪੁਰਸਕਾਰ ਨਾਲ ਸਰੀ, ਬੀ.ਸੀ. ਵਿੱਚ ਨੌਰਥਵਿਊ ਗੋਲਫ ਐਂਡ ਕੰਟਰੀ ਕਲੱਬ ਵਿਖੇ ਹੋਏ ਸਮਾਰੋਹ ਦੌਰਾਨ ਸਨਮਾਨਿਤ ਕੀਤਾ ਗਿਆ। ਜਦ ਕਿ ਦੋ ਫਾਈਨਲਿਸਟਾਂ ਸ੍ਰੀ ਮੁਦੱਸਰ ਬਸ਼ੀਰ (ਲਾਹੌਰ) ਨੂੰ ਸ਼ਾਹਮੁਖੀ ਲਿਪੀ ਵਿਚ ਲਿਖੇ ਨਾਵਲ 'ਗੋਇਲ' ਅਤੇ ਸ੍ਰੀ ਭਗਵੰਤ ਰਸੂਲਪੁਰੀ (ਜਲੰਧਰ) ਨੂੰ ਉਸ ਦੇ ਗੁਰਮੁਖੀ ਵਿਚ ਲਿਖੇ ਲਘੂ ਕਹਾਣੀ ਸੰਗ੍ਰਹਿ 'ਡਲਿਵਰੀ ਮੈਨ' ਲਈ 10-10 ਹਜ਼ਾਰ ਕੈਨੇਡੀਅਨ ਡਾਲਰ ਦੇ ਇਨਾਮ ਨਾਲ ਸਨਮਾਨ ਕੀਤਾ ਗਿਆ। ਤਿੰਨਾਂ ਇਨਾਮ ਜੇਤੂਆਂ ਨੂੰ ਹੱਥਾਂ ਨਾਲ ਤਿਆਰ ਕੀਤੇ ਵਿਸ਼ੇਸ਼ ਸਨਮਾਨ ਚਿੰਨ੍ਹਾਂ ਨਾਲ ਇਹ ਇਨਾਮ ਭੇਟ ਕੀਤੇ ਗਏ। ਇਸ ਮੌਕੇ ਇਹਨਾਂ ਤਿੰਨਾਂ ਪੁਸਤਕਾਂ ਦੇ ਗੁਰਮੁਖੀ ਅਤੇ ਸ਼ਾਹਮੁਖੀ ਵਿੱਚ ਲਿਪੀਅੰਤਰਨ ਲਈ 6,000 ਕੈਨੇਡੀਅਨ ਡਾਲਰ ਦਾ ਇਨਾਮ ਪ੍ਰਦਾਨ ਕੀਤਾ ਗਿਆ।

ਸਨਮਾਨ ਸਮਾਰੋਹ ਮੌਕੇ ਸੰਬੋਧਨ ਕਰਦਿਆਂ ਨਾਵਲਕਾਰ ਸ੍ਰੀ ਬਲਬੀਰ ਪਰਵਾਨਾ ਨੇ ਕਿਹਾ ਕਿ, "ਇਸ ਪੁਰਸਕਾਰ ਨੇ ਮੇਰੇ ਨਾਵਲ ਨੂੰ ਪਾਠਕਾਂ ਦੀ ਇੱਕ ਨਵੀਂ ਦੁਨੀਆਂ ਦਿੱਤੀ ਹੈ।" ਜਦੋਂ ਮੈਂ ਆਪਣੇ ਨਾਮ ਦਾ ਐਲਾਨ ਸੁਣਿਆ ਤਾਂ ਮੈਂ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਿਆ। ਇਸ ਇਨਾਮ ਨੇ ਮੈਨੂੰ ਰਚਨਾਵਾਂ ਰਚਦੇ ਰਹਿਣ ਲਈ ਉਤਸ਼ਾਹਿਤ ਕੀਤਾ ਹੈ। ਲਹਿੰਦੇ ਪੰਜਾਬ ਤੋਂ ਕੈਨੇਡਾ ਪੁੱਜੇ ਨਾਵਲਕਾਰ ਸ੍ਰੀ ਮੁਦੱਸਰ ਬਸ਼ੀਰ ਨੇ ਆਪਣੇ ਵਿਚਾਰਾਂ ਨੂੰ ਸਾਂਝਾ ਕਰਦੇ ਕਿਹਾ ਕਿ, "ਇਹ ਸਨਮਾਨ ਪ੍ਰਾਪਤ ਕਰਨ ਬਾਅਦ ਮੇਰੇ ਕੋਲ ਕਹਿਣ ਨੂੰ ਸ਼ਬਦ ਨਹੀਂ ਹਨ। ਮੈਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਬਹੁਤ ਪਿਆਰ ਕਰਦਾ ਹਾਂ। ਇਸ ਇਨਾਮ ਦੇ ਮਿਲਣ ਉਪਰੰਤ, ਮੈਂ ਮਾਂ ਬੋਲੀ ਪੰਜਾਬੀ ਦੀ ਸੇਵਾ ਹੋਰ ਵੀ ਜ਼ਿੰਮੇਵਾਰੀ ਨਾਲ ਜਾਰੀ ਰੱਖਣ ਦੀ ਪੂਰਨ ਆਸ ਰੱਖਦਾ ਹਾਂ।" ਕਹਾਣੀਕਾਰ ਸ੍ਰੀ ਭਗਵੰਤ ਰਸੂਲਪੁਰੀ ਨੇ ਕਿਹਾ, "ਢਾਹਾਂ ਸਾਹਿਤ ਇਨਾਮ ਦੇ ਫਾਈਨਲਿਸਟ ਵਜੋਂ ਨਾਮਜ਼ਦ ਹੋਣਾ ਇੱਕ ਵੱਡੀ ਪ੍ਰਾਪਤੀ ਹੈ। ਜਿਸ ਨਾਲ ਹੁਣ ਮੇਰੀਆਂ ਕਹਾਣੀਆਂ ਪੰਜਾਬੀ ਭਾਸ਼ਾ ਦੀਆਂ ਸੀਮਾਵਾਂ ਤੋਂ ਪਾਰ ਹੋਰ ਭਾਸ਼ਾਵਾਂ ਦੇ ਪਾਠਕਾਂ ਤੱਕ ਵੀ ਪਹੁੰਚ ਕਰ ਸਕਦੀਆਂ ਹਨ।"

ਇਸ ਮੌਕੇ ਬੀ.ਸੀ. ਪੁਰਸਕਾਰ ਜੇਤੂ ਲੇਖਕ ਗੁਰਜਿੰਦਰ ਬਸਰਾਨ ਨੇ ਮੁੱਖ ਭਾਸ਼ਣ ਦੌਰਾਨ ਆਪਣੇ ਵਿਚਾਰਾਂ ਦੀ ਸਾਂਝ ਪਾਉਂਦੇ ਹੋਏ, ਢਾਹਾਂ ਸਾਹਿਤ ਇਨਾਮ ਦੇ ਤਿੰਨਾਂ ਜੇਤੂਆਂ ਨੂੰ ਹਾਰਦਿਕ ਵਧਾਈ ਦਿੱਤੀ। ਉਹਨਾਂ ਨੇ ਢਾਹਾਂ ਸਾਹਿਤ ਇਨਾਮ ਵੱਲੋ ਮਾਂ ਬੋਲੀ ਪੰਜਾਬੀ ਦੇ ਸਮੁੱਚੀ ਦੁਨੀਆਂ ਵਿਚ ਪ੍ਰਚਾਰ ਅਤੇ ਪਸਾਰ ਲਈ ਕੀਤੇ ਜਾ ਰਹੇ ਉੱਦਮਾਂ ਦੀ ਭਾਰੀ ਸ਼ਲਾਘਾ ਕੀਤੀ।

ਸਮਾਰੋਹ ਵਿਚ ਇਨਾਮ ਦੇ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਨੇ ਕਿਹਾ ਕਿ "ਸਾਡਾ ਮਿਸ਼ਨ ਪੰਜਾਬੀ ਸਾਹਿਤ ਨੂੰ ਵਿਸ਼ਵ ਪੱਧਰ 'ਤੇ ਉੱਚਾ ਚੁੱਕਣਾ ਹੈ। ਇਸ ਲਈ ਪੰਜਾਬੀ ਗਲਪ ਵਿੱਚ ਸ਼ਕਤੀਸ਼ਾਲੀ ਨਵੀਆਂ ਕਹਾਣੀਆਂ ਨੂੰ ਪਛਾਣ ਕੇ ਉਹਨਾਂ ਲਈ ਪਾਠਕਾਂ ਨੂੰ ਪ੍ਰੇਰਿਤ ਕਰਨਾ, ਲੇਖਕਾਂ ਦੀ ਹੌਂਸਲਾ ਅਫਜ਼ਾਈ ਕਰਨੀ ਅਤੇ ਸਰਹੱਦਾਂ ਦੇ ਆਰ-ਪਾਰ ਸੱਭਿਆਚਾਰਕ ਭਾਈਚਾਰਕ ਸਬੰਧਾਂ ਨੂੰ ਮਜ਼ਬੂਤ ਕਰਨਾ ਹੈ।"



*ਢਾਹਾਂ ਸਾਹਿਤ ਇਨਾਮ ਦੇ ਜੇਤੂ ਬਲਬੀਰ ਪਰਵਾਨਾ, ਮੁਦੱਸਰ ਬਸ਼ੀਰ ਅਤੇ ਭਗਵੰਤ ਰਸੂਲਪੁਰੀ ਆਪਣੀਆਂ ਜੇਤੂ ਟਰਾਫੀਆਂ ਸਮੇਤ*

ਉਹਨਾਂ ਕਿਹਾ ਕਿ ਇਸ ਦੇ ਨਾਲ ਹੀ ਦੁਨੀਆਂ ਭਰ ਵਿਚ ਹਰ ਸਾਲ ਪ੍ਰਕਾਸ਼ਿਤ ਹੋਣ ਵਾਲੀਆਂ ਪੰਜਾਬੀ ਗਲਪ ਦੀਆਂ ਉੱਤਮ ਰਚਨਾਵਾਂ ਨੂੰ ਆਮ ਲੋਕਾਈ ਤੱਕ ਪਹੁੰਚਾਉਣਾ ਹੈ। ਅਸੀਂ ਸਾਹਿਤ ਰਾਹੀਂ ਦੋਵਾਂ ਪੰਜਾਬਾਂ ਵਿਚ ਵੀ ਸਾਂਝਾਂ ਦਾ ਪੁਲ ਬਣਾਉਣ ਲਈ ਯਤਨਸ਼ੀਲ ਹਾਂ। ਇਸ ਲਈ ਇਹਨਾਂ ਜੇਤੂ ਪੁਸਤਕਾਂ ਦਾ ਲਿਪੀਅੰਤਰਨ ਕਰਕੇ ਆਮ ਲੋਕਾਈ ਤੱਕ ਪੁਹਚਣਾ ਇਸ ਦੇ ਸਭ ਤੋਂ ਪ੍ਰਭਾਵਸ਼ਾਲੀ ਤਰੀਕਿਆਂ ਵਿੱਚੋਂ ਪ੍ਰਮੁੱਖ ਹੈ। ਉਹਨਾਂ ਕਿਹਾ ਕਿ ਸਾਲ 2025 ਇਨਾਮ ਦੇ ਜੇਤੂ ਜਿੱਥੇ ਸਾਡੇ ਪੰਜਾਬੀ ਸਾਹਿਤ ਦੇ ਉੱਚ ਕੋਟੀ ਦੇ ਨਾਵਲਕਾਰ ਅਤੇ ਕਹਾਣੀਕਾਰ ਹਨ, ਉੱਥੇ ਉਹਨਾਂ ਦੀਆਂ ਪੁਸਤਕਾਂ ਦੇ ਵਿਸ਼ੇ ਸਾਨੂੰ ਇੱਕ ਵਿੱਲਖਣ ਸੁਨੇਹਾ ਪ੍ਰਦਾਨ ਕਰਦੇ ਹਨ। ਉਹਨਾਂ ਕਿਹਾ ਕਿ ਢਾਹਾਂ ਸਾਹਿਤ ਪੁਰਸਕਾਰ ਵੱਲੋਂ ਪੰਜਾਬੀ ਸਾਹਿਤ ਰਚਨਾ ਨੂੰ ਉਤਸ਼ਾਹਿਤ ਕਰਨ, ਵਿਸ਼ਵ ਭਰ ਦੇ ਪੰਜਾਬੀ ਭਾਈਚਾਰਿਆਂ ਨੂੰ ਜੋੜਨ, ਮਾਂ-ਬੋਲੀ ਅਤੇ ਪੰਜਾਬੀ ਭਾਸ਼ਾ-ਸਾਹਿਤ ਦੇ ਪ੍ਰਚਾਰ ਅਤੇ ਪਸਾਰ ਕਰਨ ਲਈ ਵੱਖ ਵੱਖ ਉਪਰਾਲੇ ਕਰ ਰਿਹਾ ਹੈ।

ਇਸ ਮੌਕੇ ਕੈਨੇਡਾ ਇੰਡੀਆ ਐਜੂਕੇਸ਼ਨ ਸੋਸਾਇਟੀ ਦੇ ਪ੍ਰਧਾਨ, ਸੈਨੇਟਰ ਸ. ਬਲਤੇਜ ਸਿੰਘ ਢਿੱਲੋਂ ਨੇ ਜੇਤੂਆਂ ਨੂੰ ਵਧਾਈ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਸਿੱਧ ਪੰਜਾਬੀ ਲੋਕ ਗਾਇਕ ਯਮਲਾ ਜੱਟ ਦੇ ਪੋਤੇ ਵਿਜੇ ਯਮਲਾ ਵੱਲੋਂ ਮਨਮੋਹਕ ਸੰਗੀਤਕ ਪੇਸ਼ਕਾਰੀ ਕਰਕੇ ਸਰੋਤਿਆਂ ਦਾ ਮਨ ਮੋਹ ਲਿਆ। ਸਨਮਾਨ ਸਮਾਰੋਹ ਦੌਰਾਨ ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਸ਼ਹਿਰ ਅਤੇ ਸਰੀ ਸ਼ਹਿਰ ਵਿਚ ਢਾਹਾਂ ਸਾਹਿਤ ਇਨਾਮ ਨੂੰ ਸਮਰਪਿਤ "ਪੰਜਾਬੀ ਸਾਹਿਤ ਹਫਤੇ" ਦੀ ਹੋਈ ਘੋਸ਼ਣਾ ਦੀ ਜਾਣਕਾਰੀ ਵੀ ਸਾਂਝੀ ਕੀਤੀ ਗਈ। ਇਸ ਮੌਕੇ ਵੱਖ ਵੱਖ ਪ੍ਰਸਿੱਧ ਲੇਖਕਾਂ ਤੋਂ ਇਲਾਵਾ ਸਿਆਸੀ ਆਗੂ, ਸਮਾਜਿਕ ਕਾਰਕੁੰਨ ਤੇ ਪੰਜਾਬੀ ਮਾਂ-ਬੋਲੀ ਨੂੰ ਪਿਆਰ ਕਰਨ ਵਾਲੀਆਂ ਸ਼ਖਸੀਅਤਾਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਢਾਹਾਂ ਸਾਹਿਤ ਇਨਾਮ ਵੈਨਕੂਵਰ, ਬ੍ਰਿਟਿਸ਼ ਕੋਲੰਬੀਆ, ਕੈਨੇਡਾ ਵਿੱਚ ਢਾਹਾਂ ਪਰਿਵਾਰ ਵੱਲੋਂ ਸਾਲ 2013 'ਚ ਸਥਾਪਿਤ ਕੀਤਾ ਗਿਆ ਸੀ। ਇਸ ਖਿੱਤੇ ਵਿੱਚ ਪੰਜਾਬੀ ਲੋਕਾਂ, ਭਾਸ਼ਾ ਅਤੇ ਸੱਭਿਆਚਾਰ ਦਾ ਇੱਕ ਅਮੀਰ ਇਤਿਹਾਸ ਹੈ। ਪੰਜਾਬੀ ਕੈਨੇਡਾ ਵਿੱਚ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਹੈ ਅਤੇ ਦੇਸ਼ ਦੇ ਬਹੁ-ਸੱਭਿਆਚਾਰਕ ਤਾਣੇ-ਬਾਣੇ ਵਿੱਚ ਇੱਕ ਮਜ਼ਬੂਤ ਧਾਗਾ ਹੈ। ਇਸ ਇਨਾਮ ਦੇ ਪ੍ਰਮੁੱਖ ਸੰਸਥਾਪਕ ਸ. ਬਰਜਿੰਦਰ ਸਿੰਘ ਢਾਹਾਂ ਤੇ ਉਹਨਾਂ ਦੀ ਪਤਨੀ ਰੀਟਾ ਢਾਹਾਂ ਵੱਲੋਂ ਸਮੂਹ ਢਾਹਾਂ ਪਰਿਵਾਰ, ਕੈਨੇਡਾ ਇੰਡੀਆ ਐਜੂਕੇਸ਼ਨ ਸੁਸਾਇਟੀ ਅਤੇ ਯੂਨੀਵਰਸਿਟੀ ਆਫ ਬ੍ਰਿਟਿਸ਼ ਕੋਲੰਬੀਆ ਦੇ ਸਹਿਯੋਗ ਨਾਲ ਸਾਲ 2013 ਵਿੱਚ ਢਾਹਾਂ ਪੁਰਸਕਾਰ ਦੀ ਸ਼ੁਰੂਆਤ ਕੀਤੀ ਸੀ। ਢਾਹਾਂ ਸਾਹਿਤ ਇਨਾਮ ਨੇ ਪਿਛਲੇ ਬਾਰਾਂ ਸਾਲਾਂ ਦੇ ਸ਼ਾਨਦਾਰ ਸਫਰ ਦੌਰਾਨ ਆਲੋਚਨਾਤਮਕ ਪ੍ਰਸ਼ੰਸਾ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ ਹੈ ਅਤੇ ਜਿਸ ਨਾਲ ਜੇਤੂ ਲੇਖਕਾਂ ਅਤੇ ਉਨ੍ਹਾਂ ਦੀਆਂ ਕਿਤਾਬਾਂ ਲਈ ਵਿਆਪਕ, ਬਹੁ-ਭਾਸ਼ਾਈ ਸਰੋਤਿਆਂ ਤੱਕ ਪਹੁੰਚਣ ਲਈ ਢਾਹਾਂ ਸਾਹਿਤ ਇਨਾਮ ਨੇ ਨਵੇਂ ਰਾਹ ਬਣਾਏ ਹਨ।

ਵਰਨਣਯੋਗ ਹੈ ਕਿ ਪੰਜਾਬ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਢਾਹਾਂ ਦੇ ਜੰਮਪਲ ਅਤੇ ਬੀ.ਸੀ. ਕੈਨੇਡਾ ਦੇ ਨਿਵਾਸੀ ਬਰਜਿੰਦਰ ਸਿੰਘ ਢਾਹਾਂ, ਬੀਬੀ ਕਸ਼ਮੀਰ ਕੌਰ ਢਾਹਾਂ ਅਤੇ ਪ੍ਰਸਿੱਧ ਸਮਾਜ ਸੇਵਕ ਸਵ: ਬਾਬਾ ਬੁੱਧ ਸਿੰਘ ਢਾਹਾਂ ਬਾਨੀ ਪ੍ਰਧਾਨ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਹੋਣਹਾਰ ਸਪੁੱਤਰ ਅਤੇ ਇਸ ਟਰੱਸਟ ਦੇ ਮੌਜੂਦਾ ਮੀਤ ਪ੍ਰਧਾਨ ਵੀ ਹਨ। ਉਹਨਾਂ ਦੇ ਸਮੂਹ ਢਾਹਾਂ ਪਰਿਵਾਰ ਵੱਲੋਂ ਕਾਇਮ ਕੀਤਾ ਢਾਹਾਂ ਸਾਹਿਤ ਇਨਾਮ ਪੰਜਾਬੀ ਭਾਸ਼ਾ ਵਿੱਚ ਗਲਪ ਪੁਸਤਕਾਂ ਲਈ ਸਭ ਤੋਂ ਵੱਡਾ ਅੰਤਰਰਾਸ਼ਟਰੀ ਸਾਹਿਤਕ ਪੁਰਸਕਾਰ ਬਣ ਚੁੱਕਾ ਹੈ।

# ਪੁਤਿਨ ਦਾ ਭਾਰਤ ਦੌਰਾ ਪੰਜ ਦਸੰਬਰ ਨੂੰ

## ਕਈ ਸਮਝੌਤਿਆਂ 'ਤੇ ਹੋਣਗੇ ਦਸਤਖ਼ਤ

**ਨਵੀਂ ਦਿੱਲੀ:** ਵਾਸ਼ਿੰਗਟਨ ਦੇ ਲਗਾਤਾਰ ਦਬਾਅ ਦੇ ਬਾਵਜੂਦ, 25 ਫ਼ੀਸਦ ਟੈਰਿਫ ਦੀਆਂ ਧਮਕੀਆਂ ਤੇ ਰੂਸੀ ਤੇਲ ਕੰਪਨੀਆਂ 'ਤੇ ਪਾਬੰਦੀਆਂ ਦੇ ਬਾਵਜੂਦ, ਭਾਰਤ ਆਪਣੇ ਇਰਾਦੇ 'ਤੇ ਕਾਇਮ ਹੈ। ਹੁਣ, ਰੂਸੀ ਰਾਸ਼ਟਰਪਤੀ ਸੰਮੇਲਨ ਕ ਵਲਾਦੀਮੀਰ ਪੁਤਿਨ 5 ਦਸੰਬਰ ਨੂੰ ਦਿੱਲੀ ਆ ਰਹੇ ਹਨ, ਵੱਡੇ ਸੌਦਿਆਂ 'ਤੇ ਦਸਤਖਤ ਕਰਨ ਲਈ ਤਿਆਰ ਹਨ। ਇਹ ਸਿਰਫ਼ ਇਕ ਕੂਟਨੀਤਕ ਦੌਰਾ ਨਹੀਂ ਹੈ। ਇਹ ਇਕ ਭੂ-ਰਾਜਨੀਤਿਕ ਭੂਚਾਲ ਹੈ। ਤਿੰਨ ਸਾਲਾਂ ਬਾਅਦ, ਪੁਤਿਨ 23ਵੇਂ ਭਾਰਤ-ਰੂਸ ਸਾਲਾਨਾ ਸੰਮੇਲਨ ਲਈ ਭਾਰਤ ਵਾਪਸ ਆ ਰਹੇ ਹਨ,ਅਤੇ ਪੂਰੀ ਦੁਨੀਆ, ਖਾਸ ਕਰਕੇ ਘਬਰਾਹਟ 'ਚ ਵਾਸ਼ਿੰਗਟਨ, ਹਰ ਹਰਕਤ 'ਤੇ ਨਜ਼ਰ ਰੱਖੇਗਾ। ਜਦੋਂ ਕਿ ਅਮਰੀਕਾ ਦਿੱਲੀ ਤੇ ਮਾਸਕੋ ਵਿਚਕਾਰ ਪਾੜਾ ਪਾਉਣ ਦੀ ਬੇਤਾਬ ਕੋਸ਼ਿਸ਼ ਕਰ ਰਿਹਾ ਹੈ, ਦੋਵੇਂ ਦੇਸ਼ ਆਪਣੀ ਸਾਂਝੇਦਾਰੀ ਨੂੰ ਇਸ ਤਰੀਕੇ ਨਾਲ ਡੂੰਘਾ ਕਰਨ ਵਾਲੇ ਹਨ ਜੋ ਪੱਛਮ ਨੂੰ ਝੰਜੋੜ ਦੇਵੇਗਾ।



ਜ਼ਿਕਰਯੋਗ ਹੈ ਕਿ ਟਰੰਪ ਨੇ. ਭਾਰਤ-ਰੂਸ ਸਬੰਧਾਂ ਨੂੰ ਕਮਜ਼ੋਰ ਕਰਨ ਦੇ ਕਈ ਤਰੀਕੇ ਅਜ਼ਮਾਏ, ਜਿਸ 'ਚ ਰੂਸੀ ਤੇਲ ਫਰਮਾਂ 'ਤੇ ਪਾਬੰਦੀਆਂ, ਉੱਚ ਟੈਰਿਫ ਦੀਆਂ ਧਮਕੀਆਂ ਤੇ ਰੂਸੀ ਕੱਚਾ ਤੇਲ ਖਰੀਦਣਾ ਬੰਦ ਕਰਨ ਦਾ ਦਬਾਅ ਸ਼ਾਮਲ ਹੈ ਪਰ ਭਾਰਤ ਨੇ ਹਾਰ ਨਹੀਂ ਮੰਨੀ। ਇਹ ਰੂਸ ਦਾ ਦੂਜਾ ਸਭ ਤੋਂ ਵੱਡਾ ਤੇਲ ਗਾਹਕ ਬਣਿਆ ਹੋਇਆ ਹੈ, ਇਕ ਮਹੀਨੇ 'ਚ ਲਗਭਗ 22,170 ਕਰੋੜ ਰੁਪਏ ਦੀ ਦਰਾਮਦ ਕਰਦਾ ਹੈ। ਅਮਰੀਕੀ ਦਬਾਅ ਦੇ ਬਾਵਜੂਦ, ਭਾਰਤ ਆਪਣੀ ਰਣਨੀਤਕ ਖੁਦਮੁਖਤਿਆਰੀ ਦੀ ਨੀਤੀ 'ਤੇ ਕਾਇਮ ਹੈ। ਪਰ ਵਪਾਰ ਸਿਰਫ਼ ਸ਼ੁਰੂਆਤ ਹੈ। ਇਸ ਤੋਂ ਇਲਾਵਾ ਰੱਖਿਆ ਸੌਦੇ ਹੋਣਗੇ ਤੇ ਰੂਸ ਇਕ ਨਵੇਂ ਗਤੀਸ਼ੀਲਤਾ ਸਮਝੌਤੇ ਦੇ ਤਹਿਤ ਲਗਭਗ 70,000 ਭਾਰਤੀ ਕਾਮਿਆਂ ਦਾ ਸਵਾਗਤ ਕਰਨ ਲਈ ਤਿਆਰ ਹੈ, ਜਿਸ ਨਾਲ ਮਹੱਤਵਪੂਰਨ ਨੌਕਰੀਆਂ ਦੇ ਮੌਕੇ ਪੈਦਾ ਹੋਣਗੇ।

# ਮੈਨੂੰ ਚੱਪਲਾਂ ਨਾਲ ਕੁੱਟਣ ਦੀ ਕੋਸ਼ਿਸ਼ ਕੀਤੀ ਗਈ: ਰੋਹਿਨੀ

**ਪਟਨਾ:** ਰਾਜਦ ਮੁਖੀ ਲਾਲੂ ਪ੍ਰਸਾਦ ਦੀ ਬੇਟੀ ਰੋਹਿਨੀ ਅਚਾਰਿਆ ਨੇ ਆਪਣੇ ਭਰਾ ਤੇਜਸਵੀ ਯਾਦਵ ਦੇ ਗੁਰਗਿਆਂ 'ਤੇ ਦੋਸ਼ ਲਗਾਇਆ ਕਿ ਉਨ੍ਹਾਂ ਨੇ ਕਰੋੜਾਂ ਰੁਪਏ ਅਤੇ ਪਾਰਟੀ ਟਿਕਟ ਦੇ ਬਦਲੇ ਉਨ੍ਹਾਂ ਦੇ ਪਿਤਾ ਨੂੰ ਖਰਾਬ ਗੁਰਦਾ ਦਾਨ ਕੀਤਾ। ਅਚਾਰਿਆ ਨੇ ਰਾਜਨੀਤੀ ਛੱਡਣ ਅਤੇ ਆਪਣੇ ਪਰਿਵਾਰ ਨਾਲ ਨਾਤਾ ਤੋੜਨ ਦੇ ਐਲਾਨ ਦੇ ਇਕ ਦਿਨ ਬਾਅਦ ਐਕਸ 'ਤੇ ਕੁਝ ਪੋਸਟ ਲਿਖ ਕੇ ਆਪਣਾ ਗੁੱਸਾ ਕੱਢਿਆ ਅਤੇ ਦੋਸ਼ ਲਗਾਇਆ ਕਿ ਤੇਜਸਵੀ, ਰਾਜ ਸਭਾ ਮੈਂਬਰ ਸੰਜੇ ਯਾਦਵ ਅਤੇ ਰਮੀਜ, ਜੋ ਕਿ ਉਸ ਦੇ ਭਰਾ ਦੇ ਕ੍ਰਿਕਟ ਦੇ ਦਿਨਾਂ ਤੋਂ ਦੋਸਤ ਹਨ, ਨੇ ਉਨ੍ਹਾਂ ਵਲ ਚਪਲ ਉਛਾਲੀ ਅਤੇ ਘਰ ਤੋਂ ਕੱਢ ਦਿੱਤਾ। ਪਿਛਲੇ ਸਾਲ ਆਮ ਚੋਣਾਂ 'ਚ ਸਾਰਨ ਲੋਕ ਸਭਾ ਸੀਟ ਤੋਂ ਚੋਣ ਲੜਨ ਵਾਲੀ ਅਚਾਰਿਆ ਨੇ ਕਿਹਾ ਕਿ ਮੈਨੂੰ ਗਾਲਾਂ ਕੱਢੀਆਂ ਗਈਆਂ ਅਤੇ ਮੇਰੇ 'ਤੇ ਆਪਣੇ ਪਿਤਾ ਨੂੰ ਆਪਣਾ ਖਰਾਬ ਗੁਰਦਾ ਦਾਨ ਕਰਨ ਦਾ ਦੋਸ਼ ਲਗਾਇਆ ਗਿਆ ਤੇ ਉਹ ਵੀ ਕਰੋੜਾਂ ਰੁਪਏ ਅਤੇ ਪਾਰਟੀ ਟਿਕਟ ਦੇ ਬਦਲੇ 'ਚ।' ਤੇਜਸਵੀ ਅਤੇ ਸੰਜੇ ਯਾਦਵ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਕਿਹਾ ਕਿ ਮੈਂ ਸਾਰੀਆਂ ਵਿਆਹੁਤਾ ਔਰਤਾਂ ਨੂੰ ਕਹਾਂਗੀ ਕਿ ਉਹ ਆਪਣੇ ਮਾਤਾ-ਪਿਤਾ ਨੂੰ ਬਚਾਉਣ ਲਈ ਕੁਝ ਵੀ ਨਾ ਕਰਨ ਅਤੇ ਜੇਕਰ ਉਨ੍ਹਾਂ ਦਾ ਕੋਈ ਭਰਾ ਹੈ ਤਾਂ ਉਸ ਨੂੰ ਹੀ ਆਪਣਾ ਗੁਰਦਾ ਦਾਨ ਕਰਨ ਲਈ ਕਹਿਣਾ ਚਾਹੀਦਾ ਹੈ ਜਾਂ ਆਪਣੇ ਹਰਿਆਣਵੀ ਦੋਸਤ ਨੂੰ ਅਜਿਹਾ ਕਰਨ ਲਈ ਕਹਿਣਾ ਚਾਹੀਦਾ ਹੈ। ਅਚਾਰਿਆ, ਜੋ ਕਿ ਸਿੰਗਾਪੁਰ ਰਹਿੰਦੀ ਹੈ ਅਤੇ ਜਿਥੇ ਉਨ੍ਹਾਂ ਦੇ ਪਿਤਾ ਦੀ ਤਿੰਨ ਸਾਲ ਪਹਿਲਾਂ ਗੁਰਦਾ ਟ੍ਰਾਂਸਪਲਾਂਟ ਹੋਇਆ ਸੀ, ਨੇ ਅੱਗੇ ਕਿਹਾ, ਮੈਂ ਆਪਣੇ ਪਤੀ ਜਾਂ ਸਹੁਰਾ ਪਰਿਵਾਰ ਦੀ ਆਗਿਆ ਲਏ ਬਗੈਰ ਜਾਂ ਆਪਣੇ ਤਿੰਨ ਬੱਚਿਆਂ ਬਾਰੇ ਸੋਚੇ ਬਿਨਾਂ ਆਪਣਾ ਗੁਰਦਾ ਦਾਨ ਕਰਕੇ ਪਾਪ ਕੀਤਾ, ਕਿਸੇ ਬੇਟੀ ਦਾ ਹਸ਼ਰ ਰੋਹਿਨੀ ਵਰਗਾ ਨਾ ਹੋਵੇ।' ਇਕ ਹੋਰ ਪੋਸਟ 'ਚ ਉਨ੍ਹਾਂ ਨੇ ਦੋਸ਼ ਲਗਾਇਆ ਕਿ ਇਕ ਵਿਆਹੁਤਾ ਔਰਤ ਅਤੇ ਇਕ ਮਾਂ ਹੋਣ ਦੇ ਬਾਵਜੂਦ ਉਨ੍ਹਾਂ ਨੂੰ ਗਾਲਾਂ ਕੱਢੀਆਂ ਗਈਆਂ, ਉਨ੍ਹਾਂ 'ਤੇ ਸੁੱਟਣ ਲਈ ਚੱਪਲ ਉਠਾਈ ਗਈ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਮਾਤਾ-ਪਿਤਾ ਅਤੇ ਭੈਣਾਂ ਨੂੰ ਛੱਡ ਕੇ, ਰੋਂਦਿਆਂ ਹੋਇਆਂ ਘਰ ਛੱਡਣਾ ਪਿਆ। ਉਨ੍ਹਾਂ ਕਿਹਾ,'ਮੈਂ ਅਨਾਥ ਹੋ ਗਈ ਹਾਂ। ਕਿਸੇ ਵੀ ਘਰ 'ਚ ਰੋਹਿਣੀ ਵਰਗੀ ਬੇਟੀ ਅਤੇ ਭੈਣ ਪੈਦਾ ਨਾ ਹੋਵੇ।'



**ਪਿਛਲੇ ਸਾਲ ਆਮ ਚੋਣਾਂ 'ਚ ਸਾਰਨ ਲੋਕ ਸਭਾ ਸੀਟ ਤੋਂ ਚੋਣ ਲੜਨ ਵਾਲੀ ਅਚਾਰਿਆ ਨੇ ਕਿਹਾ ਕਿ ਮੈਨੂੰ ਗਾਲਾਂ ਕੱਢੀਆਂ ਗਈਆਂ ਅਤੇ ਮੇਰੇ 'ਤੇ ਆਪਣੇ ਪਿਤਾ ਨੂੰ ਆਪਣਾ ਖਰਾਬ ਗੁਰਦਾ ਦਾਨ ਕਰਨ ਦਾ ਦੋਸ਼ ਲਗਾਇਆ ਗਿਆ।**

# ਬਿਜਲੀ ਸੋਧ ਬਿੱਲ 2025 ਵਿਰੁੱਧ ਕਿਸਾਨ ਮਜ਼ਦੂਰ ਮੋਰਚੇ ਵਲੋਂ ਪੁਤਲੇ ਫੂਕ ਪ੍ਰਦਰਸ਼ਨ

**ਚੰਡੀਗੜ੍ਹ:** ਕੇ.ਐਮ.ਐਮ. (ਕਿਸਾਨ ਮਜ਼ਦੂਰ ਮੋਰਚਾ) ਵਲੋਂ ਬਿਜਲੀ ਸੋਧ ਬਿੱਲ 2025 ਦੇ ਖ਼ਿਲਾਫ਼ ਪੁਤਲੇ ਫੂਕ ਪ੍ਰਦਰਸ਼ਨ ਕੀਤੇ ਗਏ। ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਦੱਸਿਆ ਕਿ ਤਿੰਨ ਦਿਨਾ ਸੱਦੇ ਦੇ ਚੱਲਦੇ ਦੂਜੇ ਦਿਨ 750 ਦੇ ਲਗਭਗ ਪਿੰਡਾਂ ਵਿਚ ਬਿਜਲੀ ਸੋਧ ਬਿੱਲ 2025 ਦੇ ਖਰੜੇ ਖ਼ਿਲਾਫ਼ ਵੱਡੇ ਇਕੱਠ ਕਰਕੇ ਪੁਤਲੇ ਫੂਕਣ ਦੇ ਸੱਦੇ ਨੂੰ ਆਮ ਜਨਤਾ ਵਲੋਂ ਭਰਵਾਂ ਹੁੰਗਾਰਾ ਮਿਲਿਆ। ਉਨ੍ਹਾਂ ਕਿਹਾ ਕਿ ਇਹ ਖਰੜਾ ਜੇਕਰ ਕਾਨੂੰਨ ਦਾ ਰੂਪ ਧਾਰਨ ਕਰ ਜਾਂਦਾ ਹੈ ਤਾਂ ਬਿਜਲੀ ਅਦਾਰਾ ਨਿੱਜੀ ਹੱਥਾਂ 'ਚ ਚਲਾ ਜਾਵੇਗਾ ਤੇ ਬਿਜਲੀ ਅਤਿ ਮਹਿੰਗੀ ਹੋ ਜਾਵੇਗੀ। ਉਨ੍ਹਾਂ ਕਿਹਾ ਕਿ ਜਿਵੇਂ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਰਾਜਾਂ ਦੇ ਅਧਿਕਾਰ ਕੁਚਲੇ ਜਾ ਰਹੇ ਹਨ ਉਹ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਕੇਂਦਰ ਵਲੋਂ ਲਿਆਂਦੇ ਗਏ ਬਿਜਲੀ ਸੋਧ ਬਿੱਲ 2025 ਦੇ ਖਰੜੇ ਨੂੰ ਲੈ ਕੇ ਜਿਵੇਂ ਪੰਜਾਬ ਸਰਕਾਰ ਨੇ ਰਹੱਸਮਈ ਤਰੀਕੇ ਨਾਲ ਚੁੱਪ ਵੱਟੀ ਹੋਈ ਹੈ ਉੱਥੇ ਹੀ ਆਮ ਕਿਸਾਨ ਮਜ਼ਦੂਰ ਪੁਤਲਾ ਫੂਕ ਪ੍ਰਦਰਸ਼ਨ ਕਰਕੇ ਦੋਵਾਂ ਸਰਕਾਰਾਂ ਨੂੰ ਹੋਸ਼ ਸੰਭਾਲਣ ਦਾ ਸੁਨੇਹਾ ਦੇ ਰਹੇ ਹਨ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨਿੱਜੀਕਰਨ ਦੀ ਨੀਤੀ ਤਹਿਤ ਲਿਆਂਦਾ ਗਿਆ ਬਿਜਲੀ ਸੋਧ ਬਿੱਲ 2025 ਦਾ ਖਰੜਾ ਰੱਦ ਕਰਕੇ 1948 ਦਾ ਲੋਕ ਪੱਖੀ ਬਿਜਲੀ ਐਕਟ ਲਾਗੂ ਕਰੇ।



# ਵਿਕਾਸ ਪ੍ਰਤੀ ਵਚਨਬੱਧਤਾ ਸਾਨੂੰ ਚੋਣਾਂ ਜਿੱਤਣ 'ਚ ਮਦਦ ਕਰਦੀ ਹੈ: ਮੋਦੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਬਿਹਾਰ ਚੋਣ ਨਤੀਜਿਆਂ ਨੇ ਇਹ ਸਬਕ ਸਿਖਾਇਆ ਹੈ ਕਿ ਲੋਕਾਂ ਦੀਆਂ ਸਰਕਾਰ ਤੋਂ ਇੱਛਾਵਾਂ ਬਹੁਤ ਉਚੀਆਂ ਹਨ ਅਤੇ ਉਹ ਚੰਗੇ ਇਰਾਦਿਆਂ ਵਾਲੀਆਂ ਰਾਜਨੀਤਕ ਪਾਰਟੀਆਂ 'ਤੇ ਭਰੋਸਾ ਕਰਦੇ ਹਨ। ਉਨ੍ਹਾਂ ਕਿਹਾ ਕਿ ਵਿਕਾਸ ਪ੍ਰਤੀ ਵਚਨਬੱਧਤਾ ਸਾਨੂੰ ਚੋਣਾਂ ਜਿੱਤਣ 'ਚ ਮਦਦ ਕਰਦੀ ਹੈ। 6ਵਾਂ ਰਾਮਨਾਥ ਗੋਇਨਕਾ ਭਾਸ਼ਣ ਦਿੰਦੇ ਹੋਏ ਮੋਦੀ ਨੇ ਕਿਹਾ ਕਿ ਭਾਵੇਂ ਇਹ ਕੇਂਦਰ ਸਰਕਾਰ ਹੋਵੇ ਜਾਂ ਖੇਤਰੀ ਪਾਰਟੀਆਂ ਦੀ ਅਗਵਾਈ ਵਾਲੀਆਂ ਰਾਜ ਸਰਕਾਰਾਂ, ਉਨ੍ਹਾਂ ਦਾ ਮੁੱਖ ਮਕਸਦ ਵਿਕਾਸ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕ ਅੱਜ ਉਨ੍ਹਾਂ ਰਾਜਨੀਤਕ ਪਾਰਟੀਆਂ 'ਤੇ ਭਰੋਸਾ ਕਰਦੇ ਹਨ ਜਿਨ੍ਹਾਂ ਦੇ ਚੰਗੇ ਇਰਾਦੇ ਹਨ ਅਤੇ ਜੋ ਲੋਕਾਂ ਦੀਆਂ ਇੱਛਾਵਾਂ ਅਤੇ ਵਿਕਾਸ ਨੂੰ ਤਰਜੀਹ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਰਾਜ ਸਰਕਾਰਾਂ ਦਾ ਧਿਆਨ ਨਿਵੇਸ਼ਾਂ ਨੂੰ ਆਕਰਸ਼ਿਤ ਕਰਕੇ ਵਿਕਾਸ ਨੂੰ ਬੜ੍ਹਾਵਾ ਦੇਣ 'ਤੇ ਕੇਂਦਰਿਤ ਹੋਣਾ ਚਾਹੀਦਾ ਹੈ। ਮੋਦੀ ਨੇ ਕਿਹਾ ਕਿ ਭਾਜਪਾ ਚੋਣਾਂ ਜਿੱਤਦੀ ਹੈ। ਕਿਉਂਕਿ ਇਹ ਹਰ ਸਮੇਂ ਲੋਕਾਂ ਦੇ ਵਿਕਾਸ ਤੇ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਨੇ ਕਿਹਾ ਕਿ ਦੁਨੀਆ ਭਾਰਤ ਦੇ ਵਿਕਾਸ ਮਾਡਲ ਨੂੰ 'ਉਮੀਦ ਦੇ ਮਾਡਲ' ਵਜੋਂ ਦੇਖ ਰਹੀ ਹੈ। ਵਿਸ਼ਵਵਿਆਪੀ ਅਸਥਿਰਤਾ ਦੇ ਬਾਵਜੂਦ ਸਾਡੀ ਜੀ.ਡੀ.ਪੀ. (ਵਿਕਾਸ ਦਰ) ਲਗਪਗ 7 ਪ੍ਰਤੀਸ਼ਤ ਦੀ ਦਰ ਨਾਲ ਵਧ ਰਹੀ ਹੈ, ਭਾਰਤ ਸਿਰਫ਼ ਇਕ ਉੱਭਰਦਾ ਬਾਜ਼ਾਰ ਹੀ ਨਹੀਂ ਹੈ, ਸਗੋਂ ਇਕ ਉੱਭਰਦਾ ਮਾਡਲ ਵੀ ਹੈ। ਮੋਦੀ ਨੇ ਕਿਹਾ ਕਿ ਭਾਰਤ ਇਕ ਵਿਕਸਤ ਰਾਸ਼ਟਰ ਬਣਨ ਲਈ ਬੇਚੈਨ ਹੈ, ਇਹ ਵਿਸ਼ਵਵਿਆਪੀ ਚੁਣੌਤੀਆਂ ਦੇ ਬਾਵਜੂਦ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ।



ਕਾਂਗਰਸ 'ਤੇ ਵੀ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਨਕਸਲਵਾਦ ਅਤੇ ਮਾਓਵਾਦੀ ਅੱਤਵਾਦ ਦਾ ਸਮਰਥਨ ਕਰਨ ਵਾਲੀਆਂ ਤਾਕਤਾਂ ਦੇਸ਼ 'ਚ ਆਪਣਾ ਆਧਾਰ ਗੁਆ ਰਹੀਆਂ ਹਨ ਪਰ ਮੁੱਖ ਵਿਰੋਧੀ ਧਿਰ 'ਚ ਉਨ੍ਹਾਂ ਦੀ ਪਕੜ ਮਜ਼ਬੂਤ ਹੋ ਰਹੀ ਹੈ।

# ਯੂ.ਕੇ. ਦੀ ਸੰਸਦ 'ਚ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਸੰਬਧੀ ਸਮਾਗਮ





**ਲੰਡਨ:** ਯੂ.ਕੇ. ਦੀ ਸੰਸਦ ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ।

ਇਹ ਸਮਾਗਮ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫ਼ਾਰ ਸਿੱਖਸ, ਸਿੱਖ ਫੈਡਰੇਸ਼ਨ ਯੂ.ਕੇ. ਤੇ ਸਿੱਖ ਨੈਟਵਰਕ ਦੇ ਸਹਿਯੋਗ ਨਾਲ ਕਰਵਾਇਆ ਗਿਆ। ਇਸ ਮੌਕੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ, ਉਨ੍ਹਾਂ ਦੇ ਜੀਵਨ, ਸੰਸਦ ਸਿੱਖ ਫ਼ਿਲਾਸਫ਼ੀ ਤੇ ਵਿਸ਼ਵਾਸ ਦੀ ਅਮਰੀਕ ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਲਈ ਦਿੱਤੇ ਗਏ ਸਿਧਾਂਤ ਤੇ ਕੁਰਬਾਨੀ ਬਾਰੇ ਵਿਚਾਰਾਂ ਹੋਈਆਂ। ਸਮਾਗਮ ਦੀ ਸ਼ੁਰੂਆਤ ਕਰਦਿਆਂ ਭਾਈ ਕਰਨਜੀਤ ਸਿੰਘ ਤੇ ਖ਼ਾਲਸਾ ਅਕੈਡਮੀ ਯੂ.ਕੇ. ਦੇ ਬੱਚਿਆਂ ਨੇ ਗੁਰਬਾਣੀ ਕਰਿਤਨ ਗਾਇਨ ਕੀਤਾ। ਇਸ ਸਮਾਗਮ 'ਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫ਼ਾਰ ਸਿੱਖ ਦੇ ਚੇਅਰਮੈਨ ਜਸ ਅਠਵਾਲ, ਸੰਸਦ ਮੈਂਬਰ ਪ੍ਰੀਤ ਕੌਰ ਗਿੱਲ, ਸੰਸਦ ਮੈਂਬਰ ਹਰਪ੍ਰੀਤ ਕੌਰ ਉੱਪਲ, ਸੰਸਦ ਮੈਂਬਰ ਵਰਿੰਦਰ ਸਿੰਘ ਜੱਸ, ਸੰਸਦ ਮੈਂਬਰ ਸੁਰੀਨਾ ਬ੍ਰੈਕਨਰਿਜ, ਡਾ: ਲੋਰੇਨ ਸੁਲੀਵਾਨ, ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਤੇ ਸੇਲੀ ਜੇਮਸਨ ਆਦਿ ਹਾਜ਼ਰ ਹੋਏ।

ਡਾ: ਹਰਜਿੰਦਰ ਸਿੰਘ ਲਾਲੀ ਨੇ ਯੂ.ਐਸ.ਏ. ਢਾਂਚੇ ਤੇ ਰਾਸ਼ਟਰੀ ਸਿੱਖਿਆ ਬੋਰਡਾਂ ਅੰਦਰ ਰਸਮੀ ਮਾਨਤਾ ਬਾਰੇ ਕਿਹਾ ਇਹ ਪ੍ਰਸਾਰੇ ਲਈ ਅਹਿਮ ਪ੍ਰਾਪਤੀ ਹੈ। ਇਸ ਤੋਂ ਇਲਾਵਾ ਡਾ: ਐਲਿਸ ਜਿਲ ਐਡਵਰਡਸ ਦੀ ਮਨੁੱਖੀ ਅਧਿਕਾਰਾਂ ਬਾਰੇ ਰਿਪੋਰਟ 'ਤੇ ਗੁਰਪ੍ਰੀਤ ਸਿੰਘ ਜੌਹਲ ਨੇ ਚਰਚਾ ਕੀਤੀ। ਦਬਿੰਦਰਜੀਤ ਸਿੰਘ ਓ.ਬੀ.ਈ., ਜਸ ਸਿੰਘ, ਮਨਕਮਲ ਸਿੰਘ ਨੇ ਸਿੱਖ ਮਸਲਿਆਂ ਸਬੰਧੀ ਵਿਚਾਰ ਪੇਸ਼ ਕੀਤੇ।

ਇਸ ਮੌਕੇ ਸਿੱਖ ਹੱਕਾਂ ਤੇ ਪ੍ਰਚਾਰ ਪ੍ਰਸਾਰ ਲਈ ਸਮੇਂ ਸਮੇਂ ਯੋਗਦਾਨ ਪਾਉਣ ਵਾਲੀਆਂ ਸ਼ਖ਼ਸੀਅਤਾਂ ਨੂੰ ਭਾਈ ਅਮਰੀਕ ਸਿੰਘ ਗਿੱਲ ਨੇ ਸਨਮਾਨ ਚਿੰਨ੍ਹ ਭੇਟ ਕੀਤੇ।

# ਦੇਸ਼ ਦੀ ਤਰੱਕੀ ਲਈ ਰਾਜਾਂ ਵਿਚਾਲੇ ਸਹਿਯੋਗ ਜ਼ਰੂਰੀ: ਨਾਇਬ ਸਿੰਘ ਸੈਣੀ

**ਚੰਡੀਗੜ੍ਹ:** ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਦੀ ਤਰੱਕੀ ਲਈ ਰਾਜਾਂ ਵਿਚਕਾਰ ਲਗਾਤਾਰ ਸਹਿਯੋਗ ਦਾ ਮਾਹੌਲ ਹੋਣਾ ਬਹੁਤ ਜ਼ਰੂਰੀ ਹੈ। ਆਪਣੇ ਸਰੋਤਾਂ ਨੂੰ ਇਕੱਠਾ ਕਰਕੇ, ਆਪਣੇ ਗਿਆਨ ਨੂੰ ਸਾਂਝਾ ਕਰਕੇ ਹੀ ਅਸੀਂ 'ਇਕ ਭਾਰਤ, ਸ਼ਾਨਦਾਰ ਭਾਰਤ' ਦੀ ਕਲਪਨਾ ਨੂੰ ਸਾਕਾਰ ਕਰ ਸਕਦੇ ਹਾਂ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 'ਵਿਕਸਿਤ ਭਾਰਤ 2047' ਦੇ ਮਜ਼ਬੂਤ ਇਰਾਦੇ ਨੂੰ ਸਾਕਾਰ ਕਰਨ ਦੀ ਦਿਸ਼ਾ ਵਿਚ ਹਰਿਆਣਾ ਨੇ ਕਈ ਸਫ਼ਲ ਯਤਨ ਕੀਤੇ ਹਨ। ਮੀਟਿੰਗ ਦੇ ਮਹੱਤਵਪੂਰਨ ਏਜੰਡਿਆਂ 'ਤੇ ਚਰਚਾ ਦੌਰਾਨ ਉਨ੍ਹਾਂ ਕਿਹਾ ਕਿ ਸਾਰੇ ਰਾਜਾਂ ਦੇ ਪਾਣੀ ਹਿੱਸੇ ਨੂੰ ਸੰਬੰਧਿਤ ਰਾਜ ਤੱਕ ਪਹੁੰਚਾਉਣ ਦੀ ਸਮੁੱਚਿਤ ਵਿਵਸਥਾ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਜੇਕਰ ਐਸ.ਵਾਈ.ਐਲ. ਦੇ ਰਸਤੇ ਹਰਿਆਣਾ ਨੂੰ ਆਪਣੇ ਹਿੱਸੇ ਦਾ ਪੂਰਾ ਪਾਣੀ ਮਿਲਦਾ ਹੈ ਤਾਂ ਰਾਜਸਥਾਨ ਨੂੰ ਵੀ ਉਸ ਦੇ ਹਿੱਸੇ ਦਾ ਪੂਰਾ ਪਾਣੀ ਮਿਲ ਸਕੇਗਾ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਗੁਰੂਆਂ ਦੀ ਧਰਤੀ ਹੈ, ਇਹ ਉਹ ਪਵਿੱਤਰ ਧਰਤੀ ਹੈ ਜਿੱਥੇ ਭਾਈ ਕਨ੍ਹੀਆ ਵਰਗੇ ਗੁਰੂ ਸੇਵਕ ਹੋਏ, ਜਿਨ੍ਹਾਂ ਨੇ ਯੁੱਧ ਭੂਮੀ ਵਿਚ ਜ਼ਖ਼ਮੀ ਪਏ ਦੁਸ਼ਮਣਾਂ ਦੇ ਸੈਨਿਕਾਂ ਨੂੰ ਵੀ ਪਾਣੀ ਪਿਲਾਇਆ। ਉਨ੍ਹਾਂ ਨੇ ਕੌਂਸਲ ਰਾਹੀਂ ਪੰਜਾਬ ਨੂੰ ਅਪੀਲ ਕੀਤੀ ਕਿ ਪਾਣੀ ਵਿਵਾਦ 'ਤੇ ਗੁਰੂਆਂ ਦੀ ਮਹਾਨ ਪਰੰਪਰਾਵਾਂ ਦਾ ਧਿਆਨ ਜ਼ਰੂਰ ਰੱਖਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਪਾਣੀ ਸਾਡਾ ਸਭ ਦਾ ਸਾਂਝਾ ਹੈ, ਤਾਂ ਇਸ ਨੂੰ ਸਾਫ਼ ਬਣਾਏ ਰੱਖਣਾ ਵੀ ਸਾਡੀ ਸਭ ਦੀ ਜ਼ਿੰਮੇਵਾਰੀ ਹੈ। ਨਾਇਬ ਸਿੰਘ ਸੈਣੀ ਨੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਜੇਕਰ ਹਰਿਆਣਾ ਦੇ ਕੁਝ ਕਾਲਜ ਇਸ ਯੂਨੀਵਰਸਿਟੀ ਨਾਲ ਜੁੜ ਜਾਣਗੇ ਤਾਂ ਹਰਿਆਣਾ ਦੇ ਵਿਦਿਆਰਥੀਆਂ ਅਤੇ ਯੂਨੀਵਰਸਿਟੀ ਦੋਵਾਂ ਨੂੰ ਲਾਭ ਹੋਵੇਗਾ। ਉਨ੍ਹਾਂ ਨੇ ਕਿਹਾ ਕਿ ਉੱਤਰੀ ਖੇਤਰੀ ਕੌਂਸਲ ਦੀ ਇਹ ਮੀਟਿੰਗ 'ਇਕ ਭਾਰਤ, ਸ਼ਾਨਦਾਰ ਭਾਰਤ' ਦਾ ਉਦਾਹਰਣ ਬਣੇਗੀ।



# ਪਾਕਿਸਤਾਨ 'ਚ ਗੋਪਾਲ ਸਿੰਘ ਚਾਵਲਾ 3 ਸਾਲ ਤੋਂ ਨਜ਼ਰਬੰਦ

## ਪਰਿਵਾਰ ਨਾਲ ਮਿਲਣ 'ਤੇ ਲਗਾਈ ਰੋਕ

**ਅੰਮ੍ਰਿਤਸਰ:** ਆਪਣੇ ਭਾਰਤ ਵਿਰੋਧੀ ਅਤੇ ਖ਼ਾਲਿਸਤਾਨ ਪੱਖੀ ਬਿਆਨਾਂ ਕਰਕੇ ਚਰਚਾ 'ਚ ਰਹਿਣ ਵਾਲੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਜਨਰਲ ਸਕੱਤਰ ਗੋਪਾਲ ਸਿੰਘ ਚਾਵਲਾ ਨੂੰ ਪਿਛਲੇ ਤਿੰਨ ਸਾਲ ਤੋਂ ਖ਼ੁਫ਼ੀਆ ਏਜੰਸੀ ਆਈ. ਐਸ. ਆਈ. ਵਲੋਂ ਨਜ਼ਰਬੰਦ ਰੱਖਿਆ ਗਿਆ ਹੈ ਅਤੇ ਉਸ ਨੂੰ ਸ੍ਰੀ ਨਨਕਾਣਾ ਸਾਹਿਬ ਦੇ ਬਾਲ ਲੀਲਾ ਮੁਹੱਲਾ ਵਿਖੇ ਰਹਿੰਦੇ ਪਰਿਵਾਰਕ ਮੈਂਬਰਾਂ ਨਾਲ ਮਿਲਣ ਦੀ ਮਨਜ਼ੂਰੀ ਨਹੀਂ ਹੈ। ਚਾਵਲਾ ਨੇ ਫ਼ੋਨ 'ਤੇ ਜਲੰਧਰ ਦੇ ਇਕ ਅਖ਼ਬਾਰ ਨਾਲ ਗੱਲਬਾਤ ਦੌਰਾਨ ਉਕਤ ਦਾਅਵਾ ਕਰਦਿਆਂ ਕਿਹਾ ਕਿ ਉਸ ਨੂੰ ਆਈ. ਐੱਸ. ਆਈ. ਵਲੋਂ ਪਾਕਿ ਦੇ ਇਕ ਬੇ-ਆਬਾਦ ਗੁਰਦੁਆਰਾ ਸਾਹਿਬ 'ਚ ਨਜ਼ਰਬੰਦ ਕਰ ਕੇ ਰੱਖਿਆ ਗਿਆ ਹੈ ਅਤੇ ਉਸ ਨੂੰ ਪਿਛਲੇ 3 ਸਾਲ ਵਿਚ ਸਿਰਫ਼ 4-5 ਵਾਰ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਜਾਣ ਦੀ ਮਨਜ਼ੂਰੀ ਦਿੱਤੀ ਗਈ। ਦੂਜੇ ਪਾਸੇ, ਅੱਜ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਸਾਬਕਾ ਐਮ. ਪੀ. ਏ. ਮਹਿੰਦਰਪਾਲ ਸਿੰਘ ਦੀ ਅਗਵਾਈ 'ਚ ਇਕੱਠੇ ਹੋਏ ਸ੍ਰੀ ਨਨਕਾਣਾ ਸਾਹਿਬ ਦੇ ਚਾਵਲਾ ਦੀ ਨਜ਼ਰਬੰਦੀ ਖ਼ਤਮ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਲੰਬੀ ਨਜ਼ਰਬੰਦੀ ਦੇ ਚੱਲਦਿਆਂ ਚਾਵਲਾ ਆਰਥਿਕ ਪੱਖੋਂ ਕਮਜ਼ੋਰ ਹੋਣ ਦੇ ਨਾਲ-ਨਾਲ ਬਿਮਾਰ ਵੀ ਹੋ ਚੁੱਕਿਆ ਹੈ।



# 'ਹਿੰਦ ਦੀ ਚਾਦਰ' ਫ਼ਿਲਮ ਨੂੰ ਰਿਲੀਜ਼ ਨਾ ਕੀਤਾ ਜਾਵੇ: ਮੰਨਣ

**ਅੰਮ੍ਰਿਤਸਰ:** ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣੀ ਐਨੀਮੇਸ਼ਨ ਫਿਲਮ 'ਹਿੰਦ ਦੀ ਚਾਦਰ' ਜਾਰੀ ਕਰਨ ਨੂੰ ਲੈ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਨੇ ਫਿਲਮ ਦੇ ਨਿਰਮਾਤਾ ਤੇ ਨਿਰਦੇਸ਼ਕ ਨੂੰ ਕਿਹਾ ਹੈ ਕਿ ਸਿੱਖ ਭਾਵਨਾਵਾਂ ਦੇ ਮੱਦੇਨਜ਼ਰ ਇਸ ਨੂੰ ਜਾਰੀ ਨਾ ਕੀਤਾ ਜਾਵੇ। ਮੰਨਣ ਨੇ ਕਿਹਾ ਕਿ ਬਵੇਜਾ ਮੂਵੀ ਪ੍ਰਾਈਵੇਟ ਲਿਮਟਿਡ ਵੱਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਜੀਵਨ 'ਤੇ ਬਣਾਈ ਗਈ ਇਸ ਫਿਲਮ ਵਿਚ ਸਿੱਖ ਸਿਧਾਂਤ, ਇਤਿਹਾਸ ਅਤੇ ਫਿਲਮਾਂਕਣ ਦੇ ਪੱਖ ਤੋਂ ਬਹੁਤ ਸਾਰੀਆਂ ਕਮੀਆਂ ਹਨ, ਜਿਸ ਦੇ ਮੱਦੇਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਆਦੇਸ਼ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਪੱਤਰ ਭੇਜ ਕੇ ਇਸ ਫਿਲਮ ਨੂੰ ਰਿਲੀਜ਼ ਨਾ ਕਰਨ ਦਾ ਆਦੇਸ਼ ਕੀਤਾ ਹੈ। ਉਨ੍ਹਾਂ ਆਖਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਆਦੇਸ਼ਾਂ ਦੀ ਰੌਸ਼ਨੀ ਵਿਚ ਫਿਲਮ ਚਲਾਉਣ ਦਾ ਫ਼ੈਸਲਾ ਵਾਪਸ ਲਿਆ ਜਾਵੇ। ਉਨ੍ਹਾਂ ਕਿਹਾ ਕਿ ਫਿਲਮ ਘੋਖ ਕਮੇਟੀ ਵੱਲੋਂ ਇਸ ਫਿਲਮ ਨੂੰ ਵੇਖਣ ਤੋਂ ਬਾਅਦ ਰਿਪੋਰਟ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਭੇਜੀ ਗਈ ਸੀ ਜਿਸ 'ਤੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਨੇ ਰੋਕ ਸਬੰਧੀ ਪੱਤਰ ਭੇਜਿਆ ਹੈ।



# 'ਆਪ੍ਰੇਸ਼ਨ ਸੰਧੂਰ' ਤਾਂ ਟ੍ਰੇਲਰ ਸੀ, ਅੱਗੇ ਲਈ ਤਿਆਰ ਹਾਂ: ਫ਼ੌਜੀ ਮੁਖੀ

**ਨਵੀਂ ਦਿੱਲੀ:** ਗੁਆਂਢੀ ਮੁਲਕ ਪਾਕਿਸਤਾਨ ਨੂੰ ਚਿਤਾਵਨੀ ਦਿੰਦਿਆਂ ਹਥਿਆਰਬੰਦ ਫ਼ੌਜਾਂ ਦੇ ਮੁਖੀ ਉਪੇਂਦਰ ਦਿਵੇਦੀ ਨੇ ਕਿਹਾ ਕਿ 'ਆਪ੍ਰੇਸ਼ਨ ਸੰਧੂਰ' ਤਾਂ ਬਸ ਇਕ ਟ੍ਰੇਲਰ ਸੀ, ਜੋ ਸਿਰਫ਼ 88 ਘੰਟਿਆਂ 'ਚ ਖ਼ਤਮ ਹੋ ਗਿਆ ਸੀ, ਪਾਕਿਤਾਨ ਗ਼ਲਤੀ ਕਰੇਗਾ ਤਾਂ ਉਸ ਨੂੰ ਸਬਕ ਸਿਖਾਇਆ ਜਾਏਗਾ। ਫ਼ੌਜ ਮੁਖੀ ਨੇ ਦਿੱਲੀ 'ਚ ਚਾਣਕਿਆ ਡਿਫੈਂਸ ਡਾਇਲਾਗ ਦੇ ਉਦਘਾਟਨੀ ਪ੍ਰੋਗਰਾਮ ਦੌਰਾਨ ਕਿਹਾ ਕਿ ਜਦੋਂ ਕੋਈ ਦੇਸ਼ ਸਿੱਧੇ ਅੱਤਵਾਦ ਨੂੰ ਬੜਾਵਾ ਦਿੰਦਾ ਹੈ ਤਾਂ ਇਹ ਭਾਰਤ ਲਈ ਚਿੰਤਾ ਦਾ ਵਿਸ਼ਾ ਬਣ ਜਾਂਦਾ ਹੈ।

ਭਾਰਤ ਤਰੱਕੀ ਦੀ ਗੱਲ ਕਰਦਾ ਹੈ ਜੇਕਰ ਕੋਈ ਸਾਡੀ ਰਾਹ 'ਚ ਰੁਕਾਵਟ ਖੜ੍ਹੀ ਕਰਦਾ ਹੈ ਤਾਂ ਸਾਨੂੰ ਉਸ ਦੇ ਖ਼ਿਲਾਫ਼ ਕੁਝ ਕਾਰਵਾਈ ਕਰਨੀ ਹੋਏਗੀ। ਉਨ੍ਹਾਂ ਕਿਹਾ ਕਿ ਅਸਲੀ ਤਾਕਤ ਉਹ ਜ਼ਮੀਨ ਨਾਲ ਜੋੜ ਕੇ ਵੇਖਦੀ ਹੀ ਹੁੰਦੀ ਹੈ, ਜਦੋਂ ਦੁਸ਼ਮਣ ਨੂੰ ਯਕੀਨ ਹੋਵੇ ਕਿ ਜੇਕਰ ਉਸ ਨੇ ਕੋਈ ਗ਼ਲਤੀ ਕੀਤੀ ਤਾਂ ਭਾਰਤ । ਫ਼ੌਰੀ ਕਾਰਵਾਈ ਕਰੇਗਾ। ਫ਼ੌਜ ਮੁਖੀ ਨੇ ਕਿਹਾ ਕਿ ਭਾਰਤੀ ਫ਼ੌਜ ਭਵਿੱਖ ਨੂੰ ਹੈ। ਪਹਿਲਾਂ ਜੰਗ ਦੇ ਫ਼ੈਸਲੇ ਲੈਣ 'ਚ ਕਈ ਦਿਨ ਲਗ ਜਾਂਦੇ ਸਨ, ਪਰ ਹੁਣ ਹਾਲਾਤ ਬਦਲ ਚੁੱਕੇ ਹਨ । ਜੇਕਰ ਜੰਗ 48 ਘੰਟਿਆਂ 'ਚ ਵੀ ਲੜਨੀ ਪਏ ਤਾਂ ਦੇਸ਼ ਦੀ ਪੂਰੀ ਤਾਕਤ ਇਕੱਠੇ ਲਾਉਣੀ ਹੋਏਗੀ। ਜਨਰਲ ਦਿਵੇਦੀ ਨੇ ਕਿਹਾ ਕਿ ਜਦੋਂ ਅਸੀਂ 'ਨਿਊ ਤਾਂ ਅਸੀਂ ਕਿਹਾ ਹੈ ਕਿ ਗੱਲਬਾਤ ਅਤੇ ਅੱਤਵਾਦ ਇਕੱਠੇ ਨਹੀਂ ਚੱਲ ਸਕਦੇ। ਅਸੀਂ ਬਸ ਇਕ ਸ਼ਾਂਤੀਪੂਰਨ ਅਮਲ ਅਪਨਾਉਣ ਲਈ ਕਹਿ ਰਹੇ ਹਾਂ, ਜਿਸ 'ਚ ਅਸੀਂ ਸਹਿਯੋਗ ਕਰਾਂਗੇ। ਅਸੀਂ ਉਨ੍ਹਾਂ ਲੋਕਾਂ ਨੂੰ ਜਵਾਬ ਦੇਵਾਂਗੇ, ਜੋ ਅੱਤਵਾਦ ਨੂੰ ਉਤਸ਼ਾਹਿਤ ਕਰਦੇ ਹਨ।



# ਦਿੱਲੀ ਬੰਬ ਧਮਾਕਾ ਮਾਮਲੇ ’ਚ ਇਕ ਹੋਰ ਗ੍ਰਿਫ਼ਤਾਰ

## ਦੋਸ਼ੀ ਆਮਿਰ ਨੂੰ 10 ਦਿਨਾਂ ਦੇ ਰਿਮਾਂਡ ‘ਤੇ ਭੇਜਿਆ



**ਨਵੀਂ ਦਿੱਲੀ:** ਦਿੱਲੀ ਬੰਬ ਧਮਾਕਾ ਮਾਮਲੇ ‘ਚ ਰਾਸ਼ਟਰੀ ਜਾਂਚ ਏਜੰਸੀ (ਐਨ.ਆਈ.ਏ) ਨੇ ਸ੍ਰੀਨਗਰ ਵਿੱਚ ਜਸੀਰ ਬਿਲਾਲ ਵਾਨੀ ਨੂੰ ਗ੍ਰਿਫ਼ਤਾਰ ਕੀਤਾ ਹੈ, ਜੋ ਆਤਮਘਾਤੀ ਹਮਲਾਵਰ ਉਮਰ ਉਨ ਨਬੀ ਦਾ ਇੱਕ ‘ਸਰਗਰਮ ਸਹਿ-ਸਾਜਿਸ਼ਕਰਤਾ’ ਹੈ। ਐਨ.ਆਈ.ਏ ਨੇ ਇੱਕ ਬਿਆਨ ਵਿੱਚ ਕਿਹਾ ਕਿ ਅਨੰਤਨਾਗ ਦੇ ਕਾਜ਼ੀਗੁੰਡ ਦੇ ਰਹਿਣ ਵਾਲੇ ਵਾਨੀ ਨੇ ਘਾਤਕ ਕਾਰ ਬੰਬ ਧਮਾਕੇ ਤੋਂ ਪਹਿਲਾਂ ਡਰੋਨਾਂ ਨੂੰ ਸੋਧ ਕੇ ਅਤੇ ਰਾਕੇਟ ਬਣਾਉਣ ਦੀ ਕੋਸ਼ਿਸ਼ ਕਰਕੇ ਅੱਤਵਾਦੀ ਹਮਲੇ ਕਰਨ ਲਈ ਕਥਿਤ ਤੌਰ’ਤੇ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਸੀ।

### ਮ੍ਰਿਤਕਾਂ ਦੀ ਗਿਣਤੀ 15 ਹੋਈ

ਲਾਲ ਕਿਲ੍ਹੇ ਨੇੜੇ 10 ਨਵੰਬਰ ਨੂੰ ਹੋਏ ਧਮਾਕੇ ਦੇ 2 ਹੋਰ ਜ਼ਖ਼ਮੀਆਂ ਦੇ ਐੱਲ.ਐੱਨ. ਜੇ.ਪੀ. ਹਸਪਤਾਲ ‘ਚ ਦਮ ਤੋੜ ਜਾਣ ਦੇ ਬਾਅਦ ਮ੍ਰਿਤਕਾਂ ਦੀ ਗਿਣਤੀ ਵਧ ਕੇ 15 ਹੋ ਗਈ ਹੈ। ਸੋਮਵਾਰ ਨੂੰ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਮ੍ਰਿਤਕਾਂ ਦੀ ਪਹਿਚਾਣ ਲੁਕਮਾਨ (50) ਅਤੇ ਵਿਨੇ ਪਾਠਕ ਵਜੋਂ ਹੋਈ ਹੈ । ਕਈ ਹੋਰ ਜ਼ਖ਼ਮੀ ਅਜੇ ਵੀ ਇਲਾਜ ਅਧੀਨ ਹਨ।

### ਜਾਂਚ ਏਜੰਸੀ ਨੂੰ ‘ਸ਼ੂ ਬੰਬਾਰ’ ਹੋਣ ਦਾ ਖਦਸ਼ਾ

ਦਿੱਲੀ ਬੰਬ ਧਮਾਕੇ ਦੀ ਪੜਤਾਲ ਕਰ ਰਹੀ ਜਾਂਚ ਏਜੰਸੀ ਨੂੰ ‘ਜੈਸ਼-ਏ-ਮੁਹੰਮਦ’ ਦੇ ਅੱਤਵਾਦੀ ਡਾ. ਉਮਰ ਮੁਹੰਮਦ ਦੇ ‘ਸ਼ੂ ਬੰਬਾਰ’ ਹੋਣ ਦਾ ਖਦਸ਼ਾ ਹੈ, ਜਿਸ ਨੇ ਆਪਣੀ ਜੁੱਤੀ ‘ਚ ਲੁਕਾਏ ਖ਼ਤਰਨਾਕ ਵਿਸਫੋਟਕ ਟੀ.ਏ.ਟੀ.ਪੀ. ਨਾਲ ਹਮਲਾ ਕੀਤਾ। ਹਲਕਿਆਂ ਮੁਤਾਬਿਕ ਜਾਂਚ ਟੀਮ ਨੂੰ ਧਮਾਕੇ ਵਾਲੀ ਥਾਂ ਤੋਂ ਕਾਰ ਦੀ ਡ੍ਰਾਈਵਿੰਗ ਸੀਟ ‘ਤੇ ਇਕ ਜੁੱਤੀ ਮਿਲੀ, ਜਿਸ ‘ਚ ਅਮੋਨੀਅਮ ਨਾਈਟ੍ਰੇਟ ਅਤੇ ਟੀ.ਏ.ਟੀ.ਪੀ. ਦੇ ਨਿਸ਼ਾਨ ਮਿਲੇ ਹਨ। ਹਲਕਿਆਂ ਮੁਤਾਬਿਕ ਜਾਂਚ ਏਜੰਸੀ ਦਾ ਮੰਨਣਾ ਹੈ ਕਿ ਜੈਸ਼ ਦੇ ਅੱਤਵਾਦੀਆਂ ਨੇ ਵੱਡੇ ਧਮਾਕੇ ਦੀ ਯੋਜਨਾ ਲਈ ਭਾਰੀ ਮਾਤਰਾ ‘ਚ ਟੀ.ਏ.ਟੀ.ਪੀ. ਇਕੱਠਾ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਕਾਰ ਦੀ ਪਿੱਛੇ ਦੀ ਸੀਟ ਦੇ ਹੇਠਾਂ ਵੀ ਵਿਸਫੋਟਕਾਂ ਦੇ ਸਬੂਤ ਮਿਲੇ ਹਨ। ਜ਼ਿਕਰਯੋਗ ਹੈ ਟੀ.ਏ.ਟੀ.ਪੀ. ਇਕ ਸ਼ਕਤੀਸ਼ਾਲੀ ਅਤੇ ਸੰਵੇਦਨਸ਼ੀਲ ਵਿਸਫੋਟਕ ਹੈ। ਬਿਨਾਂ ਰੰਗ ਅਤੇ ਮੁਸ਼ਕ ਵਾਲਾ ਇਹ ਪਦਾਰਥ ਛੋਟੇ ਝਟਕੇ ਜਾਂ ਗਰਮੀ ਨਾਲ ਵੀ ਫਟ ਸਕਦਾ ਹੈ। ਅੱਤਵਾਦੀ ਇਸ ਨੂੰ ‘ਮਦਰ ਆਫ਼ ਸ਼ੈਤਾਨ’ ਕਹਿੰਦੇ ਹਨ, ਕਿਉਂਕਿ ਇਹ ਬਣਾਉਣ ਵਾਲੇ ਨੂੰ ਵੀ ਮਾਰ ਸਕਦਾ ਹੈ। ਹਾਲਾਂਕਿ ਅੱਤਵਾਦੀ ਇਸ ਨੂੰ ਪਸੰਦ ਕਰਦੇ ਹਨ। ਹਲਕਿਆਂ ਮੁਤਾਬਿਕ ਧਮਾਕੇ ਦਾ ਪੈਟਰਨ ਦਸੰਬਰ 2001 ਦੇ ਰਿਕਾਰਡ ਰੀਡ ਮਾਮਲੇ ਨਾਲ ਮਿਲਦਾ-ਜੁਲਦਾ ਹੈ, ਜਦੋਂ ਪੈਰਿਸ-ਮਿਆਮੀ ਜਾ ਰਹੀ ਅਮਰੀਕੀ ਏਅਰਲਾਈਨਜ਼ ਦੀ ਉਡਾਣ ‘ਚ ਇਕ ‘ਸ਼ੂ ਬੰਬਰ’ ਨੇ ਟੀ.ਏ.ਟੀ.ਪੀ. ਨਾਲ ਧਮਾਕਾ ਕਰਨ ਦੀ ਨਾਕਾਮ ਕੋਸ਼ਿਸ਼ ਕੀਤੀ ਸੀ। ਜਾਂਚ ਟੀਮ ਮੁਤਾਬਿਕ ਉਮਰ ਮੁਹੰਮਦ ਦਾ ਇਕ ਪੈਰ ਸਟੀਅਰਿੰਗ ਵ੍ਹੀਲ ਨਾਲ ਚਿਪਕਿਆ ਮਿਲਿਆ ਸੀ, ਉਸੇ ਤੋਂ ਹੀ ਡੀ.ਐਨ.ਏ. ਵੀ ਮਿਲਿਆ ਹੈ। ਹਾਲਾਂਕਿ ਇਸ ਨੂੰ ਸ਼ੁਰੂਆਤੀ ਸਬੂਤ ਮੰਨਿਆ ਜਾ ਰਿਹਾ ਹੈ।

### ਅਦਾਲਤ ਨੇ ਦੋਸ਼ੀ ਆਮਿਰ ਨੂੰ 10 ਦਿਨਾਂ ਦੇ ਐਨ. ਆਈ. ਏ. ਰਿਮਾਂਡ ‘ਤੇ ਭੇਜਿਆ

ਰਾਸ਼ਟਰੀ ਪੜਤਾਲੀਆ ਏਜੰਸੀ (ਐਨ.ਆਈ.ਏ.) ਨੇ ਸੋਮਵਾਰ ਨੂੰ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਆਮਿਰ ਰਾਸ਼ਿਦ ਅਲੀ ਨੂੰ ਪਟਿਆਲਾ ਹਾਊਸ ਕੋਰਟ ‘ਚ ਪੇਸ਼ ਕੀਤਾ। ਸੁਣਵਾਈ ਤੋਂ ਬਾਅਦ ਅਦਾਲਤ ਨੇ ਆਮਿਰ ਨੂੰ 10 ਦਿਨਾਂ ਦੇ ਐਨ.ਆਈ. ਏ. ਦੀ ਰਿਮਾਂਡ ‘ਤੇ ਭੇਜ ਦਿੱਤਾ। ਧਮਾਕੇ ਲਈ ਇਸਤੇਮਾਲ ਕੀਤੀ ਗਈ ਹੁੰਡਈ ਆਈ 20 ਕਾਰ ਆਮਿਰ ਦੇ ਨਾਂਅ ‘ਤੇ ਰਜਿਸਟਰਡ ਸੀ। ਏਜੰਸੀ ਮੁਤਾਬਿਕ ਆਮਿਰ ਨੇ ਉਮਰ ਉਲ ਨਬੀ ਨੂੰ ਕਾਰ ਹਾਸਿਲ ਕਰਨ ‘ਚ ਮਦਦ ਕੀਤੀ ਸੀ । ਦਿੱਲੀ ਪੁਲਿਸ ਵਲੋਂ ‘ਵਰਸਿਟੀ ਦਾ ਚੇਅਰਮੈਨ ਤਲਬ ਦਿੱਲੀ ਪੁਲਿਸ ਨੇ ਅਲ ਫਲਾਹ ਯੂਨੀਵਰਸਿਟੀ ਦੇ ਚੇਅਰਮੈਨ ਜਾਵੇਦ ਅਹਿਮਦ ਸਿੱਦੀਕੀ ਨੂੰ ਤਲਬ ਕੀਤਾ ਹੈ। ਹਾਸਿਲ ਜਾਣਕਾਰੀ ਮੁਤਾਬਿਕ ਜਾਵੇਦ ਅਹਿਮਦ ਨੂੰ ਦੋ ਸੰਮਨ ਭੇਜੇ ਗਏ ਹਨ।

# ਹੁਣ ਸ਼ਰਨਾਰਥੀਆਂ ਦਾ ਯੂ.ਕੇ. ’ਚ ਸਥਾਈ ਤੌਰ ’ਤੇ ਰਹਿਣਾ ਮੁਸ਼ਕਿਲ

**ਲੰਡਨ:** ਬਰਤਾਨੀਆ ਹੁਣ ਇਮੀਗ੍ਰੇਸ਼ਨ ਨਿਯਮਾਂ ਨੂੰ ਹੋਰ ਵੀ ਸਖ਼ਤ ਕਰਨ ਜਾ ਰਿਹਾ ਹੈ। ਖ਼ਾਸ ਤੌਰ ‘ਤੇ ਸ਼ਰਨਾਰਥੀਆਂ ਲਈ। ਵੀ ਇੱਥੇ ਸਥਾਈ ਤੌਰ ‘ਤੇ ਰਹਿਣਾ ਆਸਾਨ ਨਹੀਂ ਹੋਵੇਗਾ। ਬਰਤਾਨਵੀ ਗ੍ਰਹਿ ਮੰਤਰੀ ਸ਼ਬਾਨਾ ਮਹਿਮੂਦ ਨੇ ਕਿਹਾ ਹੈ ਕਿ ਗੈਰ- ਕਾਨੂੰਨੀ ਇਮੀਗ੍ਰੇਸ਼ਨ ਬਰਤਾਨੀਆ ‘ਚ ਵੰਡ ਦਾ ਕਾਰਨ ਬਣ ਰਿਹਾ ਹੈ ਤੇ ਦੇਸ਼ ਨੂੰ ਇੱਕਜੁੱਟ ਕਰਨ ਲਈ ਸ਼ਰਨਾਰਥੀਆਂ ਲਈ ਸਥਾਈ ਨਿਵਾਸ ਪ੍ਰਾਪਤ ਕਰਨ ਲਈ 20 ਸਾਲਾਂ ਤੱਕ ਦੀ ਉਡੀਕ ਮਿਆਦ ਵਰਗੇ ਸਖ਼ਤ ਉਪਾਅ ਕਰਨ ਦੀ ਲੋੜ ਹੈ। ਹਾਊਸ ਆਫ਼ ਕਾਮਨਜ਼ ‘ਚ ਆਪਣੇ ਨਿਰਧਾਰਿਤ ਬਿਆਨ ਤੋਂ ਪਹਿਲਾਂ ਮੀਡੀਆ ਇੰਟਰਵਿਊ ਦੌਰਾਨ, ਦੱਖਣੀ ਏਸ਼ੀਆਈ ਵਿਰਾਸਤ ਦੇ ਕੈਬਨਿਟ ਮੰਤਰੀ ਨੇ ਇਨ੍ਹਾਂ ਮੁੱਦਿਆਂ ਨੂੰ ਦੇਸ਼ ਦੀ ਟੁੱਟੀ ਹੋਈ ਸ਼ਰਨ ਪ੍ਰਣਾਲੀ ਨੂੰ ਸੁਧਾਰਨ ਲਈ ਇਕ ‘ਨੈਤਿਕ ਮਿਸ਼ਨ’ ਦੱਸਿਆ। ਇਹ ਪਹਿਲਾਂ ਦੀਆਂ ਰਿਪੋਰਟਾਂ ਦੀ ਪੁਸ਼ਟੀ ਕਰਦਾ ਹੈ ਕਿ ਯੂ.ਕੇ. ਗ੍ਰਹਿ ਦਫ਼ਤਰ ਡੈਨਮਾਰਕ ਦੀ ਸਖ਼ਤ ਪ੍ਰਣਾਲੀ ਦੇ ਆਧਾਰ ਤੇ ਆਪਣੀ ਨਵੀਨਤਮ ਇਮੀਗ੍ਰੇਸ਼ਨ ਕਾਰਵਾਈ ਦੀ ਯੋਜਨਾ ਬਣਾ ਰਿਹਾ ਹੈ। ਗ੍ਰਹਿ ਮੰਤਰੀ ਨੇ ਕਿਹਾ ਕਿ ਮੈਂ ਦੇਖ ਰਹੀ ਹਾਂ ਕਿ ਗੈਰ-ਕਾਨੂੰਨੀ ਇਮੀਗ੍ਰੇਸ਼ਨ ਸਾਡੇ ਦੇਸ਼ ‘ਚ ਵੰਡ ਦਾ ਕਾਰਨ ਬਣ ਰਹੀ ਹੈ। ਇੱਕ ਲੇਬਰ ਸਰਕਾਰ ਦੇ ਤੌਰ ‘ਤੇ, ਸਾਡਾ ਕੰਮ ਦੇਸ਼ ਨੂੰ ਇੱਕਜੁੱਟ ਕਰਨਾ ਹੈ ਤੇ ਜੇਕਰ ਅਸੀਂ ਇਸ ਨੂੰ ਹੱਲ ਨਹੀਂ ਕਰਦੇ,



ਤਾਂ ਮੇਰਾ ਮੰਨਣਾ ਹੈ ਕਿ ਸਾਡਾ ਦੇਸ਼ ਹੋਰ ਵੀ ਵੰਡਿਆ ਜਾਵੇਗਾ। ਸਰਕਾਰ ਦੀਆਂ ਇਹਨਾਂ ਕਾਰਵਾਈਆਂ ਨੂੰ ਨਸਲਵਾਦੀ ਮੰਨੇ ਜਾਣ ਦੇ ਸ਼ੰਕੇ ਬਾਰੇ ਉਨ੍ਹਾਂ ਕਿਹਾ ਕਿ ਮੈਂ ਪ੍ਰਵਾਸੀਆਂ ਦੀ ਔਲਾਦ ਹਾਂ। ਮੇਰੇ ਮਾਤਾ-ਪਿਤਾ 60 ਦੇ ਦਹਾਕੇ ਦੇ ਅਖੀਰ ਤੇ 70 ਦੇ ਦਹਾਕੇ ਦੇ ਸ਼ੁਰੂ ‘ਚ ਕਾਨੂੰਨੀ ਤੌਰ ‘ਤੇ ਇਸ ਦੇਸ਼ ‘ਚ ਆਏ ਸਨ। ਇਹ ਮੇਰੇ ਲਈ ਇਕ ਨੈਤਿਕ ਮਿਸ਼ਨ ਹੈ। ਮੰਨਿਆ ਜਾ ਰਿਹਾ ਹੈ ਕਿ ਸ਼ਬਾਨਾ ਮਹਿਮੂਦ ਜਲਦੀ ਹੀ ਸੰਸਦ ‘ਚ ਇਹ ਐਲਾਨ ਕਰ ਸਕਦੀ ਹੈ ਕਿ ਬਰਤਾਨੀਆ ‘ਚ ਸ਼ਰਨਾਰਥੀ ਸਥਿਤੀ ਅਸਥਾਈ ਹੋਵੇਗੀ ਤੇ ਜਿਨ੍ਹਾਂ ਦੇ ਦੇਸ਼ ਸੁਰੱਖਿਅਤ ਮੰਨੇ ਜਾਂਦੇ ਹਨ, ਉਨ੍ਹਾਂ ਨੂੰ ਤੁਰੰਤ ਉਨ੍ਹਾਂ ਦੇ ਦੇਸ਼ਾਂ ‘ਚ ਭੇਜ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਸ਼ਰਨਾਰਥੀ ਸਥਿਤੀ ਦੀ ਹਰ 30 ਮਹੀਨਿਆਂ ਬਾਅਦ ਸਮੀਖਿਆ ਕੀਤੀ ਜਾਵੇਗੀ।

# ਅਫ਼ਸਰਾਂ ਨੂੰ ਵਟਸਐਪ ਗਰੁੱਪ ਛੱਡਣ ਦੇ ਨਿਰਦੇਸ਼!

**ਚੰਡੀਗੜ੍ਹ:** ਪੰਜਾਬ ਸਰਕਾਰ ਦੇ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਅਧਿਕਾਰੀ ਉਹ ਵਟਸਐਪ ਗਰੁੱਪ ਛੱਡ ਰਹੇ ਹਨ ਜਿਨ੍ਹਾਂ ‘ਚ ਅਧਿਕਾਰੀਆਂ ਤੋਂ ਬਿਨਾਂ ਰਾਜਸੀ ਲੋਕ ਤੇ ਪੱਤਰਕਾਰ ਵੀ ਸ਼ਾਮਲ ਹਨ। ਸੂਤਰਾਂ ਅਨੁਸਾਰ ਅਜਿਹਾ ਸਰਕਾਰ ਵੱਲੋਂ ਜਾਰੀ ਨਿਰਦੇਸ਼ਾਂ ਤਹਿਤ ਕੀਤਾ ਗਿਆ। ਹਾਲਾਂਕਿ ਇਸ ਸਬੰਧੀ ਕੋਈ ਲਿਖਤੀ ਪੱਤਰ ਜਾਰੀ ਨਹੀਂ ਕੀਤਾ ਗਿਆ ਪਰ ਸੂਤਰਾਂ ਦਾ ਕਹਿਣਾ ਹੈ ਕਿ ਅਧਿਕਾਰੀਆਂ ਨੂੰ ਇਸ ਸੰਬੰਧੀ ਜ਼ਬਾਨੀ ਨਿਰਦੇਸ਼ ਦਿੱਤਾ ਗਿਆ ਹੈ।ਪਿਛਲੇ ਦੋ-ਤਿੰਨ ਦਿਨਾਂ ਤੋਂ ਇਕ-ਇਕ ਕਰ ਕੇ ਪੰਜਾਬ ਸਰਕਾਰ ਦੇ ਕਈ ਅਧਿਕਾਰੀ ਇਕ ਵੱਡਾ ਵਟਸਐਪ ਗਰੁੱਪ ਛੱਡ ਚੁੱਕੇ ਹਨ। ਜਿਸ ‘ਚ ਪੰਜਾਬ, ਹਰਿਆਣਾ, ਚੰਡੀਗੜ੍ਹ ਨੂੰ ਕਵਰ ਕਰਨ ਵਾਲੇ ਪੱਤਰਕਾਰ, ਆਈਏਐੱਸ, ਆਈਪੀਐੱਸ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ, ਕੁਝ ਸਿਆਸੀ ਆਗੂ, ਸਿਆਸੀ ਪਾਰਟੀਆਂ ਦੇ ਪੀਆਰਓ ਸਮੇਤ ਕਈ ਹੋਰ ਵਿਅਕਤੀ ਸ਼ਾਮਲ ਹਨ। ਇਹ ਗਰੁੱਪ ਪਿਛਲੀਆਂ ਸਰਕਾਰਾਂ ਸਮੇਂ ਤੋਂ ਚੱਲਦਾ ਆ ਰਿਹਾ ਹੈ ਇਸ ਗਰੁੱਪ ‘ਚ ਆਮ ਤੌਰ ‘ਤੇ ਸੂਚਨਾਵਾਂ ਦਾ ਆਦਾਨ-ਪ੍ਰਦਾਨ ਹੁੰਦਾ ਹੈ। ਅਕਸਰ ਜਨਤਕ ਮੁੱਦਿਆਂ ‘ਤੇ ਚਰਚਾ ਹੁੰਦੀ ਹੈ। ਇਸ ਗਰੁੱਪ ‘ਚ ਸ਼ਾਮਲ ਪੱਤਰਕਾਰ ਤੇ ਹੋਰ ਲੋਕ ਸਮੇਂ-ਸਮੇਂ ‘ਤੇ ਬਿਜਲੀ, ਸੀਵਰੇਜ ਸਮੇਤ ਕਈ ਜਨਤਕ ਸਮੱਸਿਆਵਾਂ ਬਾਰੇ ਅਫ਼ਸਰਸ਼ਾਹੀ ਤੇ ਸਿਆਸਤਦਾਨਾਂ ਨੂੰ ਸੁਚੇਤ ਕਰਦੇ ਰਹਿੰਦੇ ਹਨ। ਸਿਆਸੀ ਆਗੂ ਤੇ ਅਧਿਕਾਰੀ ਇਨ੍ਹਾਂ ਦਾ ਨੋਟਿਸ ਲੈਂਦੇ ਹਨ ਤੇ ਸਮੱਸਿਆਵਾਂ ਦਾ ਹੱਲ ਵੀ ਕਰਵਾਉਂਦੇ ਹਨ। ਪਿਛਲੇ ਦਿਨਾਂ ‘ਚ ਹੜ੍ਹ ਦੌਰਾਨ ਸਰਕਾਰ ਨੂੰ ਇਸ ਗਰੁੱਪ ਜ਼ਰੀਏ ਕਾਫ਼ੀ ਜਾਣਕਾਰੀ ਵੀ ਮਿਲਦੀ ਰਹੀ ਹੈ। ਜਦਕਿ ਲੋਕ ਸੰਪਰਕ ਵਿਭਾਗ, ਆਮ ਆਦਮੀ ਪਾਰਟੀ ਤੇ ਹੋਰ ਸਿਆਸੀ ਪਾਰਟੀਆਂ ਦੇ ਵਟਸਐਪ ਗਰੁੱਪ ਸਿੰਗਲ ਟ੍ਰੈਕ ਹਨ। ਉਨ੍ਹਾਂ ਰਾਹੀਂ ਕੋਈ ਵੀ ਸਮੱਸਿਆ ਸਰਕਾਰ ਜਾਂ ਪ੍ਰਸ਼ਾਸਨਿਕ ਅਧਿਕਾਰੀਆਂ ਤੱਕ ਨਹੀਂ ਪੁੱਜਦੀ। ਕੋਈ ਹੋਰ ਵਿਅਕਤੀ ਇਸ ‘ਚ ਆਪਣੀ ਜਾਂ ਲੋਕ ਮੁੱਦੇ ਦੀ ਗੱਲ ਨਹੀਂ ਰੱਖ ਸਕਦਾ। ਪਿਛਲੇ ਦੋ-ਤਿੰਨ ਦਿਨਾਂ ਦੌਰਾਨ ਇਕ ਦਰਜਨ ਤੋਂ ਵੱਧ ਅਧਿਕਾਰੀ ਇਹ ਗਰੁੱਪ ਛੱਡ ਚੁੱਕੇ ਹਨ। ਹਾਲਾਂਕਿ ਕੋਈ ਵੀ ਇਸ ਬਾਰੇ ਖੁੱਲ੍ਹ ਕੇ ਬੋਲਣ ਲਈ ਤਿਆਰ ਨਹੀਂ ਪਰ ਸੂਤਰਾਂ ਦਾ ਕਹਿਣਾ ਹੈ ਕਿ ਸਿਵਲ ਸਕੱਤਰੇਤ ਦੀ ਛੇਵੀਂਮੰਜ਼ਿਲ ਸਥਿਤ ਇਕ ਖਾਸ ਵਿਭਾਗ ਦੇ ਉੱਚ ਅਧਿਕਾਰੀ ਨੇ ਅਫ਼ਸਰਾਂ ਨੂੰ ਜ਼ਬਾਨੀ ਨਿਰਦੇਸ਼ ਦਿੱਤੇ ਹਨ ਕਿ ਉਹ ਇਸ ਤਰ੍ਹਾਂ ਦੇ ਜਨਤਕ ਵਟਸਐਪ ਗਰੁੱਪ ਤੋਂ ਬਾਹਰ ਹੋ ਜਾਣ।ਸਿਵਲ ਤੇ ਪੁਲਿਸ ਦੋਵਾਂ ਅਧਿਕਾਰੀਆਂ ‘ਤੇ ਗਰੁੱਪ ਛੱਡਣ ਲਈ ਦਬਾਅ ਬਣਿਆ ਹੋਇਆ ਹੈ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਕਿ ਸਰਕਾਰ ਨੇ ਅਜਿਹਾ ਫ਼ੈਸਲਾ ਕਿਉਂ ਲਿਆ ਹੈ। ਗਰੁੱਪ ਛੱਡਣ ਵਾਲੇ ਅਫ਼ਸਰ ਕੁੱਝ ਵੀ ਕਹਿਣ ਨੂੰ ਤਿਆਰ ਨਹੀਂ ਹਨ, ਪਰ ਉਨ੍ਹਾਂ ਅੰਦਰ ਸਰਕਾਰ ਦੇ ਇਸ ਫ਼ੈਸਲੇ ਖ਼ਿਲਾਫ਼ ਕਾਫ਼ੀ ਨਾਰਾਜ਼ਗੀ ਹੈ। ਦਿਲਚਸਪ ਗੱਲ ਹੈ ਕਿ ਇਕ ਪਾਸੇ ਸਰਕਾਰ ਅਫ਼ਸਰਸ਼ਾਹੀ ਤੱਕ ਆਮ ਲੋਕਾਂ ਦੀ ਪਹੁੰਚ ਸੁਖਾਲੀ ਹੋਣ ਦੇ ਦਾਅਵੇ ਕਰ ਰਹੀ ਹੈ ਤੇ ਦੂਜੇ ਪਾਸੇ ਅਧਿਕਾਰੀ ਕਿਸੇ ਦਬਾਅ ਹੇਠ ਗਰੁੱਪ ‘ਚੋ ਬਾਹਰ ਹੋ ਰਹੇ ਹਨ।



ਓਧਰ ਜਦੋਂ ਇਸ ਬਾਰੇ ਪ੍ਰਸ਼ਾਸਨ ਵਿਭਾਗ ਦੀ ਪ੍ਰਿੰਸੀਪਲ ਸਕੱਤਰ ਗੋਰੀ ਪਰਾਸ਼ਰ ਜੋਸ਼ੀ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਦੱਸਿਆ ਕਿ ਵਿਭਾਗ ਵੱਲੋਂ ਇਸ ਤਰ੍ਹਾਂ ਦਾ ਕੋਈ ਗਰੁੱਪ ਨਹੀਂ ਬਣਾਇਆ ਗਿਆ ਤੇ ਉਹ ਇਸ ਬਾਰੇ ਨਹੀਂ ਦੱਸ ਸਕਦੇ ਹਨ।

# ਭੁੱਲਰ ਪਰਿਵਾਰ ਦੇ ਬੈਂਕ ਖਾਤੇ ਫ੍ਰੀਜ਼, ਖ਼ਰਚ ਚਲਾਉਣਾ ਹੋਇਆ ਔਖਾ



**ਚੰਡੀਗੜ੍ਹ:** ਪੰਜਾਬ ਪੁਲਿਸ ਦੇ ਮੁਅੱਤਲ ਡੀਆਈਜੀ ਹਰਚਰਨ ਸਿੰਘ ਭੁੱਲਰ ਦੀਆਂ ਮੁਸੀਬਤਾਂ ਵਧਦੀਆਂ ਜਾ ਰਹੀਆਂ ਹਨ। ਭੁੱਲਰ ਤੇ ਉਨ੍ਹਾਂ ਦੇ ਪਰਿਵਾਰ ਲਈ ਖ਼ਰਚ ਚਲਾਉਣਾ ਮੁਸ਼ਕਲ ਹੋ ਗਿਆ ਹੈ। ਸੀਬੀਆਈ ਨੇ ਭੁੱਲਰ ਦਾ ਸੈਲਰੀ ਅਕਾਊਂਟ ਤਾਂ ਫ੍ਰੀਜ਼ ਕੀਤਾ ਹੀ ਹੈ, ਨਾਲ ਹੀ ਉਨ੍ਹਾਂ ਦੇ ਬੇਟੇ ਦਾ ਸੈਲਰੀ ਅਕਾਊਂਟ ਤੇ ਪਿਤਾ ਦਾ ਪੈਨਸ਼ਨ ਖਾਤਾ ਵੀ ਫ੍ਰੀਜ਼ ਕਰ ਦਿੱਤਾ ਹੈ। ਉਨ੍ਹਾਂ ਦੇ ਪਰਿਵਾਰ ਨੂੰ ਖੇਤੀਬਾੜੀ ਤੇ ਕਿਰਾਏ ਤੋਂ ਜਿਹੜੀ ਆਮਦਨ ਹੋ ਰਹੀ ਸੀ, ਉਹ ਵੀ ਹੁਣ ਖਾਤੇ ਤੋਂ ਨਿਕਲ ਨਹੀਂ ਪਾ ਰਹੀ। ਹਰਚਰਨ ਸਿੰਘ ਭੁੱਲਰ ਦੇ ਵਕੀਲ ਐੱਸਪੀਐੱਸ ਭੁੱਲਰ ਨੇ ਸੋਮਵਾਰ ਨੂੰ ਜ਼ਿਲ੍ਹਾ ਅਦਾਲਤ ‘ਚ ਅਰਜ਼ੀ ਦਾਇਰ ਕਰ ਕੇ ਉਨ੍ਹਾਂ ਦੇ ਬੈਂਕ ਖਾਤੇ ਡੀ-ਫ੍ਰੀਜ਼ ਕਰਨ ਦੀ ਮੰਗ ਕੀਤੀ। ਇਸ ‘ਤੇ ਸੀਬੀਆਈ ਦੀ ਵਿਸ਼ੇਸ਼ ਅਦਾਲਤ ਨੇ ਸੀਬੀਆਈ ਨੂੰ ਜਵਾਬ ਦੇਣ ਲਈ ਨੋਟਿਸ ਜਾਰੀ ਕਰ ਦਿੱਤਾ ਹੈ।

# ਮਦੀਨਾ ’ਚ ਹੋਏ ਸੜਕ ਹਾਦਸੇ ਵਿਚ 42 ਭਾਰਤੀਆਂ ਦੀ ਮੌਤ

**ਨਵੀਂ ਦਿੱਲੀ:** ਸਾਊਦੀ ਅਰਬ ‘ਚ ਮਦੀਨਾ ਕੋਲ ਐਤਵਾਰ ਤੇ ਸੋਮਵਾਰ ਦੀ ਦਰਮਿਆਨੀ ਰਾਤ ਇਕ ਬੱਸ ਤੇ ਤੇਲ ਟੈਂਕਰ ਦੀ ਟੱਕਰ ‘ਚ 42 ਭਾਰਤੀ ਜ਼ਾਇਰੀਨਾਂ ਦੀ ਮੌਤ ਹੋ ਗਈ। ਇਹ ਸਾਰੇ ਜ਼ਾਇਰੀਨ ਉਮਰਾ ਲਈ ਤੇਲੰਗਾਨਾ ਤੋਂ ਸਾਊਦੀ ਅਰਬ ਪੁੱਜੇ ਸਨ। ਸਥਾਨਕ ਅਧਿਕਾਰੀਆਂ ਨੇ ਦੱਸਿਆ ਕਿ ਇਕ ਭਾਰਤੀ ਜਿਊਂਦਾ ਬਚਿਆ ਹੈ ਤੇ ਉਸ ਦਾ ਇਲਾਜ ਚੱਲ ਰਿਹਾ ਹੈ। ਬੱਸ ‘ਚ ਸਵਾਰ ਦੋ ਸਥਾਨਕ ਸਹਾਇਕ ਵੀ ਇਸ ਹਾਦਸੇ ‘ਚ ਮਾਰੇ ਗਏ। ਇਹ ਹਾਦਸਾ ਮਦੀਨਾ ਤੋਂ ਲਗਪਗ 40 ਕਿਲੋਮੀਟਰ ਦੂਰ ਸਥਾਨਕ ਸਮੇਂ ਮੁਤਾਬਕ ਰਾਤ ਲਗਪਗ 11 ਵਜੇ (ਭਾਰਤੀ ਸਮੇਂ ਮੁਤਾਬਕ ਰਾਤ 1.30 ਵਜੇ) ਹੋਇਆ। ਬੱਸ ਸੜਕ ਕੰਢੇ ਰੁਕੀ ਹੋਈ ਸੀ ਤੇ ਇਸੇ ਦੌਰਾਨ ਇਕ ਤੇਲ ਟੈਂਕਰ ਬੱਸ ਨਾਲ ਟਕਰਾ ਗਿਆ, ਜਿਸ ਨਾਲ ਧਮਾਕਾ ਹੋ ਗਿਆ। ਦੱਸਿਆ ਜਾ ਰਿਹਾ ਹੈ ਕਿ ਬੱਸ ਮੱਕਾ ਤੋਂ ਮਦੀਨਾ ਜਾ ਰਹੀ ਸੀ। ਸਾਊਦੀ ਅਧਿਕਾਰੀ ਹਾਦਸੇ ਦੇ ਕਾਰਨਾਂ ਦੀ ਜਾਂਚ ਕਰ ਰਹੇ ਹਨ।



ਭਾਰਤੀ ਮਿਸ਼ਨ ਦੇ ਅਧਿਕਾਰੀ ਸਥਾਨਕ ਅਧਿਕਾਰੀਆਂ ਦੇ ਨਾਲ ਮਿਲ ਕੇ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਕਰ ਰਹੇ ਹਨ। ਤੇਲੰਗਾਨਾ ਹਜ ਕਮੇਟੀ ਨੇ ਦੱਸਿਆ ਕਿ ਮ੍ਰਿਤਕਾਂ ‘ਚ 10 ਬੱਚੇ ਵੀ ਸ਼ਾਮਲ ਹਨ। ਹੈਦਰਾਬਾਦ ਦੇ ਪੁਲਿਸ ਕਮਿਸ਼ਨਰ ਵੀਸੀ ਸੱਜਨਾਰ ਨੇ ਕਿਹਾ ਕਿ ਸ਼ਹਿਰ ਤੋਂ ਕੁੱਲ 54 ਲੋਕ ਪਿਛਲੇ ਦਿਨੀਂ ਉਮਰਾ ਲਈ ਸਾਊਦੀ ਅਰਬ ਗਏ ਸਨ। ਉਨ੍ਹਾਂ ਨੇ 23 ਨਵੰਬਰ ਨੂੰ ਮੁੜਨਾ ਸੀ। ਜੇਦਾ ਸਥਿਤ ਭਾਰਤੀ ਮਿਸ਼ਨ ਨੇ ਸਹਾਇਤਾ ‘ਚ ਤਾਲਮੇਲ ਲਈ ਇਕ ਕੰਟਰੋਲ ਰੂਮ ਸਥਾਪਿਤ ਕੀਤਾ ਹੈ ਤੇ ਅਧਿਕਾਰੀਆਂ ਨੂੰ ਹਾਦਸੇ ਵਾਲੀ ਥਾਂ ‘ਤੇ ਭੇਜਿਆ ਹੈ। ਭਾਰਤੀ ਦੂਤਘਰ ਦੇ ਅਧਿਕਾਰੀ ਲਗਾਤਾਰ ਪੀੜਤ ਪਰਿਵਾਰਾਂ ਤੇ ਸਥਾਨਕ ਅਧਿਕਾਰੀਆਂ ਦੇ ਨਾਲ ਸੰਪਰਕ ‘ਚ ਹਨ। ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਤੇ ਤੇਲੰਗਾਨਾ ਦੇ ਮੁੱਖ ਮੰਤਰੀ ਰੇਵੰਤ ਰੈੱਡੀ ਨੇ ਹਾਦਸੇ ‘ਤੇ ਦੁੱਖ ਪ੍ਰਗਟਾਇਆ ਹੈ।

### ਇਕੋ ਹੀ ਪਰਿਵਾਰ ਦੇ 18 ਮੈਂਬਰ ਸਵਾਰ ਸਨ ਬੱਸ ‘ਚ

ਹਾਦਸਾਗ੍ਰਸਤ ਬੱਸ ‘ਚ ਹੈਦਰਾਬਾਦ ਦੇ ਇਕ ਹੀ ਪਰਿਵਾਰ ਦੀ ਤਿੰਨ ਪੀੜ੍ਹੀਆਂ ਦੇ 18 ਮੈਂਬਰ ਸਵਾਰ ਸਨ। ਸੇਵਾ ਮੁਕਤ ਰੇਲਵੇ ਮੁਲਾਜ਼ਮ ਸ਼ੇਖ ਨਜ਼ੀਰੂਦੀਨ ਇਸ ਮੰਦਭਾਗੀ ਬੱਸ ਰਾਹੀਂ ਆਪਣੀ ਪਤਨੀ ਅਖ਼ਤਰ ਬੇਗਮ, ਪੁੱਤਰ ਸਲਾਊਦੀਨ, ਤਿੰਨ ਧੀਆਂ-ਅਮੀਨਾ, ਰਿਜ਼ਵਾਨਾਂ ਤੇ ਸ਼ਬਾਨਾ ਤੇ ਉਨ੍ਹਾਂ ਦੇ ਬੱਚਿਆਂ ਦੇ ਨਾਲ ਮਦੀਨਾ ਜਾ ਰਹੇ ਸਨ। ਨਜ਼ੀਰੂਦੀਨ ਦੇ ਭਤੀਜੇ ਮੁਹੰਮਦ ਅਸਲਮ ਨੇ ਕਿਹਾ ਕਿ ਇਹ ਇਕ ਹਾਦਸਾ ਸੀ ਜਾਂ ਕੀ ਹੋਇਆ, ਸਾਨੂੰ ਨਹੀਂ ਪਤਾ। ਨਜ਼ੀਰੂਦੀਨ ਦਾ ਇਕ ਹੋਰ ਪੁੱਤਰ ਇਸ ਸਮੇਂ ਅਮਰੀਕਾ ‘ਚ ਹੈ।

# ਵਿਰਾਸਤ-ਏ-ਖ਼ਾਲਸਾ ’ਚ ਗੁਰੂ ਜੀ ਦੇ ਜੀਵਨ ’ਤੇ ਹੋਵੇਗਾ ਡ੍ਰੋਨ ਸ਼ੋਅ

**ਸ੍ਰੀ ਅਨੰਦਪੁਰ ਸਾਹਿਬ:** ਕੈਬਨਿਟ ਮੰਤਰੀ ਅਤੇ ਸ੍ਰੀ ਅਨੰਦਪੁਰ ਸਾਹਿਬ ਦੇ ਵਿਧਾਇਕ ਹਰਜੋਤ ਸਿੰਘ ਬੈਂਸ ਨੇ ਕਿਹਾ ਹੈ ਕਿ ਉੱਤਰੀ ਭਾਰਤ - ਦੇ ਇਤਿਹਾਸ ਵਿਚ ਪਹਿਲੀ ਵਾਰ 500 ਡ੍ਰੋਨਾਂ ਰਾਹੀਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫ਼ਲਸਫ਼ੇ ਅਤੇ ਲਾਸਾਨੀ ਸ਼ਹਾਦਤ ਬ ਨੂੰ ਅਸਮਾਨ ‘ਤੇ ਵਿਸ਼ਾਲ ਡ੍ਰੋਨ ਸ਼ੋਅ ਰਾਹੀਂ ਦਰਸਾਇਆ ਜਾਵੇਗਾ। ਇਹ ਇਤਿਹਾਸਕ - ਦ੍ਰਿਸ਼ 23 ਤੋਂ 29 ਨਵੰਬਰ ਤੱਕ ਵਿਰਾਸਤ- ਏ-ਖਾਲਸਾ ਵਿਖੇ ਸੰਗਤਾਂ ਲਈ ਪ੍ਰਦਰਸ਼ਿਤ ਕੀਤੇ ਜਾਣਗੇ ਜਿਸ ਦੀਆਂ ਤਿਆਰੀਆਂ ਜ਼ੋਰ-ਸ਼ੋਰ ਨਾਲ ਚੱਲ ਰਹੀਆਂ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਨੌਵੇਂ ਪਾਤਸ਼ਾਹ ਦੀ 350ਵੀਂ ਸ਼ਹੀਦੀ ਸ਼ਤਾਬਦੀ ਨੂੰ ਪੰਜਾਬ ਸਰਕਾਰ ਬੇਅੰਤ ਸ਼ਰਧਾ ਅਤੇ ਪੰਥਕ ਭਾਵਨਾ ਨਾਲ ਮਨਾਉਣ ਦਾ ਵੱਡਾ ਉਪਰਾਲਾ ਕਰ ਰਹੀ ਹੈ। ਇਸ ਪਵਿੱਤਰ ਮੌਕੇ ਸ੍ਰੀਨਗਰ, ਗੁਰਦਾਸਪੁਰ, ਫਰੀਦਕੋਟ ਅਤੇ ਤਲਵੰਡੀ ਸਾਬੋ ਤੋਂ ਚਾਰ ਵਿਸ਼ਾਲ ਨਗਰ ਕੀਰਤਨ ਸ੍ਰੀ ਅਨੰਦਪੁਰ ਸਾਹਿਬ ਪਹੁੰਚਣਗੇ। 24 ਨਵੰਬਰ ਨੂੰ ਕੀਰਤਪੁਰ ਸਾਹਿਬ ਤੋਂ ਗੁਰਦੁਆਰਾ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੱਕ ‘ਸੀਸ ਭੇਟ ਨਗਰ ਕੀਰਤਨ’ ਵੀ ਸ਼ਾਨ ਨਾਲ ਪਹੁੰਚੇਗਾ। ਇਨ੍ਹਾਂ ਸਮਾਗਮਾਂ ਵਿਚ ਮੁੱਖ ਮੰਤਰੀ, ਕੈਬਨਿਟ ਮੰਤਰੀ, ਵਿਧਾਇਕ ਅਤੇ ਵੱਡੀ ਗਿਣਤੀ ਵਿਚ ਸੰਗਤ ਹਾਜ਼ਰੀ ਭਰੇਗੀ। ਪੰਜਾਬ ਸਰਕਾਰ ਨਿਮਾਣੀ ਸੰਗਤ ਵਾਂਗ ਹੀ ਇਹ ਪਵਿੱਤਰ ਸਮਾਗਮ ਮਨਾ ਰਹੀ ਹੈ। 24 ਨਵੰਬਰ ਨੂੰ ਭਾਈ ਜੈਤਾ ਜੀ ਮੈਮੋਰੀਅਲ, ਸ੍ਰੀ ਅਨੰਦਪੁਰ ਸਾਹਿਬ ਵਿਚ ਪੰਜਾਬ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਕੀਤਾ ਜਾ ਰਿਹਾ ਹੈ। ਇਸ ਤੋਂ ਪਹਿਲਾਂ 20 ਨਵੰਬਰ ਨੂੰ ਚਰਨ ਗੰਗਾ ਸਟੇਡੀਅਮ ਵਿਚ ਰੌਸ਼ਨੀ ਅਤੇ ਆਵਾਜ਼ ਦਾ ਵਿਸ਼ੇਸ਼ ਪ੍ਰੋਗਰਾਮ ਸੰਗਤਾਂ ਨੂੰ ਗੁਰੂ ਸਾਹਿਬ ਦੇ ਜੀਵਨ, ਬਾਣੀ ਅਤੇ ਤਤਕਾਲੀ ਸਿੱਖਿਆਵਾਂ ਨਾਲ ਜੁੜੀ ਜਾਣਕਾਰੀ ਪ੍ਰਦਾਨ ਕਰੇਗਾ। ਸ਼ਹੀਦੀ ਸ਼ਤਾਬਦੀ ਸਮਾਗਮਾਂ ਤਹਿਤ ਸਰਬ-ਧਰਮ ਸੰਮੇਲਨ, ਵਿਰਾਸਤੀ ਯਾਤਰਾ, ਗਾਈਡਡ ਟੂਰ, ਗੁਰੂ ਸਾਹਿਬ ਦੇ ਜੀਵਨ ਨਾਲ ਸਬੰਧਤ ਪ੍ਰਦਰਸ਼ਨੀ ਅਤੇ ਢਾਡੀ ਵਾਰਾਂ ਪ੍ਰੋਗਰਾਮ ਵੀ ਦਰਸ਼ਨ ਲਈ ਉਪਲੱਬਧ ਹੋਣਗੇ।



# ਪੰਜਾਬ ਟਾਈਮਜ਼

*22 ਨਵੰਬਰ, ਸ਼ਨਿਚਰਵਾਰ*

## ਜੇ ਜਾਣਾ ਪ੍ਰਦੇਸ...

*ਆਪਣਾ ਦੇਸ਼ ਛੱਡ ਕੇ ਵਿਦੇਸ਼ਾਂ ਵਿਚ ਜਾ ਕੇ ਵਸਣਾ ਦਿਨੋਂ-ਦਿਨ ਬਹੁਤ ਮੁਸ਼ਕਿਲ ਹੋ ਰਿਹਾ ਹੈ। ਲੱਖਾਂ ਰੁਪਏ ਖ਼ਰਚ ਕੇ ਗ਼ਲਤ ਤਰੀਕੇ ਨਾਲ ਵਿਦੇਸ਼ ਜਾਣ ਦੀ ਅਜੋਕੀ ਨੌਜਵਾਨ ਪੀੜ੍ਹੀ ਦੀ ਤੀਬਰ ਇੱਛਾ, ਉਨ੍ਹਾਂ ਦੇ ਘਰ-ਪਰਿਵਾਰ ਦੀ ਤਸਵੀਰ ਦਾ ਇਕ ਅਜਿਹਾ ਘਿਨਾਉਣਾ ਪੱਖ ਪੇਸ਼ ਕਰਦੀ ਹੈ, ਜਿਸ ਨੂੰ ਦੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਅਜਿਹੀ ਸਥਿਤੀ ਵਲ ਧਿਆਨ ਕੇਂਦਰਿਤ ਕਰਦੇ ਹੋਏ, ਬਿਨਾਂ ਸ਼ੱਕ ਦੇਸ਼ ਦੇ ਮੌਜੂਦਾ ਦੌਰ ਦੇ ਨੌਜਵਾਨਾਂ ਨੂੰ ਜ਼ਰੂਰ ਸਬਕ ਲੈਣਾ ਚਾਹੀਦਾ ਹੈ। ਗ਼ਲਤ ਤਰੀਕਿਆਂ ਅਤੇ 'ਡੌਂਕੀ' ਮਾਰਗਾਂ ਰਾਹੀਂ ਵਿਦੇਸ਼ ਜਾਣ ਵਾਲਿਆਂ ਦੀ ਯੋਜਨਾ ਉਨ੍ਹਾਂ ਨੂੰ ਪਹਿਲੇ ਕਦਮ ਤੋਂ ਹੀ ਧੋਖਾ ਦੇਣ ਲੱਗਦੀ ਹੈ, ਪਰ ਦੁਖਾਂਤ ਇਹ ਹੈ ਕਿ ਇਸ ਸਭ ਦਾ ਪਤਾ ਲੱਗਣ 'ਤੇ ਵੀ ਉਹ ਇਸ ਤੋਂ ਬਾਜ਼ ਨਹੀਂ ਆਉਂਦੇ। ਇਸ ਦੁਖਾਂਤ ਦਾ ਦੂਜਾ ਪੜਾਅ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਏਜੰਟਾਂ ਦੁਆਰਾ ਉਨ੍ਹਾਂ ਨੂੰ ਖ਼ਤਰਨਾਕ ਜੰਗਲਾਂ, ਨਦੀਆਂ-ਨਾਲਿਆਂ ਤੇ ਪਹਾੜਾਂ ਨੂੰ ਪਾਰ ਕਰਦੇ ਹੋਏ ਕਿਸੇ ਹੋਰ ਹੀ ਦੇਸ਼ ਦੀ ਧਰਤੀ 'ਤੇ ਛੱਡ ਦਿੱਤਾ ਜਾਂਦਾ ਹੈ। ਫਿਰ ਸ਼ੁਰੂ ਹੁੰਦਾ ਹੈ ਉਨ੍ਹਾਂ ਦੀ ਕੁੱਟਮਾਰ ਅਤੇ ਉਨ੍ਹਾਂ ਨੂੰ ਭੁੱਖੇ-ਪਿਆਸੇ ਰੱਖਣ ਦਾ ਦੌਰ, ਜਿਸ ਕਾਰਨ ਕਈ ਨੌਜਵਾਨ ਤਾਂ ਆਪਣੀ ਜਾਨ ਹੀ ਗੁਆ ਬੈਠਦੇ ਹਨ। ਇਨ੍ਹਾਂ 'ਚੋਂ ਕਈਆਂ ਨੂੰ ਕੁੱਟਮਾਰ ਤੋਂ ਬਚਾਉਣ ਲਈ ਪਿੱਛੇ ਬੈਠੇ ਪਰਿਵਾਰਾਂ ਨੂੰ ਵੱਡੀ ਰਾਸ਼ੀ ਏਜੰਟਾਂ ਨੂੰ ਦੇਣੀ ਪੈਂਦੀ ਹੈ। ਏਨਾ ਕੁਝ ਹੋਣ ਦੇ ਬਾਵਜੂਦ ਜਿਹੜੇ ਨੌਜਵਾਨ ਵਿਦੇਸ਼ ਦੀ ਧਰਤੀ 'ਤੇ ਪਹੁੰਚ ਵੀ ਜਾਂਦੇ ਹਨ, ਉਨ੍ਹਾਂ ਨੂੰ ਵਿਦੇਸ਼ੀ ਸਰਕਾਰਾਂ ਜਦੋਂ ਚਾਹੁਣ ਉਦੋਂ ਹੀ ਡਿਪੋਰਟ ਕਰ ਦਿੰਦੀਆਂ ਹਨ, ਹੱਥਕੜੀਆਂ ਤੇ ਬੇੜੀਆਂ 'ਚ ਜਕੜ ਕੇ, ਜਿਵੇਂ ਪਿਛਲੇ ਦਿਨਾਂ 'ਚ ਅਮਰੀਕਾ ਦੀ ਟਰੰਪ ਸਰਕਾਰ ਨੇ ਕੀਤਾ ਸੀ। ਇਕ ਸਰਵੇਖਣ ਦੀ ਰਿਪੋਰਟ ਅਨੁਸਾਰ ਇਕ ਸਮੇਂ ਜ਼ਮੀਨ-ਜਾਇਦਾਦ ਤੇ ਲੱਖਾਂ ਰੁਪਏ ਦੇ ਮਾਲਕ ਰਹੇ ਪਰਿਵਾਰਾਂ ਦੇ ਡਿਪੋਰਟ ਕੀਤੇ ਗਏ ਬੱਚੇ ਅੱਜ-ਕੱਲ੍ਹ ਦੇਸ਼ 'ਚ ਪੰਜ-ਪੰਜ ਸੌ ਰੁਪਏ ਦਿਹਾੜੀ 'ਤੇ ਕੰਮ ਕਰਨ ਲਈ ਮਜਬੂਰ ਹਨ। ਇਹ ਸਥਿਤੀ ਉਨ੍ਹਾਂ ਨੌਜਵਾਨਾਂ ਨੂੰ ਵੀ ਦਰਪੇਸ਼ ਹੈ, ਜੋ ਇਕ ਸਮੇਂ ਅਮੀਰ ਪਰਿਵਾਰਾਂ ਦੇ ਵਾਰਸ ਸਨ, ਉਨ੍ਹਾਂ ਨੇ ਵਿਦੇਸ਼ ਭੇਜਣ ਲਈ ਆਪਣੇ ਪਰਿਵਾਰਾਂ ਨੂੰ ਮਜਬੂਰ ਕੀਤਾ। ਇਸ ਤਰ੍ਹਾਂ ਪਰਿਵਾਰਾਂ ਨੇ ਵੀ ਆਪਣੇ ਖੇਤ, ਟਰੈਕਟਰ, ਘਰ ਵੇਚ ਕੇ ਉਨ੍ਹਾਂ ਨੂੰ ਵਿਦੇਸ਼ ਭੇਜਿਆ, ਪਰ ਅਮਰੀਕਾ ਤੋਂ ਹੱਥਕੜੀਆਂ-ਬੇੜੀਆਂ ਦੀ ਕੈਦ ਵਿਚ ਡਿਪੋਰਟ ਹੋਏ ਅਜਿਹੇ ਨੌਜਵਾਨ ਅੱਜ ਇਕ ਪਾਸੇ ਜਿੱਥੇ ਬੇਰੁਜ਼ਗਾਰੀ ਦਾ ਦਰਦ ਝੱਲਣ ਲਈ ਮਜਬੂਰ ਹਨ, ਉੱਥੇ ਉਨ੍ਹਾਂ ਦੇ ਪਰਿਵਾਰ ਕਰਜ਼ੇ ਦੀ ਦਲਦਲ 'ਚ ਫਸ ਚੁੱਕੇ ਹਨ। ਇਸ ਸਰਵੇਖਣ ਦੀ ਰਿਪੋਰਟ ਅਨੁਸਾਰ ਪੰਜਾਬ ਦੇ ਇਕ ਅਜਿਹੇ ਪਰਿਵਾਰ ਦਾ ਪੁੱਤਰ ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਪਹਿਲਾਂ ਨਿਰਾਸ਼ ਹੋਇਆ ਤੇ ਫਿਰ ਪਤਾ ਹੀ ਨਹੀਂ ਲੱਗਾ ਉਹ ਕਿੱਥੇ ਲਾਪਤਾ ਹੋ ਗਿਆ। ਆਪਣੇ ਪੁੱਤਰ ਨੂੰ ਵਿਦੇਸ਼ ਭੇਜਣ ਲਈ ਉਨ੍ਹਾਂ ਨੇ ਆਪਣਾ ਟਰੈਕਟਰ-ਟਰਾਲੀ ਵੇਚਿਆ, ਫਿਰ ਹੋਰ ਪੈਸੇ ਦੇਣ ਲਈ ਆਪਣੀ ਜ਼ਮੀਨ ਗਿਰਵੀ ਰੱਖ ਦਿੱਤੀ ਅਤੇ ਹੁਣ ਉਨ੍ਹਾਂ ਦਾ ਪੁੱਤਰ ਹੀ ਉਨ੍ਹਾਂ ਦੀਆਂ ਅੱਖਾਂ ਤੋਂ ਦੂਰ ਹੋ ਗਿਆ। ਪੰਜਾਬ ਦੇ ਅਜਨਾਲਾ ਦਾ ਇਕ ਨੌਜਵਾਨ ਬੇਸ਼ੱਕ ਹੁਣ ਵਿਦੇਸ਼ ਜਾਣ ਤੋਂ ਤੌਬਾ ਕਰ ਰਿਹਾ ਹੈ, ਪਰ ਉਹ 60 ਲੱਖ ਰੁਪਏ ਦੇ ਕਰਜ਼ੇ ਹੇਠ ਦੱਬਿਆ ਗਿਆ। ਅਜਿਹੇ ਨੌਜਵਾਨ ਨਾ ਸਿਰਫ਼ ਆਪਣੇ ਪਰਿਵਾਰਾਂ ਵਿਚ ਅਲੱਗ-ਥਲੱਗ ਹੋ ਗਏ, ਸਗੋਂ ਉਨ੍ਹਾਂ ਦੇ ਰਿਸ਼ਤੇਦਾਰ ਵੀ ਉਨ੍ਹਾਂ ਨੂੰ ਮਿਲਣ ਤੋਂ ਗੁਰੇਜ਼ ਕਰ ਰਹੇ ਹਨ ਤਾਂ ਕਿ ਉਹ ਹੋਰ ਪੈਸੇ ਦੀ ਮੰਗ ਨਾ ਕਰ ਲੈਣ। ਜਿਹੜੇ ਨੌਜਵਾਨ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਵਿਦੇਸ਼ ਗਏ, ਉਨ੍ਹਾਂ ਨੂੰ ਹੁਣ ਪੈਸੇ ਵਾਪਸ ਨਾ ਕਰਨ ਕਰਕੇ ਆਪਣੀ ਰਿਸ਼ਤੇਦਾਰੀ 'ਚ ਵੈਰ-ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ।*

*ਇਹ ਸਥਿਤੀ ਦੇਸ਼, ਸਮਾਜ ਅਤੇ ਪੰਜਾਬ ਵਰਗੇ ਉੱਨਤ ਤੇ ਖੇਤੀ ਪ੍ਰਧਾਨ ਸੂਬੇ ਲਈ ਬਿਲਕੁੱਲ ਵੀ ਠੀਕ ਨਹੀਂ ਹੈ। ਪੰਜਾਬ ਦੀ ਆਰਥਿਕਤਾ ਪੂਰੀ ਤਰ੍ਹਾਂ ਨਾਲ ਖੇਤੀਬਾੜੀ 'ਤੇ ਆਧਾਰਤ ਹੈ, ਪਰ ਪੰਜਾਬੀ ਨੌਜਵਾਨਾਂ ਦੀ ਵਿਦੇਸ਼ ਜਾਣ ਦੀ ਖਿੱਚ ਨੇ ਸੂਬੇ ਦੀ ਖੇਤੀ ਤੇ ਹੋਰ ਕਾਰੋਬਾਰਾਂ ਨੂੰ ਵੀ ਬਹੁਤ ਨੁਕਸਾਨ ਪਹੁੰਚਾਇਆ ਹੈ। ਇਸ ਨਾਲ ਪੂਰੇ ਸੂਬੇ ਦੀ ਆਰਥਿਕਤਾ ਪ੍ਰਭਾਵਿਤ ਹੋਈ ਹੈ। ਇਸ ਸਰਵੇਖਣ ਦੇ ਪੱਖ ਵਿਚ ਇਹ ਵੀ ਕਿਹਾ ਗਿਆ ਹੈ ਕਿ ਵਿਦੇਸ਼ ਗਏ ਨੌਜਵਾਨਾਂ ਨੂੰ ਰੋਜ਼ੀ-ਰੋਟੀ ਕਮਾਉਣ ਲਈ ਅਕਸਰ ਛੋਟੇ-ਮੋਟੇ ਕੰਮ ਹੀ ਕਰਨੇ ਪੈਂਦੇ ਹਨ। ਪੰਜਾਬ ਦੇ ਨੌਜਵਾਨ ਜੇਕਰ ਆਪਣੇ ਖੇਤਾਂ ਨੂੰ ਆਪ ਟਰੈਕਟਰ ਚਲਾ ਕੇ ਵਾਹੁਣਾ ਸ਼ੁਰੂ ਕਰ ਦੇਣ ਤਾਂ ਉਹ ਆਪਣੀ ਕਿਸਮਤ ਤੇ ਹਾਲਤ ਨੂੰ ਸੰਵਾਰਨ ਦੇ ਨਾਲ-ਨਾਲ ਸੂਬੇ ਦੀ ਤਰੱਕੀ ਤੇ ਖੁਸ਼ਹਾਲੀ 'ਚ ਵੀ ਸਹਿਯੋਗੀ ਬਣ ਸਕਣਗੇ।*

*ਕਿਸੇ ਸਮੇਂ ਸਾਡੇ ਦੇਸ਼ ਨੂੰ 'ਸੋਨੇ ਦੀ ਚਿੜੀ' ਕਿਹਾ ਜਾਂਦਾ ਸੀ। ਪੰਜਾਬ ਦੀ ਧਰਤੀ ਉਪਜਾਊ ਹੋਣ ਕਰਕੇ ਭਰਪੂਰ ਫ਼ਸਲਾਂ ਉਗਾਉਣ ਵਾਲੀ ਹੈ। ਸਾਡੇ ਦੇਸ਼ ਤੇ ਸੂਬੇ ਦਾ ਨੌਜਵਾਨ ਜੇਕਰ ਪੜ੍ਹ-ਲਿਖ ਕੇ ਨੌਕਰੀ ਕਰਦਾ ਹੈ ਤਾਂ ਇਹ ਵੀ ਵੱਡਾ ਮੌਕਾ ਹੈ। ਆਪਣਾ ਕੰਮ-ਧੰਦਾ ਸ਼ੁਰੂ ਕਰਨ ਦੀਆਂ ਵੀ ਦੇਸ਼ ਤੇ ਸੂਬੇ ਵਿਚ ਬਹੁਤ ਜ਼ਿਆਦਾ ਸੰਭਾਵਨਾਵਾਂ ਹਨ। ਇਸ ਸਮੇਂ ਨੌਜਵਾਨ ਵਰਗ ਨੂੰ ਇਸ ਪਾਸੇ ਵੱਲ ਵਧਣ ਅਤੇ ਪ੍ਰੇਰਿਤ ਕਰਨ ਦੀ ਲੋੜ ਹੈ। ਪਿੰਡਾਂ ਵਿਚ ਖੇਤੀ ਆਧਾਰਤ ਕੰਮ-ਧੰਦਿਆਂ ਦੀ ਸ਼ੁਰੂਆਤ ਕਰਕੇ ਖੇਤੀ ਉਤਪਾਦਨ ਨੂੰ ਹੋਰ ਕੰਮ-ਧੰਦਿਆਂ ਵਿਚ ਲਾ ਕੇ ਨੌਜਵਾਨਾਂ 'ਚ ਵਿਦੇਸ਼ ਜਾਣ ਦੀ ਦੌੜ ਨੂੰ ਰੋਕਿਆ ਜਾ ਸਕਦਾ ਹੈ। ਇਸ ਸੰਬੰਧ 'ਚ ਕੇਂਦਰ ਤੇ ਸੰਬੰਧਿਤ ਰਾਜ ਸਰਕਾਰਾਂ ਨੂੰ ਵੀ ਨੌਜਵਾਨਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ ਹੈ। ਇਸ ਤਰ੍ਹਾਂ ਦੇ ਉਪਾਅ ਜਿੰਨੀ ਜਲਦੀ ਕੀਤੇ ਜਾ ਸਕਣਗੇ, ਉਨੇ ਹੀ ਦੇਸ਼ ਤੇ ਸੂਬੇ ਦੇ ਨੌਜਵਾਨਾਂ ਦੇ ਹਿਤ ਵਿਚ ਹੋਣਗੇ ਅਤੇ ਇਸ ਤਰ੍ਹਾਂ ਨੌਜਵਾਨ ਵਰਗ ਵੀ ਰਾਸ਼ਟਰ ਦੀ ਤਰੱਕੀ ਵਿਚ ਸਹਾਈ ਹੋ ਸਕੇਗਾ।*

*ਸਪੱਸ਼ਟ ਹੈ ਕਿ ਜੇਕਰ ਵਿਦੇਸ਼ ਨੂੰ ਜਾਣਾ ਹੀ ਹੈ ਤਾਂ ਉੱਚ ਵਿੱਦਿਅਕ ਯੋਗਤਾ ਪ੍ਰਾਪਤ ਕਰਕੇ, ਆਪਣੇ ਆਪ ਨੂੰ ਵੱਡੇ ਪ੍ਰੋਫੈਸ਼ਨਲ ਵਜੋਂ ਵਿਕਸਤ ਕਰਕੇ, ਵੱਡੇ ਵਪਾਰਕ ਅਤੇ ਪ੍ਰੋਫੈਸ਼ਨਲ ਮੌਕਿਆਂ ਦੀ ਤਲਾਸ਼ ਵਿਚ ਹੀ ਅੱਗੇ ਵਧਣਾ ਚਾਹੀਦਾ ਹੈ। ਅਜੇਹਾ ਕਰਨ ਨਾਲ ਆਪਣੀ ਤਰੱਕੀ ਹੋਣ ਦੇ ਨਾਲ-ਨਾਲ ਦੇਸ਼ ਦਾ ਮਾਣ ਵੀ ਵਧੇਗਾ।*

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਤਰਨ ਤਾਰਨ ਚੋਣ ਦ੍ਰਿਸ਼

ਪੰਜੇ ਵਾਲ਼ਿਆਂ ਆਪਸ 'ਚ ਲੜੀ ਜਾਣਾ, ਤਾਹੀਂਉਂ ਵੋਟਰਾਂ ਮੂੰਹ ਨਾ ਲਾਇਆ ਈ।
ਕਮਲ ਤਾਈਂ ਮਝੈਲਾਂ ਨਾ ਲਾਈਕ ਕੀਤਾ, ਜ਼ਮਾਨਤ ਜ਼ਬਤ ਦੇ ਵੱਲ ਭਜਾਇਆ ਈ।
'ਵਾਰਿਸ-ਪੁਨਰ ਸੁਰਜੀਤੀਏ' ਨਵੇਂ ਹਾਲੇ, ਭਰਤੀ 'ਬਾਲਟੀ' ਸ਼ੁਕਰ ਮਨਾਇਆ ਈ।
ਬੀਬੀ 'ਤੱਕੜੀ' ਵਾਲ਼ੀ ਦਾ ਪਤੀ ਸੁਣਿਆਂ, 'ਧਰਮੀਂ ਫੌਜੀ' ਦਾ ਮਾਣ ਵਧਾਇਆ ਈ।
'ਝਾੜੂ' ਵਾਲ਼ਿਆਂ 'ਲੱਡੂ ਤਾਂ ਵੰਡਣੇ' ਈ ਸੀ, ਬਾਦਲ-ਕਿਆਂ ਨੂੰ ਪੁੱਛੋ ਕਿਉਂ 'ਹੁੱਬਦੇ' ਨੇ?
ਤਰਨ ਤਾਰਨ ਤਾਂ 'ਤਾਰਦਾ' ਸਾਰਿਆਂ ਨੂੰ, 'ਕਰਮਾਂ ਮਾੜਿਆਂ' ਵਾਲ਼ੇ ਹੀ 'ਡੁੱਬਦੇ' ਨੇ!

# ਕੀ ਬਿਹਾਰ ਜਿੱਤਿਆ ਗਿਆ ਹੈ?



ਕੀ ਬਿਹਾਰ ਗਰੀਬ ਹੈ? ਕੀ ਬਿਹਾਰ ਵਿਚ ਵੱਡੇ ਪੈਮਾਨੇ 'ਤੇ ਬੇਰੁਜ਼ਗਾਰੀ ਹੈ? ਕੀ ਬਿਹਾਰ 'ਚ ਕਰੋੜਾਂ ਲੋਕ ਨੌਕਰੀ ਦੀ ਭਾਲ ਵਿਚ ਦੂਜੇ ਸੂਬਿਆਂ ਵਿਚ ਪਲਾਇਨ ਕਰ ਰਹੇ ਹਨ? ਕੀ ਅਤਿ ਦੀ ਗ਼ਰੀਬੀ ਨੇ ਬਿਹਾਰ ਦੇ ਲੋਕਾਂ ਦੇ ਇੱਕ ਵੱਡੇ ਹਿੱਸੇ ਨੂੰ ਪ੍ਰਭਾਵਿਤ ਕੀਤਾ ਹੋਇਆ ਹੈ? ਕੀ ਬਿਹਾਰ ਵਿਚ ਸਿੱਖਿਆ ਤੇ ਸਿਹਤ ਸੇਵਾਵਾਂ ਦੇ ਹਾਲਾਤ ਤਰਸਯੋਗ ਹਨ? ਜੇਕਰ ਹਰ ਸਵਾਲ ਦਾ ਜਵਾਬ ਹਾਂ ਹੈ, ਤਾਂ ਹੁਣੇ ਜਿਹੇ ਹੋਈਆਂ ਬਿਹਾਰ ਚੋਣਾਂ ਵਿਚ ਵੋਟਰਾਂ ਨੇ ਆਪਣੇ ਵੋਟ ਦੀ ਵਰਤੋਂ ਕੀਤੀ ਹੈ ਤਾਂ ਉਸਦਾ ਕੋਈ ਸਪਸ਼ਟ ਕਾਰਨ ਨਜ਼ਰ ਨਹੀਂ ਆਉਂਦਾ।

ਬਿਹਾਰ ਦੀਆਂ ਚੋਣਾਂ 'ਚ ਐਨ.ਡੀ.ਏ. (ਭਾਜਪਾ ਜਮ੍ਹਾਂ ਨਿਤੀਸ਼ ਕੁਮਾਰ ਜਮ੍ਹਾਂ ਹੋਰ ਪਾਰਟੀਆਂ) ਨੂੰ 202 ਵਿਧਾਨ ਸਭਾ ਸੀਟਾਂ ਮਿਲੀਆਂ ਜਦਕਿ ਮਹਾਂਗਠਬੰਧਨ (ਤੇਜਸਵੀ ਯਾਦਵ ਜਮ੍ਹਾਂ ਕਾਂਗਰਸ ਜਮ੍ਹਾਂ ਹੋਰ



ਗੁਰਮੀਤ ਸਿੰਘ ਪਲਾਹੀ
ਫੋਨ: 98158-02070

ਪਾਰਟੀਆਂ) ਨੂੰ ਸਿਰਫ਼ 35 ਸੀਟਾਂ ਮਿਲੀਆਂ ਹਨ।

ਇਨ੍ਹਾਂ ਬਿਹਾਰ ਵਿਧਾਨ ਸਭਾ ਚੋਣਾਂ 'ਚ ਇੱਕ ਨਵਾਂ ਗੀਤ ਸੀ- ਮਤਦਾਨ ਤੋਂ ਪਹਿਲਾਂ, ਮਤਦਾਨ ਦੇ ਦੌਰਾਨ ਅਤੇ ਮਤਦਾਨ ਦੇ ਬਾਅਦ ਹਰ ਘਰ ਦੀ ਇੱਕ ਔਰਤ ਨੂੰ 10 ਹਜ਼ਾਰ ਰੁਪਏ ਦੀ ਨਕਦ ਰਾਸ਼ੀ ਦੇਣਾ। ਚੋਣਾਂ ਦੌਰਾਨ ਕੀ ਇਹ ਖੁੱਲ੍ਹੀ ਰਿਸ਼ਵਤ ਨਹੀਂ ਸੀ? ਬਿਹਾਰ 'ਚ 62.98% ਔਰਤਾਂ ਨੇ ਵੋਟਾਂ ਪਾਈਆਂ ਅਤੇ ਮਰਦਾਂ ਨੇ 71.78 ਪ੍ਰਤੀਸ਼ਤ। ਪਰ ਬਿਹਾਰ 'ਚ ਸੱਤ ਜ਼ਿਲ੍ਹਿਆਂ 'ਚ ਮਰਦਾਂ ਦੇ ਮੁਕਾਬਲੇ ਔਰਤਾਂ ਨੇ ਜ਼ਿਆਦਾ ਪ੍ਰਤੀਸ਼ਤ ਮਤਦਾਨ ਕੀਤਾ। ਕੀ ਇਹ 10 ਹਜ਼ਾਰ ਰੁਪਏ ਰਿਸ਼ਵਤ ਦੀ ਕਰਾਮਾਤ ਨਹੀਂ ਸੀ ਕਿ ਸੱਤਾਧਾਰੀ ਪਾਰਟੀ ਪੈਸੇ ਦੇ ਕੇ ਚੋਣਾਂ ਜਿੱਤ ਗਈ?

ਭਾਰਤੀ ਚੋਣ ਕਮਿਸ਼ਨ ਵੱਲੋਂ ਬਿਹਾਰ ਚੋਣਾਂ ਦੀਆਂ ਤਰੀਖਾਂ ਦੀ ਘੋਸ਼ਣਾ ਤੋਂ 10 ਦਿਨ ਪਹਿਲਾਂ ਪ੍ਰਧਾਨ ਮੰਤਰੀ ਵੱਲੋਂ ਮੁੱਖ ਮੰਤਰੀ ਮਹਿਲਾ ਰੋਜ਼ਗਰ ਯੋਜਨਾ ਦੇ ਐਲਾਨ 'ਤੇ ਭਾਰਤੀ ਚੋਣ ਕਮਿਸ਼ਨ ਨੇ ਚੁੱਪੀ ਸਾਧ ਲਈ। ਔਰਤਾਂ ਦੇ ਖ਼ਾਤਿਆਂ ਵਿਚ 10 ਹਜ਼ਾਰ ਰੁਪਏ ਚੋਣਾਂ ਤੋਂ ਪਹਿਲਾਂ ਪੈਣੇ ਸ਼ੁਰੂ ਹੋਏ ਅਤੇ ਚੋਣਾਂ ਦੌਰਾਨ ਵੀ ਜਾਰੀ ਰਹੇ। ਚੋਣ ਕਮਿਸ਼ਨ ਨੇ ਕਿਸੇ ਵੀ ਪੱਧਰ 'ਤੇ ਇਸ ਨੂੰ ਨਹੀਂ ਰੋਕਿਆ।

ਭਾਰਤੀ ਚੋਣ ਕਮਿਸ਼ਨ ਦੇ ਪੱਖਪਾਤ ਦੀ ਕਾਰਵਾਈ ਇਸ ਗੱਲ ਤੋਂ ਵੇਖੀ ਜਾ ਸਕਦੀ ਹੈ ਕਿ ਜਦ 2004 ਵਿਚ ਲੋਕ ਸਭਾ ਚੋਣਾਂ ਦੀਆਂ ਤਰੀਖਾਂ ਐਲਾਨੀਆਂ ਗਈਆਂ ਤਾਂ ਮਾਰਚ 2003 ਵਿਚ ਸ਼ੁਰੂ ਕੀਤੀ ਗਈ ਕਿਸਾਨਾਂ ਲਈ ਤਮਿਲਨਾਡੂ ਵਿਚ ਨਕਦ ਰਾਸ਼ੀ ਯੋਜਨਾ ਬੰਦ ਕਰ ਦਿੱਤੀ ਗਈ ਸੀ। ਸਾਲ 2006 ਵਿਚ ਇੱਕ ਮੁਫ਼ਤ ਰੰਗੀਨ ਟੀਵੀ ਯੋਜਨਾ ਲਾਗੂ ਕੀਤੀ ਗਈ ਸੀ। ਸਾਲ 2011 ਵਿਚ ਜਦੋਂ ਵਿਧਾਨ ਸਭਾ ਚੋਣਾਂ ਐਲਾਨੀਆਂ ਗਈਆਂ ਤਾਂ ਇਹ ਯੋਜਨਾ ਅਚਾਨਕ ਬੰਦ ਕਰ ਦਿੱਤੀ ਗਈ। ਕੀ ਇਹ ਚੋਣ ਕਮਿਸ਼ਨ ਦਾ ਪੱਖਪਾਤ ਨਹੀਂ ਹੈ ਕਿ 10 ਹਜ਼ਾਰ ਰੁਪਏ ਚੋਣਾਂ 'ਚ ਔਰਤਾਂ ਨੂੰ ਦਿੱਤੇ ਗਏ ਤੇ ਕੋਈ ਪਾਬੰਦੀ ਨਹੀਂ ਲਗਾਈ ਗਈ?

ਬਿਹਾਰ ਚੋਣਾਂ ਦੇਸ਼ ਲਈ ਅਹਿਮ ਸਨ। ਸੱਤਾ ਧਿਰ ਅਤੇ ਵਿਰੋਧੀ ਧੀਰ ਦੇ ਨੇਤਾ ਪੂਰੇ ਜੋਸ਼ ਨਾਲ ਬਿਹਾਰ ਦੇ ਲੋਕਾਂ ਦੀ ਕਚਹਿਰੀ 'ਚ ਪੁੱਜੇ। ਚੋਣਾਂ 'ਚ ਸੱਤਾ ਧਿਰ ਸਮੇਤ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਨੇ ਸਾਰੀ ਤਾਕਤ ਝੌਂਕ ਦਿੱਤੀ। ਨਿਤੀਸ਼ ਕੁਮਾਰ ਮੁੱਖ ਮੰਤਰੀ ਅਤੇ ਉਸਦੀ ਪਾਰਟੀ ਵੱਲੋਂ ਵੀ ਪੂਰਾ ਜ਼ੋਰ ਚੋਣ ਜਿੱਤਣ ਲਈ ਲਗਾਇਆ ਗਿਆ।

ਜੇਕਰ ਸੱਤਾ ਧਿਰ ਚੋਣ ਹਾਰ ਜਾਂਦੀ, ਤਾਂ ਅਗਲੀਆਂ ਲੋਕ ਸਭਾ ਚੋਣਾਂ 'ਚ ਉਸ ਦੀ ਜਿੱਤ ਉੱਤੇ ਵੱਡੇ ਪ੍ਰਸ਼ਨ ਚਿੰਨ੍ਹ ਲੱਗਣੇ ਸਨ। ਬਿਹਾਰ ਦੀਆਂ ਚੋਣ ਗਤੀਵਿਧੀਆਂ ਦੇ ਪ੍ਰਕਾਸ਼ਨ ਅਤੇ ਪ੍ਰਸਾਰਨ ਨੇ ਸੱਤਾ ਧਿਰ ਦੇ ਹੱਕ 'ਚ ਪੂਰਾ ਜ਼ੋਰ ਲਗਾਇਆ। ਵੱਖਰੇ-ਵੱਖਰੇ ਖੇਤਰਾਂ 'ਚ ਮੀਡੀਆ ਸੰਸਥਾਨ ਇੱਕੋ ਆਵਾਜ਼ 'ਚ ਬੋਲ ਰਹੇ ਸਨ ਕਿ ਲੋਕ ਜਾਤੀ ਦੇ ਆਧਾਰ 'ਤੇ ਵੋਟ ਦੇ ਰਹੇ ਹਨ। ਇਹ ਵੀ ਕਹਿ ਰਹੇ ਸਨ ਕਿ ਨਿਤੀਸ਼ ਕੁਮਾਰ ਦੇ ਖ਼ਿਲਾਫ਼ ਕੋਈ ਵਿਰੋਧੀ ਲਹਿਰ ਨਹੀਂ ਹੈ? ਪ੍ਰਧਾਨ ਮੰਤਰੀ ਨੇ ਚੋਣਾਂ ਦੌਰਾਨ 20 ਵੇਰ ਬਿਹਾਰ ਚੋਣ-ਯਾਤਰਾ ਕੀਤੀ ਤੇ ਪ੍ਰੈਸ ਨੇ ਇਸਨੂੰ ਭਾਰੀ ਕਵਰੇਜ ਦਿੱਤੀ।

ਬਿਨਾਂ ਸ਼ੱਕ ਰਾਹੁਲ ਗਾਂਧੀ ਆਪਣੇ ਮੁੱਖ ਮੁੱਦੇ -ਵੋਟ ਚੋਰੀ ਅਤੇ ਬੇਰੁਜ਼ਗਾਰੀ ਉੱਤੇ ਅੜੇ ਰਹੇ। ਤੇਜਸਵੀ ਯਾਦਵ ਚੋਣ ਪ੍ਰਚਾਰ ਵਿਚ ਊਰਜਾ ਤਾਂ ਲਿਆ ਸਕੇ ਪਰ ਲੋਕਾਂ ਵਿਚ ਆਪਣੇ ਪਰਿਵਾਰ ਦੇ ਬਣੇ 'ਜੰਗਲ ਰਾਜ' ਦੇ ਅਕਸ ਨੂੰ ਸਾਫ਼ ਨਾ ਕਰ ਸਕੇ। ਲਾਲੂ ਪ੍ਰਸਾਦ ਯਾਦਵ ਅਤੇ ਉਸ ਦੀ ਪਤਨੀ ਨੇ ਬਿਹਾਰ 'ਚ 15 ਸਾਲ (1990-2005) ਤੱਕ ਰਾਜ ਕੀਤਾ ਅਤੇ ਨਿਤੀਸ਼ ਕੁਮਾਰ 20 ਸਾਲ ਤੋਂ ਰਾਜ ਕਰ ਰਹੇ ਹਨ। ਪਰ ਹੈਰਾਨੀ ਦੀ ਗੱਲ ਤਾਂ ਇਹ ਹੈ ਕਿ ਇਨ੍ਹਾਂ 20 ਵਰ੍ਹਿਆਂ 'ਚ ਬਿਹਾਰ ਦੀ ਹਾਲਤ ਨਹੀਂ ਸੁਧਰੀ।

ਦੇਸ਼ 'ਚ ਬਿਹਾਰ ਵਿਕਾਸ ਦੇ ਮਾਮਲੇ 'ਚ ਫਾਡੀ ਹੈ। ਸਿਹਤ, ਸਿੱਖਿਆ ਸਹੂਲਤਾਂ ਨਿਕੰਮੀਆਂ ਹਨ, ਪਰ ਇਵੇਂ ਲੱਗਿਆ ਇਸ ਚੋਣ ਦੇ ਨਤੀਜਿਆਂ ਤੋਂ ਕਿ ਨਿਤੀਸ਼ ਕੁਮਾਰ ਦੀਆਂ ਨਕਾਮੀਆਂ ਤੋਂ ਵੀ ਲੋਕਾਂ 'ਚ ਕੋਈ ਨਾਰਾਜ਼ਗੀ ਨਹੀਂ ਹੈ।

ਬਿਹਾਰ ਵਿਧਾਨ ਸਭਾ 'ਚ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਕਈ ਸੀਟਾਂ ਉੱਤੇ ਜਿੱਤਣ ਤੇ ਹਾਰਨ ਵਾਲੇ ਉਮੀਦਵਾਰਾਂ ਦੀਆਂ ਵੋਟਾਂ ਦਾ ਫ਼ਰਕ 50 ਵੋਟਾਂ ਤੋਂ ਵੀ ਘੱਟ ਹੈ ਅਤੇ ਕਈ ਸੀਟਾਂ ਉੱਤੇ ਫ਼ਰਕ 500 ਤੋਂ ਇੱਕ ਹਜ਼ਾਰ ਵੋਟਾਂ ਤੋਂ ਵੀ ਘੱਟ।

ਚੋਣ ਨਤੀਜਿਆਂ ਸੰਬੰਧੀ ਹੋਰ ਵੀ ਕਈ ਕਿੰਤੂ-ਪ੍ਰੰਤੂ ਸਾਹਮਣੇ ਆਏ ਹਨ। ਪਰ ਕੁਝ ਇੱਕ ਗੱਲਾਂ ਜਿਹੜੀਆਂ ਸਪਸ਼ਟ ਤੌਰ 'ਤੇ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲੀਆਂ ਉਹ ਇਹ ਹੈ ਕਿ ਪਹਿਲੀ ਫੇਜ਼ ਦੀ ਚੋਣ ਤੋਂ ਬਾਅਦ ਇੱਕ ਵੱਡੇ ਭਾਜਪਾ ਨੇਤਾ ਵੱਲੋਂ ਇਹ ਬਿਆਨ ਦੇਣਾ ਕਿ 'ਸਾਨੂੰ ਨਮਕ ਹਰਾਮ ਲੋਕਾਂ ਦੀਆਂ ਵੋਟਾਂ ਨਹੀਂ ਚਾਹੀਦੀਆਂ।' ਇੱਕ ਵੱਡੀ ਚਰਚਾ ਦਾ ਵਿਸ਼ਾ ਬਣਿਆ। ਇਸ ਨਾਲ ਵੋਟਾਂ ਦਾ ਧਰੁਵੀਕਰਨ ਵਧਿਆ। ਇਸ ਬਿਆਨ ਬਾਰੇ ਭਾਰਤੀ ਚੋਣ ਕਮਿਸ਼ਨ ਦੀ ਚੁੱਪੀ ਚਰਚਾ 'ਚ ਰਹੀ।

ਵਿਰੋਧੀ ਧਿਰ ਵੱਲੋਂ ਖ਼ਾਸ ਕਰਕੇ ਰਾਹੁਲ ਗਾਂਧੀ ਵੱਲੋਂ ਵੋਟ ਚੋਰੀ ਦੇ ਮਾਮਲੇ ਉੱਤੇ ਜ਼ੋਰ ਦਿੱਤਾ ਗਿਆ ਅਤੇ ਇਸ ਮਾਮਲੇ ਨੂੰ ਹੀ ਪ੍ਰਚਾਰਨ ਦਾ ਪੂਰਾ ਟਿੱਲ ਲਾ ਦਿੱਤਾ ਗਿਆ। ਪਰ ਲੋਕਾਂ ਦੀਆਂ ਵੱਡੀਆਂ ਸਮੱਸਿਆਵਾਂ ਵੱਲ ਅਤੇ ਮੁੱਦਿਆਂ ਪ੍ਰਤੀ ਲੋਕਾਂ 'ਚੋਂ ਉਭਾਰ ਨਾ ਪੈਦਾ ਕਰ ਸਕਣਾ, ਇਸ ਚੋਣ 'ਚ ਨਾਕਾਮੀ ਦਾ ਕਾਰਨ ਬਣਿਆ।

ਦੂਜਾ ਵੱਡਾ ਤੱਥ ਜੋ ਵੇਖਣ 'ਚ ਆਇਆ ਉਹ ਇਹ ਕਿ ਭਾਰਤੀ ਲੋਕਤੰਤਰ ਦੀ ਸਭ ਤੋਂ ਵੱਡੀ ਘਾਟ ਇਹੀ ਹੈ ਕਿ ਰਾਸ਼ਟਰੀ ਦਲ ਹੋਣ ਜਾਂ ਖੇਤਰੀ ਪਾਰਟੀਆਂ, ਉਨ੍ਹਾਂ 'ਚ ਅੰਦਰੂਨੀ ਲੋਕਤੰਤਰ ਦੀ ਵੱਡੀ ਘਾਟ ਹੈ। ਉਹ ਇੱਕ ਵਿਅਕਤੀ ਜਾਂ ਪਰਿਵਾਰ ਤੋਂ ਆਪਣੀ ਸਮੁੱਚੀ ਊਰਜਾ ਲੱਭਦੇ ਹਨ। ਨਤੀਜਾ ਇਹ ਨਿਕਲਦਾ ਹੈ ਕਿ ਪਾਰਟੀ ਨੀਤੀਆਂ ਤੋਂ ਜ਼ਿਆਦਾ ਅਹਿਮ ਸੱਤਾ ਬਟੋਰਨਾ ਬਣ ਗਈ ਹੈ। ਉਹ ਨੈਤਿਕ-ਅਨੈਤਿਕ ਕਿਸੇ ਵੀ ਤਰ੍ਹਾਂ ਬਸ ਗੱਦੀ ਤੱਕ ਪਹੁੰਚਣ ਦੀ ਤਾਕ 'ਚ ਰਹਿੰਦੇ ਹਨ।

ਅੱਜ ਭਾਰਤ ਦੀ ਆਬਾਦੀ ਡੇਢ ਅਰਬ ਟੱਪ ਗਈ ਹੈ। ਦੇਸ਼ ਦੇ ਲੋਕਾਂ ਦਾ ਲੋਕਤੰਤਰ ਕੁਝ ਸਿਆਸੀ ਪਰਿਵਾਰਾਂ ਅਤੇ ਧਨਾਢ ਲੋਕਾਂ ਦੇ ਸ਼ਿਕੰਜੇ 'ਚ ਫਸ ਚੁੱਕਾ ਹੈ। ਸੱਤਾ ਉੱਤੇ ਪਾਰਲੀਮੈਂਟ ਵਿਧਾਨ ਸਭਾਵਾਂ 'ਚੋਂ ਇਨ੍ਹਾਂ ਲੋਕਾਂ ਦੀ ਗਿਣਤੀ ਵਧ ਰਹੀ ਹੈ। ਆਮ ਨਾਗਰਿਕ ਜਿਵੇਂ ਸਿਰਫ਼ ਵੋਟਰ ਬਣ ਗਿਆ ਹੈ, ਜਿਸ ਨੂੰ ਜਿਵੇਂ-ਕਿਵੇਂ ਵੀ ਤਰੋੜਿਆ-ਮਰੋੜਿਆ ਜਾ ਰਿਹਾ ਹੈ। ਬਿਹਾਰ ਦਾ ਦ੍ਰਿਸ਼ ਇਵੇਂ ਦਾ ਹੀ ਰਿਹਾ। ਜਿੱਥੇ ਸੱਤਾ ਧਿਰ ਨੇ ਵੋਟਰਾਂ ਨੂੰ ਭਰਮਾਇਆ, ਵਿਰੋਧੀ ਧਿਰ ਨੇ ਵੀ ਵੋਟਰਾਂ ਨੂੰ ਸਾਧਣ ਲਈ ਜ਼ੋਰ ਲਾਇਆ। ਨਤੀਜੇ ਹੈਰਾਨੀਜਨਕ ਰਹੇ।

ਬਿਹਾਰ 'ਚ ਭਾਜਪਾ ਇਨ੍ਹਾਂ ਚੋਣਾਂ 'ਚ 20.08% ਵੋਟਾਂ ਲੈ ਕੇ 89 ਸੀਟਾਂ ਜਿੱਤ ਗਈ। ਨਿਤੀਸ਼ ਕੁਮਾਰ ਦੀ ਸਿਆਸੀ ਧਿਰ 19.25 ਪ੍ਰਤੀਸ਼ਤ ਵੋਟਾਂ ਲੈ ਕੇ 85 ਸੀਟਾਂ ਜਿੱਤ ਗਈ। ਜਦ ਕਿ ਮਹਾਂਗਠਬੰਧਨ 31.7 ਪ੍ਰਤੀਸ਼ਤ (ਕਾਂਗਰਸ 8.7%, ਆਰਜੀਡੀ 23 ਪ੍ਰਤੀਸ਼ਤ) ਵੋਟਾਂ ਲੈ ਕੇ 35 ਸੀਟਾਂ ਤੱਕ ਸਿਮਟ ਗਿਆ।

ਲਾਲੂ ਪ੍ਰਸਾਦ ਯਾਦਵ ਦਾ ਜਨਤਾ ਦਲ 23 ਫ਼ੀਸਦੀ ਵੋਟਾਂ ਲੈ ਕੇ ਵੀ 25 ਸੀਟਾਂ ਲੈ ਸਕੀ, ਜਦ ਕਿ ਭਾਜਪਾ 20.8 ਪ੍ਰਤੀਸ਼ਤ ਲੈ ਕੇ ਵੀ 89 ਸੀਟਾਂ ਲੈ ਗਈ। ਇਸ ਚੋਣ ਨਤੀਜੇ ਨੇ ਹੈਰਾਨੀ ਵਧਾਈ ਹੈ। ਇਹ ਕਿਵੇਂ ਤੇ ਕਿਉਂ ਵਾਪਰਿਆ ਹੈਰਾਨੀਕੁਨ ਹੈ। ਪ੍ਰਸ਼ਾਂਤ ਕਿਸ਼ੋਰ ਦੀ ਪਾਰਟੀ, ਕੋਈ ਸੀਟ ਨਾ ਜਿੱਤ ਸਕੀ। ਮੁਸਲਿਮ ਪਾਰਟੀ ਏ.ਆਈ.ਐਮ.ਆਈ.ਐਮ. ਨੇ 1.85 ਫ਼ੀਸਦੀ ਵੋਟਾਂ ਲਈਆਂ ਤੇ ਪੰਜ ਸੀਟਾਂ ਜਿੱਤੀਆਂ, ਪਰ ਮਹਾਂਗਠਬੰਧਨ ਦੀਆਂ ਕਾਫ਼ੀ ਸੀਟਾਂ 'ਤੇ ਜਿੱਤ ਨੂੰ ਪ੍ਰਭਾਵਿਤ ਕੀਤਾ। ਇਸ ਚੋਣ 'ਚ ਭਾਵੇਂ ਐਨ.ਡੀ.ਏ. ਨੇ ਵੱਡੀ ਜਿੱਤ ਪ੍ਰਾਪਤ ਕੀਤੀ ਪਰ ਆਮ ਲੋਕ ਸਮਰਥਨ ਰਾਸ਼ਟਰੀ ਜਨਤਾ ਦਲ (ਤੇਜਸਵੀ ਯਾਦਵ) ਦੇ ਹੱਕ 'ਚ ਅਰਥਾਤ ਮਹਾਂਗਠਬੰਧਨ ਦੇ ਹੱਕ 'ਚ ਰਿਹਾ।

ਪਰ ਇੱਕ ਗੱਲ ਸ਼ੀਸ਼ੇ ਵਾਂਗੂੰ ਸਾਫ਼ ਦਿਸਦੀ ਹੈ ਕਿ ਬਿਹਾਰ 'ਚ ਲੋਕਤੰਤਰ ਦਾ ਘਾਣ ਹੋਇਆ ਹੈ। ਸਾਮ, ਦਾਮ, ਦੰਡ ਦੀ ਸਿਆਸਤ ਮੁੜ ਉਭਾਰ 'ਤੇ ਰਹੀ ਹੈ, ਕਿਉਂਕਿ ਹਾਸ਼ੀਏ 'ਤੇ ਪਏ ਬਿਹਾਰ ਦੇ ਆਮ ਲੋਕ, ਲੋਕਾਂ ਦੇ ਪ੍ਰਤੀਨਿਧ ਬਣਨ 'ਚ ਕਾਮਯਾਬ ਨਹੀਂ ਹੋਏ। ਇਹ ਗੱਲ ਵੀ ਵੇਖਣੀ ਬਣਦੀ ਹੈ ਕਿ ਲੋਕਤੰਤਰ ਦੀ ਸਫ਼ਲਤਾ ਸਿਰਫ਼ ਚੋਣਾਂ ਕਰਵਾਉਣ ਅਤੇ ਸਰਕਾਰ ਬਣਾਉਣ ਤੱਕ ਸੀਮਤ ਨਹੀਂ ਹੈ। ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ, ਜੋ ਬਿਹਾਰ ਵਿਚ ਗਾਇਬ ਰਹੀ।

ਬਿਹਾਰ ਦੀ 33.76 ਫ਼ੀਸਦੀ ਆਬਾਦੀ ਗ਼ਰੀਬੀ ਰੇਖਾ ਤੋਂ ਹੇਠਾਂ ਹੈ। ਇਹ ਦੇਸ਼ ਦੇ ਸਭ ਤੋਂ ਗਰੀਬ ਸੂਬਿਆਂ 'ਚੋਂ ਇੱਕ ਹੈ। ਬਿਹਾਰ ਦੇ ਨਾਗਰਿਕਾਂ ਦੀ ਪ੍ਰਤੀ ਵਿਅਕਤੀ ਆਮਦਨ ਦੇਸ਼ ਵਿਚ ਸਭ ਤੋਂ ਘੱਟ ਹੈ। ਸੂਬੇ 'ਚ ਨੌਕਰੀਆਂ ਦੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਲੋਕਾਂ ਦੇ ਰਹਿਣ-ਸਹਿਣ ਅਤੇ ਸੁਵਿਧਾਵਾਂ 'ਚ ਵੱਡਾ ਪਾੜਾ ਹੈ।

ਬਿਹਾਰ ਕਦੇ ਦੇਸ਼ 'ਚ ਸਿੱਖਿਆ ਦਾ ਸੂਚਕ ਸੀ, ਅੱਜ ਵਿਦਿਆਰਥੀਆਂ ਲਈ ਉੱਥੇ ਅਯੋਗ ਟੀਚਰ ਹਨ। ਲਾਇਬ੍ਰੇਰੀਆਂ, ਪ੍ਰਯੋਗਸ਼ਾਲਾਵਾਂ ਅਤੇ ਅਧਿਆਪਕਾਂ ਰਹਿਤ ਕਾਲਜ ਅਤੇ ਸਕੂਲ, ਨਕਲ ਦਾ ਬੋਲਬਾਲਾ, ਬਾਕੀ ਨਤੀਜਿਆਂ 'ਚ ਹੇਰਾ-ਫੇਰੀ, ਬੇਕਾਰ ਜਾਅਲੀ ਡਿਗਰੀਆਂ ਬਿਹਾਰ ਦੀ ਸਿੱਖਿਆ ਦੀ ਪਛਾਣ ਬਣ ਚੁੱਕੀ ਹੈ। ਨੌਜਵਾਨਾਂ ਲਈ ਨੌਕਰੀਆਂ ਨਹੀਂ ਹਨ। ਇਸ ਅਸੰਤੋਸ਼ਜਨਕ ਸਥਿਤੀ 'ਚ ਬਿਹਾਰ ਦੀ ਵਿਰੋਧੀ ਧਿਰ ਬਦਲਾਅ ਦੀ ਸਥਿਤੀ ਪੈਦਾ ਨਹੀਂ ਕਰ ਸਕੀ, ਕੋਈ ਵਿਕਲਪ ਨਹੀਂ ਦੇ ਸਕੀ ਅਤੇ ਆਰ.ਐਸ.ਐਸ. ਅਤੇ ਭਾਜਪਾ ਦੇ ਲੋਕਾਂ ਵਿਚਲੀ ਜ਼ਮੀਨੀ ਪਕੜ ਅਤੇ ਵੋਟ-ਬਟੋਰੂ ਰਾਜਨੀਤੀ ਦਾ ਮੁਕਾਬਲਾ ਕਰਨ 'ਚ ਅਸਫ਼ਲ ਰਹੀ। ਜਿੱਤਣ ਲਈ ਪਾਰਟੀ ਦੇ ਨੇਤਾਵਾਂ ਜਾਂ ਉਮੀਦਵਾਰਾਂ ਤੋਂ ਜ਼ਿਆਦਾ ਪਾਰਟੀ ਸੰਗਠਨ ਅਤੇ ਪਾਰਟੀ ਵਰਕਰਾਂ ਦੀ ਭੂਮਿਕਾ ਅਹਿਮ ਹੁੰਦੀ ਹੈ। ਅਰਥਾਤ ਜਿਸ ਕੋਲ ਸੰਗਠਨਾਤਮਕ ਤਾਕਤ ਹੈ, ਉਹ ਵੋਟਰਾਂ ਨੂੰ ਆਪਣੇ ਪੱਖ 'ਚ ਕਰ ਲੈਂਦਾ ਹੈ। ਭਾਜਪਾ ਤੇ ਨਿਤੀਸ਼ ਗਠਬੰਧਨ, ਆਪਣੀ ਸੰਗਠਨਾਤਮਕ ਤਾਕਤ, ਸਰਕਾਰੀ ਤਾਕਤ ਅਤੇ ਚੋਣ ਕਮਿਸ਼ਨ ਦੇ ਇੱਕ-ਪਾਸੜ ਵਤੀਰੇ ਨਾਲ ਬਿਹਾਰ ਹਥਿਆਇਆ ਗਿਆ।

ਬਿਹਾਰ ਦੀ ਜਨਤਾ ਨੇ ਸੂਬੇ 'ਚ ਮਜ਼ਬੂਤ ਵਿਰੋਧੀ ਧਿਰ ਲਈ ਵੋਟ ਨਹੀਂ ਦਿੱਤੀ। ਇਹੋ ਜਿਹੀ ਹਾਲਤ ਵਿਚ ਕੀ ਅਗਲੇ ਪੰਜਾਂ ਸਾਲਾਂ 'ਚ ਐਨ.ਡੀ.ਏ. ਸਰਕਾਰ ਆਪਣੇ ਵਾਅਦਿਆਂ ਨੂੰ ਪੂਰਿਆ ਕਰੇਗੀ? ਕੀ ਉਹ ਲੋਕਾਂ ਪ੍ਰਤੀ ਜਵਾਬਦੇਹ ਰਹੇਗੀ?

ਜਿਵੇਂ ਬਿਹਾਰ ਇਨ੍ਹਾਂ ਚੋਣਾਂ 'ਚ ਠੱਗਿਆ ਗਿਆ ਹੈ। ਉਸ ਪ੍ਰਤੀ ਜਵਾਬਦੇਹੀ ਅਤੇ ਜ਼ੁੰਮੇਵਾਰੀ ਅੱਗੋਂ ਜਨਤਾ ਦੀ ਹੋਵੇਗੀ। ਕੀ ਜਨਤਾ ਸਰਕਾਰੀ ਵਾਇਦੇ ਪੂਰੇ ਨਾ ਹੋਣ 'ਤੇ ਸਰਕਾਰ ਤੋਂ ਜਵਾਬਦੇਹੀ ਮੰਗੇਗੀ।

# ਕਾਰ ਧਮਾਕੇ ਦੇ ਗ਼ਰਦ-ਗ਼ੁਬਾਰ ਹੇਠ ਦੱਬੇ ਜਾ ਰਹੇ ਅਸਲ ਖ਼ਤਰੇ

***ਭਾਰਤ ਦੇ ਮੀਡੀਆ ਅੰਦਰ ਇਸ ਸਮੇਂ ਬਿਹਾਰ ਚੋਣਾਂ ਵਿਚ ਭਾਜਪਾ ਦੀ ਜਿੱਤ ਅਤੇ ਦਿੱਲੀ ਵਿਚ ਕਥਿਤ ਆਤਮਘਾਤੀ ਕਾਰ ਧਮਾਕੇ ਨਾਲ ਉਜਾਗਰ ਹੋਏ 'ਦਹਿਸ਼ਤਵਾਦੀ ਖ਼ਤਰੇ' ਦਾ ਸ਼ੋਰ ਹੈ। ਜਦਕਿ ਭਾਜਪਾ ਦੀ ਘੱਟ-ਗਿਣਤੀਆਂ ਵਿਰੋਧੀ ਦਬਾਊ, ਵੰਡ-ਪਾਊ ਨੀਤੀ ਨਾਲ ਭਾਰਤੀ ਸਟੇਟ ਆਪਣੇ ਮੁਸਲਿਮ ਨਾਗਰਿਕਾਂ ਲਈ ਕਿਸ ਤਰ੍ਹਾਂ ਦੇ ਖ਼ਤਰੇ ਪੈਦਾ ਕਰ ਰਿਹਾ ਹੈ, ਉਸ ਬਾਰੇ ਮੀਡੀਆ ਚੁੱਪ ਹੈ। ਇਨ੍ਹਾਂ ਸਵਾਲਾਂ ਅਤੇ ਸਰੋਕਾਰਾਂ ਦੀ ਚਰਚਾ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ॥***

ਭਾਜਪਾ ਦੀ ਅਗਵਾਈ ਹੇਠ ਕੌਮੀ-ਜਮਹੂਰੀ ਗੱਠਜੋੜ ਨੇ 243 ਵਿੱਚੋਂ 202 ਸੀਟਾਂ ਜਿੱਤ ਕੇ ਵਸੋਂ ਦੇ ਲਿਹਾਜ ਨਾਲ ਮੁਲਕ ਦੇ ਦੂਜੇ ਸਭ ਤੋਂ ਵੱਡੇ ਰਾਜ ਬਿਹਾਰ ਦੀ ਸੱਤਾ ਉੱਪਰ ਆਪਣੀ ਜਕੜ ਹੋਰ ਮਜ਼ਬੂਤ ਬਣਾ ਲਈ ਹੈ। ਹਾਲੀਆ ਚੋਣਾਂ ਵਿਚ ਕਾਂਗਰਸ ਤੇ ਰਾਸ਼ਟਰੀ ਜਨਤਾ ਦਲ ਦਾ ਸਫ਼ਾਇਆ ਹੋ ਜਾਣ ਅਤੇ ਹੋਰ ਗੱਠਜੋੜ ਭਾਈਵਾਲ ਪਾਰਟੀਆਂ ਨੂੰ ਵੀ ਕੋਈ ਖ਼ਾਸ ਕਾਮਯਾਬੀ ਨਾ ਮਿਲਣ ਕਾਰਨ 'ਮਹਾਗੱਠਜੋੜ' ਸਦਮੇ ਵਿਚ ਹੈ। 'ਮੁੱਖਧਾਰਾ' ਕਹਾਉਣ ਵਾਲਾ ਗੋਦੀ ਮੀਡੀਆ ਚੋਣ ਵਿਸ਼ਲੇਸ਼ਣਾਂ ਦੇ ਨਾਂ ਹੇਠ ਭਾਜਪਾ ਦੀ ਜਿੱਤ ਦੇ ਜਸ਼ਨ ਮਨਾ ਰਿਹਾ ਹੈ ਅਤੇ ਮੋਦੀ ਨੂੰ ਭਾਰਤ ਦੇ ਅਜਿਹੇ 'ਵਿਕਾਸ ਮਹਾਪੁਰਸ਼' ਵਜੋਂ ਪੇਸ਼ ਕੀਤਾ ਜਾ ਰਿਹਾ ਹੈ ਜਿਸ ਨੂੰ ਹੁਣ ਕੋਈ ਵੀ ਹਰਾ ਨਹੀਂ ਸਕਦਾ।

**ਬੂਟਾ ਸਿੰਘ ਮਹਿਮੂਦਪੁਰ**

ਬਹੁਤ ਹੀ ਚਲਾਕੀ ਨਾਲ ਉਸ ਮਹਾਂਠੱਗੀ, ਰਾਜਨੀਤਕ ਧੋਖਾਧੜੀ ਅਤੇ ਹੇਰਾਫੇਰੀ ਉੱਪਰ ਪਰਦਾ ਪਾ ਦਿੱਤਾ ਗਿਆ ਹੈ ਜਿਸਦੇ ਸਹਾਰੇ ਇਹ ਚੋਣ ਜਿੱਤੀ ਗਈ ਹੈ। ਐੱਸਆਈਆਰ (ਵੋਟਰ ਸੂਚੀ ਦੀ ਡੂੰਘੀ ਸੁਧਾਈ) ਰਾਹੀਂ ਵੋਟਾਂ ਡਿਲੀਟ ਕਰਨ ਤੋਂ ਲੈ ਕੇ ਚੋਣਾਂ ਤੋਂ ਐਨ ਪਹਿਲਾਂ ਐਲਾਨੀਆਂ ਲੋਕ-ਲੁਭਾਊ ਸਕੀਮਾਂ ਤੱਕ ਹਰ ਚੀਜ਼ ਸਵਾਲਾਂ ਦੇ ਘੇਰੇ 'ਚ ਹੈ।

ਇਸ ਮਹਾਠੱਗੀ ਤੋਂ ਧਿਆਨ ਹਟਾਉਣ ਲਈ ਗੋਦੀ ਮੀਡੀਆ ਨੂੰ ਦਿੱਲੀ ਕਾਰ ਧਮਾਕੇ ਦਾ ਮੁੱਦਾ ਮਿਲ ਗਿਆ ਹੈ। ਗੋਦੀ ਮੀਡੀਆ ਦੇ ਮੁਸਲਿਮ ਵਿਰੋਧੀ ਬਿਰਤਾਂਤ ਨੂੰ ਅਜਿਹੇ ਕਾਂਡ ਹੀ ਰਾਸ ਆਉਂਦੇ ਹਨ। ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਗੋਦੀ ਨਿਊਜ਼ ਚੈਨਲ ਮੀਡੀਆ ਟਰਾਇਲ ਰਾਹੀਂ ਮੁਸਲਮਾਨਾਂ ਨੂੰ ਦੋਸ਼ੀ ਕਰਾਰ ਦੇਣਾ ਸ਼ੁਰੂ ਕਰ ਦਿੰਦੇ ਹਨ। ਇਸ ਦਰਮਿਆਨ ਕੁਝ ਕੁ ਸੰਜੀਦਾ ਮੀਡੀਆ ਹਿੱਸੇ ਹੀ ਉਨ੍ਹਾਂ ਖ਼ਤਰਿਆਂ ਬਾਰੇ ਲੋਕਾਂ ਨੂੰ ਚੁਕੰਨੇ ਕਰ ਰਹੇ ਹਨ ਜੋ ਮੋਦੀ-ਅਮਿਤਸ਼ਾਹ ਦੀ ਅਗਵਾਈ ਹੇਠ ਮੁਲਕ ਉੱਪਰ ਆਰਐੱਸਐੱਸ-ਭਾਜਪਾ ਦੇ ਮਜ਼ਬੂਤ ਹੁੰਦੇ ਜਾਣ ਨਾਲ ਸਪਸ਼ਟ ਉਭਰਦੇ ਦੇਖੇ ਜਾ ਸਕਦੇ ਹਨ। ਭਗਵਾ ਹਕੂਮਤ ਹੇਠ ਦਣਦਣਾ ਰਹੇ ਹਿੰਦੂਤਵ ਫਾਸ਼ੀਵਾਦ ਬਾਰੇ ਪਹਿਲਾਂ ਹੀ ਬਹੁਤ ਕੁਝ ਲਿਖਿਆ ਹੋਣ ਦੇ ਬਾਵਜੂਦ ਇੱਥੇ ਕੁਝ ਕੁ ਤਾਜ਼ਾ ਘਟਨਾਵਾਂ ਉੱਪਰ ਸੰਖੇਪ ਝਾਤ ਮਾਰਨੀ ਜ਼ਰੂਰੀ ਹੈ ਜੋ ਜ਼ਮੀਨੀ ਪੱਧਰ 'ਤੇ ਬਣ ਰਹੀ ਬੇਹੱਦ ਚਿੰਤਾਜਨਕ ਹਾਲਾਤ ਦੀ ਵੰਨਗੀ ਪੇਸ਼ ਕਰਦੀਆਂ ਹਨ।

*ਬਿਹਾਰ ਚੋਣਾਂ 'ਚ ਭਾਜਪਾ ਦੀ ਜਿੱਤ ਦਾ ਐਲਾਨ ਹੁੰਦੇ ਸਾਰ ਅਸਾਮ ਵਿਚ ਭਾਜਪਾ ਸਰਕਾਰ ਦੇ ਕੈਬਨਿਟ ਮੰਤਰੀ ਅਸ਼ੋਕ ਸਿੰਘਲ ਨੇ ਫੁੱਲਗੋਭੀ ਦੇ ਖੇਤਾਂ ਦੀ ਤਸਵੀਰ ਸਾਂਝੀ ਕਰਦਿਆਂ ਉਸਨੂੰ ਕੈਪਸ਼ਨ ਦਿੱਤੀ: 'ਬਿਹਾਰ ਨੇ ਗੋਭੀ ਦੀ ਖੇਤੀ ਨੂੰ ਮਨਜ਼ੂਰੀ ਦਿੱਤੀ'।

'ਗੋਭੀ ਦੀ ਖੇਤੀ' ਕੀ ਹੈ? ਇਸਦਾ ਮਤਲਬ ਅਕਤੂਬਰ-ਨਵੰਬਰ 1989 'ਚ ਬਿਹਾਰ ਦੇ ਭਾਗਲਪੁਰ ਵਿਚ ਹੋਇਆ ਕਤਲੇਆਮ ਹੈ। ਸਿਰ ਤੋਂ ਪੈਰਾਂ ਤੱਕ ਮੁਸਲਿਮ ਵਿਰੋਧੀ ਨਫ਼ਰਤ ਨਾਲ ਗੜੁੱਚ ਭਗਵਾ ਆਗੂ ਕਤਲੇਆਮ ਦੀ ਜੈ-ਜੈਕਾਰ 'ਗੋਭੀ ਦੀ ਖੇਤੀ' ਵਜੋਂ ਕਰਦੇ ਦੇਖੇ ਜਾ ਸਕਦੇ ਹਨ। ਰਾਮ-ਜਨਮ ਭੂਮੀ ਅੰਦੋਲਨ ਦੇ ਮਾਹੌਲ ਵਿਚ ਕੀਤੇ ਗਏ ਉਸ ਕਤਲੇਆਮ ਵਿਚ ਸੈਂਕੜੇ ਮੁਸਲਮਾਨਾਂ ਨੂੰ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ। ਵਿਸ਼ਵ ਹਿੰਦੂ ਪਰਿਸ਼ਦ (ਵੀ.ਐੱਚ.ਪੀ.) ਵੱਲੋਂ ਰਾਮ ਜਨਮਭੂਮੀ ਅੰਦੋਲਨ ਜ਼ਰੀਏ ਹਿੰਦੂ ਫਿਰਕੇ ਦਾ ਭਗਵਾਕਰਨ ਕੀਤਾ ਗਿਆ। ਗਿਣੀ-ਮਿੱਥੀ ਸਾਜ਼ਿਸ਼ ਤਹਿਤ ਸੈਂਕੜੇ ਹਿੰਦੂ ਵਿਦਿਆਰਥੀਆਂ ਨੂੰ ਕਤਲ ਕਰਕੇ ਦਫ਼ਨਾਏ ਜਾਣ ਦੀਆਂ ਝੂਠੀਆਂ ਅਫ਼ਵਾਹਾਂ ਫੈਲਾ ਕੇ ਮੁਸਲਮਾਨ-ਵਿਰੋਧੀ ਨਫ਼ਰਤ ਅਤੇ ਬੇਵਿਸ਼ਵਾਸੀ ਦਾ ਮਾਹੌਲ ਬਣਾਇਆ ਗਿਆ। ਭਾਗਲਪੁਰ ਵਿਚ ਦੋ ਮਹੀਨੇ ਤੋਂ ਵੱਧ ਸਮਾਂ ਚੱਲੀ ਹਿੰਸਾ ਦੇ ਨਤੀਜੇ ਵਜੋਂ ਤਕਰੀਬਨ 1,070 ਲੋਕ ਮਾਰੇ ਗਏ ਅਤੇ 524 ਜ਼ਖ਼ਮੀ ਹੋਏ। 195 ਪਿੰਡਾਂ ਵਿਚ 11,500 ਘਰ ਤਬਾਹ ਹੋ ਗਏ, ਜਿਸ ਨਾਲ 48,000 ਲੋਕ ਬੇਘਰ ਹੋ ਗਏ। ਇਸ ਤੋਂ ਇਲਾਵਾ 68 ਮਸਜਿਦਾਂ ਅਤੇ 20 ਮਜ਼ਾਰ ਵੀ ਤਬਾਹ ਕਰ ਦਿੱਤੇ ਗਏ। ਮਾਰੇ ਗਏ ਜ਼ਿਆਦਾਤਰ (93% ਦੇ ਕਰੀਬ) ਮੁਸਲਮਾਨ ਸਨ। ਇੱਥੇ ਲੋਗੇਨ ਕਤਲੇਆਮ ਵਿਚ 116 ਮੁਸਲਮਾਨਾਂ ਨੂੰ ਕਤਲ ਕਰਕੇ ਸਬੂਤ ਮਿਟਾਉਣ ਲਈ ਲਾਸ਼ਾਂ ਖੇਤ ਵਿਚ ਦੱਬ ਕੇ ਉੱਪਰ ਗੋਭੀ ਦੇ ਪੌਦੇ ਲਗਾ ਦਿੱਤੇ ਗਏ ਸਨ। ਉਸੇ ਨੂੰ ਭਾਜਪਾ ਆਗੂ 'ਗੋਭੀ ਦੀ ਖੇਤੀ' ਵਜੋਂ ਪ੍ਰਚਾਰ ਕੇ ਮੁਸਲਮਾਨ ਭਾਈਚਾਰੇ ਨੂੰ ਇਹ ਅਹਿਸਾਸ ਕਰਾਉਂਦੇ ਹਨ ਕਿ ਪੂਰੇ ਮੁਲਕ ਉੱਪਰ ਸੱਤਾਧਾਰੀ ਹੋਣ ਕਾਰਨ ਹੁਣ ਤਾਂ ਅਸੀਂ ਤੁਹਾਡੇ ਨਾਲ ਕੁਝ ਵੀ ਕਰ ਸਕਦੇ ਹਾਂ।

ਭਾਗਲਪੁਰ ਰੇਸ਼ਮ ਉਦਯੋਗ ਦਾ ਮਸ਼ਹੂਰ ਕੇਂਦਰ ਸੀ ਜਿਸਦਾ ਧੁਰਾ ਮੁਸਲਮਾਨ ਕਿਰਤੀ ਸਨ। ਹਿੰਦੂਤਵ ਫਿਰਕਾਪ੍ਰਸਤਾਂ ਦਾ ਖ਼ਾਸ ਨਿਸ਼ਾਨਾ ਮੁਸਲਮਾਨ ਭਾਈਚਾਰੇ ਨੂੰ ਆਰਥਕ ਤੌਰ 'ਤੇ ਸੱਟ ਮਾਰਨਾ ਵੀ ਹੈ। ਮੁਸਲਮਾਨਾਂ ਵਿਰੋਧੀ ਹਿੰਸਾ ਵਿਚ 600 ਪਾਵਰ ਲੂਮ ਅਤੇ 1,700 ਹੱਥਖੱਡੀਆਂ ਸਾੜ ਦਿੱਤੀਆਂ ਗਈਆਂ, ਜਿਸ ਕਾਰਨ ਇਸ ਕਾਰੋਬਾਰ ਵਿਚ ਲੱਗੇ ਲੋਕਾਂ ਦੀ ਰੋਜ਼ੀ-ਰੋਟੀ ਖ਼ਤਮ ਹੋ ਗਈ। ਕਥਿਤ ਦੰਗੇ ਉਨ੍ਹਾਂ ਲਈ ਜਾਨਾਂ ਦੇ ਖ਼ੌਅ ਦੇ ਨਾਲ-ਨਾਲ ਭਾਰੀ ਆਰਥਕ ਤਬਾਹੀ ਵੀ ਲੈ ਕੇ ਆਏ। ਬਿਹਾਰ ਜਿੱਤ ਦੀ ਵਿਆਖਿਆ ਇਕ ਘਿਣਾਉਣੇ ਕਤਲੇਆਮ ਦੇ ਹਵਾਲੇ ਨਾਲ ਕਰਨ ਤੋਂ ਭਾਜਪਾ ਲੀਡਰਸ਼ਿਪ ਦੀ ਫਿਰਕੂ ਜ਼ਹਿਰ ਨਾਲ ਡੰਗੀ ਮਾਨਸਿਕਤਾ ਸਾਫ਼ ਸਮਝੀ ਜਾ ਸਕਦੀ ਹੈ। ਫਿਰਕੂ ਸਦਭਾਵਨਾ ਦੇ ਪ੍ਰਤੀਕ ਜਮਹੂਰੀ ਕਾਰਕੁਨਾਂ ਨੂੰ ਬਿਨਾਂ ਜ਼ਮਾਨਤ ਜੇਲ੍ਹਾਂ ਵਿਚ ਸਾੜਨ ਵਾਲੀਆਂ ਕਥਿਤ ਸੁਰੱਖਿਆ ਏਜੰਸੀਆਂ ਅਤੇ ਨਿਆਂ ਪ੍ਰਣਾਲੀ ਨੂੰ ਇਹ ਫਿਰਕੂ ਜ਼ਹਿਰ ਨਜ਼ਰ ਨਹੀਂ ਆਉਂਦੀ।

*ਯੂਪੀ ਦੀ ਸੱਤਾ ਉੱਪਰ ਕਾਬਜ਼ ਮਹੰਤ ਅਦਿੱਤਿਆਨਾਥ ਸਰਕਾਰ ਨੇ ਅਖ਼ਲਾਕ ਲਿੰਚਿੰਗ ਕਾਂਡ ਦੇ ਦੋਸ਼ੀਆਂ ਵਿਰੁੱਧ ਦਰਜ ਸਾਰੇ ਮੁਕੱਦਮੇ ਵਾਪਸ ਲੈ ਕੇ ਹਜੂਮੀ ਹਿੰਸਾ ਨੂੰ ਭਾਜਪਾ ਦੀ ਰਾਜਸੀ ਤੇ ਰਾਜਕੀ ਪੁਸ਼ਤਪਨਾਹੀ ਦੀ ਇਕ ਹੋਰ ਮਿਸਾਲ ਪੇਸ਼ ਕੀਤੀ ਹੈ। ਇਸ ਤੋਂ ਪਹਿਲਾਂ ਵੀ ਹਿੰਦੂਤਵੀ ਦਹਿਸ਼ਤੀ ਗਰੋਹਾਂ, ਹਜੂਮੀ ਕਤਲਾਂ ਤੇ ਹਿੰਸਾ ਨੂੰ ਅੰਜਾਮ ਦੇਣ ਵਾਲਿਆਂ ਅਤੇ ਬਲਾਤਕਾਰੀਆਂ ਦੀਆਂ ਸਜ਼ਾਵਾਂ ਮਾਫ਼ ਕਰਨ, ਜੇਲ੍ਹਾਂ ਵਿੱਚੋਂ ਬਾਹਰ ਆਉਣ 'ਤੇ ਉਨ੍ਹਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਅਤੇ ਸਟਾਰ ਚਿਹਰਿਆਂ ਵਜੋਂ ਉਭਾਰਨ ਦਾ ਘਿਣਾਉਣਾ ਸਿਲਸਿਲਾ ਹੈ।

ਇਹ ਕੇਸ ਗੌਤਮ ਬੁੱਧ ਨਗਰ ਦੀ ਸੈਸ਼ਨ ਕੋਰਟ 'ਚ ਚੱਲ ਰਿਹਾ ਹੈ। ਆਊਟਲੁਕ ਰਸਾਲੇ ਨੇ ਰਿਪੋਰਟ ਦਿੱਤੀ ਹੈ ਕਿ ਸਰਕਾਰ ਨੇ ਸੈਸ਼ਨ ਕੋਰਟ ਵਿਚ ਦੋਸ਼ੀਆਂ ਵਿਰੁੱਧ ਸਾਰੇ ਦੋਸ਼ ਵਾਪਸ ਲੈਣ ਲਈ ਅਰਜ਼ੀ ਦਿੱਤੀ ਹੈ। ਰਿਪੋਰਟ ਮੁਤਾਬਕ, ਇਹ ਵਾਪਸੀ ਅਰਜ਼ੀ 15 ਅਕਤੂਬਰ ਨੂੰ ਗੌਤਮ ਬੁੱਧ ਨਗਰ ਦੇ ਸਹਾਇਕ ਜ਼ਿਲ੍ਹਾ ਸਰਕਾਰੀ ਵਕੀਲ ਵੱਲੋਂ ਦਾਇਰ ਕੀਤੀ ਗਈ, ਜਿਸਨੇ ਰਾਜ ਸਰਕਾਰ ਦੇ ਹੁਕਮਾਂ (26 ਅਗਸਤ ਦੀ ਚਿੱਠੀ) 'ਤੇ ਇਹ ਕਾਰਵਾਈ ਕੀਤੀ ਹੈ। ਅਰਜ਼ੀ ਵਿਚ ਕਿਹਾ ਗਿਆ ਹੈ ਕਿ ਰਾਜਪਾਲ ਨੇ ਮੁਕੱਦਮਾ ਵਾਪਸ ਲੈਣ ਲਈ ਲਿਖਤੀ ਮਨਜ਼ੂਰੀ ਦੇ ਦਿੱਤੀ ਹੈ।

28 ਸਤੰਬਰ 2015 ਨੂੰ ਦਾਦਰੀ ਦੇ ਬਿਸਾੜਾ ਪਿੰਡ ਵਿਚ ਮੰਦਰ ਦੇ ਲਾਊਡਸਪੀਕਰ ਤੋਂ ਪੁਜਾਰੀ ਵੱਲੋਂ ਇਹ ਅਨਾਊਂਸਮੈਂਟ ਕੀਤੀ ਗਈ ਸੀ ਕਿ ਮੁਹੰਮਦ ਅਖ਼ਲਾਕ ਨੇ ਗਊ ਹੱਤਿਆ ਕਰਕੇ ਉਸਦਾ ਮਾਸ ਆਪਣੇ ਫਰਿਜ਼ ਵਿਚ ਰੱਖਿਆ ਹੋਇਆ ਹੈ। ਭੀੜ ਇਕੱਠੀ ਹੋ ਗਈ। ਅਖ਼ਲਾਕ ਅਤੇ ਉਸਦੇ ਪੁੱਤਰ ਦਾਨਿਸ਼ ਨੂੰ ਘਰ 'ਚੋਂ ਧੂਹ ਕੇ ਬਾਹਰ ਕੱਢ ਲਿਆ ਅਤੇ ਬੇਰਹਿਮੀ ਨਾਲ ਲਹੂ-ਲੁਹਾਣ ਕਰਕੇ ਮਰਨ ਲਈ ਸੁੱਟ ਦਿੱਤਾ ਗਿਆ। ਅਖ਼ਲਾਕ ਦੀ ਮੌਤ ਹੋ ਗਈ। ਗੰਭੀਰ ਰੂਪ 'ਚ ਜ਼ਖ਼ਮੀ ਉਸਦੇ ਪੁੱਤਰ ਦੀ ਜਾਨ ਬਚ ਗਈ ਪਰ ਉਹ ਉਦੋਂ ਤੋਂ ਹੀ ਹਿੰਦੂਤਵੀ ਦਹਿਸ਼ਤ ਦੇ ਸਾਏ ਹੇਠ ਜੀਅ ਰਿਹਾ ਹੈ।

ਦੇਸ਼-ਬਦੇਸ਼ ਵਿਚ ਇਸ ਹਜੂਮੀ ਕਤਲ ਦਾ ਜ਼ੋਰਦਾਰ ਵਿਰੋਧ ਹੋਇਆ। ਪੂਰੇ ਮੁਲਕ ਵਿਚ 'ਨਾਟ ਇਨ ਮਾਈ ਨੇਮ' (ਮੇਰੇ ਨਾਮ 'ਤੇ ਨਹੀਂ) ਵਿਰੋਧ ਪ੍ਰਦਰਸ਼ਨ ਹੋਏ, ਜਿਨ੍ਹਾਂ ਵਿਚ ਵਧ ਰਹੀ ਹਿੰਦੂਤਵੀ ਹਜੂਮੀ ਹਿੰਸਾ ਦੀ ਨਿੰਦਾ ਕੀਤੀ ਗਈ। ਇਸ ਦਬਾਅ ਹੇਠ ਸਰਕਾਰ ਨੂੰ ਕਤਲ ਅਤੇ ਭਾਈਚਾਰਿਆਂ ਦਰਮਿਆਨ ਵੈਰ-ਭਾਵਨਾ ਭੜਕਾਉਣ ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕਰਨੇ ਪਏ ਅਤੇ ਦੋਸ਼ੀਆਂ ਨੂੰ ਗ੍ਰਿਫ਼ਤਾਰ ਵੀ ਕਰਨਾ ਪਿਆ। ਬਾਅਦ ਵਿਚ ਭਗਵਾ ਹਕੂਮਤ ਵਾਲੇ ਰਾਜਾਂ ਵਿਚ ਗਊ-ਰੱਖਿਆ ਦੇ ਨਾਂ 'ਤੇ ਚੌਕਸੀ ਮੁਹਿੰਮ, ਹਜੂਮੀ ਹਿੰਸਾ ਅਤੇ ਮੁਸਲਮਾਨਾਂ ਵਿਰੁੱਧ ਫਿਰਕੂ ਦੁਸ਼ਮਣੀ ਆਮ ਬਣਾ ਦਿੱਤੀ ਗਈ। ਦੇਸ਼-ਬਦੇਸ਼ ਵਿਚ ਚਰਚਿਤ ਕੇਸ ਹੋਣ ਦੇ ਬਾਵਜੂਦ, ਆਦਿਤਿਆਨਾਥ ਵੱਲੋਂ ਸੱਤਾ ਵਿਚ ਆ ਕੇ ਦੋਸ਼ੀਆਂ ਨੂੰ ਬਚਾਉਣ ਲਈ ਪੂਰਾ ਤਾਣ ਲਾ ਦਿੱਤਾ ਗਿਆ। ਸਥਾਨਕ ਬੀਜੇਪੀ ਆਗੂ ਸੰਜੈ ਰਾਣਾ ਦੇ ਛੋਕਰੇ ਵਿਸ਼ਾਲ ਰਾਣਾ ਸਮੇਤ ਕਤਲ ਦੇ ਦੋਸ਼ੀ 18 ਵਿਅਕਤੀਆਂ ਨੂੰ ਸਤੰਬਰ 2017 ਤੱਕ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ। ਅਖ਼ਲਾਕ ਦਾ ਪਰਿਵਾਰ ਦਹਿਸ਼ਤਜ਼ਦਾ ਹੋ ਕੇ ਉੱਥੋਂ ਚਲਾ ਗਿਆ। ਆਖ਼ਿਰਕਾਰ, ਹੁਣ ਅਦਿੱਤਿਆਨਾਥ ਸਰਕਾਰ ਨੇ 'ਨਾਕਾਫ਼ੀ ਸਬੂਤ', 'ਪਰਿਵਾਰ ਨੇ ਬਿਆਨ ਬਦਲੇ, ਉਹ ਦੁਸ਼ਮਣੀ ਨਹੀਂ ਰੱਖਣਾ ਚਾਹੁੰਦੇ' ਦੇ ਬਹਾਨੇ ਕੇਸ ਨੂੰ ਬੰਦ ਕਰ ਦਿੱਤਾ ਹੈ। ਇਹ ਸਪਸ਼ਟ ਸੰਦੇਸ਼ ਹੈ ਕਿ ਹਜੂਮੀ ਕਤਲਾਂ ਸੰਬੰਧੀ ਕੋਈ ਨਿਆਂ ਨਹੀਂ ਹੋਵੇਗਾ।




*10 ਨਵੰਬਰ ਨੂੰ ਦਿੱਲੀ ਵਿਚ ਹੋਏ 'ਕਾਰ ਧਮਾਕਾ ਕਾਂਡ' ਦੀ ਜਾਂਚ ਅਜੇ ਸ਼ੁਰੂ ਵੀ ਨਹੀਂ ਸੀ ਹੋਈ ਕਿ 'ਮੁੱਖਧਾਰਾ' ਵੱਲੋਂ ਬਣੀ-ਬਣਾਈ ਮਾਨਸਿਕਤਾ ਦੇ ਆਧਾਰ 'ਤੇ ਪੂਰੇ ਮੁਸਲਮਾਨ ਭਾਈਚਾਰੇ ਵਿਰੁੱਧ ਜ਼ਹਿਰੀਲੀ ਮੁਹਿੰਮ ਵਿੱਢ ਦਿੱਤੀ ਗਈ। ਇਸ ਮੁਹਿੰਮ ਨੇ ਹਰ ਥਾਂ ਹੀ ਕਸ਼ਮੀਰੀਆਂ ਅਤੇ ਮੁਸਲਮਾਨਾਂ ਨੂੰ ਸ਼ੱਕ ਦੇ ਘੇਰੇ 'ਚ ਲਿਆਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਜਾਂਚ ਏਜੰਸੀਆਂ ਵੱਲੋਂ ਘਟਨਾ ਦੇ ਤੱਥ ਇਕੱਠੇ ਕਰਨ ਤੋਂ ਪਹਿਲਾਂ ਹੀ ਦੋਸ਼ੀ ਠਹਿਰਾਉਣ ਦੀ ਸੁਭਾਵਿਕ ਰਾਸ਼ਟਰੀ ਪ੍ਰਵਿਰਤੀ ਨੇ ਸਿਰ ਚੁੱਕ ਲਿਆ। ਕਾਰ ਧਮਾਕਾ ਹੋਣ ਤੋਂ ਕੁਝ ਮਿੰਟਾਂ ਦੇ ਅੰਦਰ ਹੀ, ਜਦੋਂ ਅਜੇ ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਕਰਦੀ ਕੋਈ ਅਧਿਕਾਰਕ ਜਾਣਕਾਰੀ ਵੀ ਜਾਰੀ ਨਹੀਂ ਸੀ ਕੀਤੀ ਗਈ, ਟੈਲੀਵਿਜ਼ਨ ਪੈਨਲਾਂ ਨੇ 'ਇਸਲਾਮਿਕ ਗਰੁੱਪਾਂ' ਬਾਰੇ ਅਟਕਲਾਂ ਲਗਾਉਣੀਆਂ ਸ਼ੁਰੂ ਕਰ ਦਿੱਤੀਆਂ, ਗੁੰਮਨਾਮ ਸੋਸ਼ਲ ਮੀਡੀਆ ਖ਼ਾਤਿਆਂ ਨੇ ਮੁਸਲਿਮ ਨਾਮ ਫੈਲਾਉਣੇ ਸ਼ੁਰੂ ਕਰ ਦਿੱਤੇ ਅਤੇ ਨਿਊਜ਼ ਚੈਨਲਾਂ ਨੇ ਆਪੇ ਬਣੇ ਤਬਸਰਾਕਾਰਾਂ ਨੂੰ ਨਿਊਜ਼ ਰੂਮਾਂ ਵਿਚ ਸੱਦ ਕੇ ਇਹ ਬਿਰਤਾਂਤ ਚਲਾਉਣਾ ਸ਼ੁਰੂ ਕਰ ਦਿੱਤਾ ਕਿ ਇਹ ਘਟਨਾ ਮੁਸਲਿਮ ਦਹਿਸ਼ਤਵਾਦ ਦੇ 'ਜਾਣੇ-ਪਛਾਣੇ ਪੈਟਰਨ' ਨੂੰ ਦਰਸਾਉਂਦੀ ਹੈ ਅਤੇ ਇਹ 'ਚਿੱਟ-ਕਾਲਰੀਆ ਦਹਿਸ਼ਤੀ ਮੌਡਿਊਲ' ਵਧੇਰੇ ਖ਼ਤਰਨਾਕ ਸਾਜ਼ਿਸ਼ ਹੈ।

ਲਗਭਗ ਇਸੇ ਹੀ ਸਮੇਂ ਯੂ.ਪੀ. ਦੇ ਗਾਜ਼ੀਆਬਾਦ ਵਿਚ ਬਜਰੰਗ ਦਲ ਨਾਲ ਜੁੜੇ ਰਾਮ ਨਾਂ ਦੇ ਵਿਅਕਤੀ ਦੇ ਘਰੋਂ ਬਹੁਤ ਵੱਡੀ ਮਾਤਰਾ ਵਿਚ ਹਥਿਆਰ ਅਤੇ ਵਿਸਫੋਟਕ ਸਮੱਗਰੀ ਫੜੀ ਗਈ। ਗੋਦੀ ਮੀਡੀਆ ਨੇ ਉਹ ਖ਼ਬਰ ਹੀ ਦਬਾ ਦਿੱਤੀ। ਗੋਦੀ ਮੀਡੀਆ ਤਾਂ ਸਰਕਾਰੀ ਬਿਰਤਾਂਤ ਦਾ ਧੂਤੂ ਹੈ ਹੀ, ਮਿਆਰੀ ਰਿਪੋਰਟਿੰਗ ਲਈ ਮਸ਼ਹੂਰ ਮੁੱਖ ਅੰਗਰੇਜ਼ੀ ਅਖ਼ਬਾਰ ਵੀ ਤੱਥਾਂ ਦੀ ਤਹਿ ਵਿਚ ਜਾਏ ਬਿਨਾਂ ਹੀ ਸਰਕਾਰੀ ਪ੍ਰੈੱਸ ਨੋਟਾਂ ਨੂੰ ਪਹਿਲੇ ਪੰਨੇ ਦੀਆਂ ਖ਼ਬਰਾਂ ਦੇ ਰੂਪ ਵਿਚ ਧੜਾਧੜ ਛਾਪ ਰਹੇ ਹਨ। 'ਮੁੱਖਧਾਰਾ' ਮੀਡੀਆ ਇਸ ਸਭ ਤੋਂ ਮਹੱਤਵਪੂਰਨ ਸਵਾਲ ਬਾਰੇ ਖ਼ਾਮੋਸ਼ ਹੈ ਕਿ ਮੋਦੀ-ਸ਼ਾਹ ਹਕੂਮਤ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖ਼ਤਮ ਕਰਕੇ ਕਥਿਤ ਦਹਿਸ਼ਤਵਾਦ ਦੀ ਕਮਰ ਤੋੜ ਦਿੱਤੀ ਹੈ ਤਾਂ ਫਿਰ ਪੜ੍ਹੇ-ਲਿਖੇ ਕਸ਼ਮੀਰੀ ਨੌਜਵਾਨ ਆਪਣੀਆਂ ਜਾਨਾਂ 'ਤੇ ਖੇਡ ਕੇ ਫ਼ਿਦਾਇਨ ਕਿਉਂ ਬਣਦੇ ਹਨ? ਮੋਦੀ ਹਕੂਮਤ ਦੀ ਭਾਸ਼ਾ ਦੱਸਦੀ ਹੈ ਕਿ ਇਹ ਕਾਰ ਧਮਾਕੇ ਦੇ ਬਹਾਨੇ ਕਸ਼ਮੀਰੀ ਲੋਕਾਂ ਉੱਪਰ ਜਬਰ-ਜ਼ੁਲਮ ਹੋਰ ਤਿੱਖਾ ਕਰਨ ਦੇ ਰਾਹ ਪੈ ਤੁਰੀ ਹੈ। ਘਾਟੀ ਵਿਚ 650 ਤੋਂ ਵੱਧ ਕਸ਼ਮੀਰੀਆਂ ਨੂੰ ਹਿਰਾਸਤ ਵਿਚ ਲੈਣ ਦੀਆਂ ਰਿਪੋਰਟਾਂ ਹਨ।

ਇਹ ਬਿਰਤਾਂਤ ਕਥਿਤ ਮੁੱਖਧਾਰਾ ਸਿਆਸਤ ਵੱਲੋਂ ਬਣਾਏ ਰਾਸ਼ਟਰਵਾਦੀ ਮਾਹੌਲ, ਖ਼ਾਸ ਕਰਕੇ ਪਿਛਲੇ ਇਕ ਦਹਾਕੇ ਵਿਚ ਕੀਤੀ ਫਿਰਕੂ ਪਾਲਾਬੰਦੀ ਦੀ ਉਪਜ ਹੈ ਜਿਸ ਵਿਚ ਭਾਰਤ ਦੇ ਮੁਸਲਮਾਨਾਂ 'ਤੇ ਨਾ ਸਿਰਫ਼ ਉਹ ਜੁਰਮ ਮੜ੍ਹੇ ਗਏ ਜੋ ਉਨ੍ਹਾਂ ਨੇ ਕਦੇ ਕੀਤੇ ਹੀ ਨਹੀਂ, ਸਗੋਂ ਉਨ੍ਹਾਂ ਨੂੰ ਜਾਂਚ ਤੋਂ ਬਿਨਾਂ ਹੀ ਦੋਸ਼ੀ ਐਲਾਨ ਦਿੱਤਾ ਜਾਂਦਾ ਹੈ। ਇਹ ਖ਼ਾਸ ਮਾਹੌਲ ਹੈ ਜਿੱਥੇ ਭਰੋਸੇ ਦਾ ਫਿਰਕੂਕਰਨ ਕਰ ਦਿੱਤਾ ਗਿਆ ਹੈ ਅਤੇ ਆਪਣੇ ਆਪ ਹੀ ਸ਼ੱਕ ਦੀ ਸੂਈ ਮੁਸਲਮਾਨ ਭਾਈਚਾਰੇ ਉੱਪਰ ਜਾ ਟਿਕਦੀ ਹੈ। ਹਜੂਮੀ ਹਿੰਸਾ/ਕਤਲਾਂ, ਰਾਜਕੀ ਪੁਸ਼ਤਪਨਾਹੀ ਨਾਲ ਬਣਾਏ ਚੌਕਸੀ ਗਰੋਹਾਂ ਦੇ ਹਮਲਿਆਂ ਅਤੇ ਪਹਿਲਾਂ ਤੋਂ ਹੀ ਮੁਸਲਮਾਨਾਂ ਨੂੰ ਦੋਸ਼ੀ ਮੰਨ ਲੈਣ ਨੇ ਮੁਲਕ ਦੇ ਲੋਕਾਂ ਦੀ ਸੋਚ ਨਵੇਂ ਸਾਂਚੇ ਵਿਚ ਢਾਲ਼ ਦਿੱਤੀ ਹੈ। ਦਿੱਲੀ ਕਾਰ ਧਮਾਕੇ ਕਾਂਡ ਨਾਲ ਤਾਂ ਸਿਰਫ਼ ਇਹ ਉਜਾਗਰ ਹੋਇਆ ਕਿ ਇਹ ਸ਼ੱਕ 'ਰਾਸ਼ਟਰੀ' ਮਾਨਸਿਕਤਾ ਵਿਚ ਕਿੰਨਾ ਡੂੰਘਾ ਧਸ ਚੁੱਕਾ ਹੈ। ਇਸ ਕਾਂਡ ਤੋਂ ਬਾਅਦ ਮੁਸਲਮਾਨਾਂ ਨੂੰ ਫਸਾਉਣ ਲਈ ਜਿਸ ਤੇਜ਼ੀ ਨਾਲ ਕਾਰਵਾਈ ਹੋਈ, ਉਹ ਵੱਡੀ ਸਮੱਸਿਆ ਦਾ ਲੱਛਣ ਹੈ। ਦੋਸ਼ ਮੜ੍ਹਨ ਦਾ ਬਾਕਾਇਦਾ ਤੰਤਰ ਵਿਕਸਤ ਕਰ ਲਿਆ ਗਿਆ ਹੈ ਜਿਸ ਵਿਚ ਕੁਝ ਭਾਈਚਾਰਿਆਂ ਨੂੰ ਜਨਤਕ ਖ਼ੌਫ਼ ਪੈਦਾ ਕਰਨ ਲਈ ਸੌਖੇ ਸਾਧਨ ਵਜੋਂ ਵਰਤਿਆ ਜਾਂਦਾ ਹੈ। ਇਸ ਪ੍ਰਕਿਰਿਆ ਲਈ ਨਾ ਤਾਂ ਸਬੂਤਾਂ ਦੀ ਲੋੜ ਹੁੰਦੀ ਹੈ, ਨਾ ਜਾਂਚ ਦੀ ਸਮਾਂ-ਸੀਮਾ ਦੀ, ਨਾ ਹੀ ਸੰਜਮ ਦੀ। ਬਸ ਇਕ ਮੁਸਲਿਮ ਨਾਮ, ਅਫ਼ਵਾਹ, ਇਕ ਵੱਟਸਐਪ ਮੈਸੇਜ ਹੀ ਪੂਰੇ ਭਾਈਚਾਰੇ ਨੂੰ ਦੋਸ਼ੀ ਮੰਨਣ ਲਈ ਕਾਫ਼ੀ ਹੈ।

ਇਹ ਮਾਹੌਲ ਅਚਾਨਕ ਨਹੀਂ ਬਣਿਆ ਸਗੋਂ ਸਿਲਸਿਲੇਵਾਰ ਫਿਰਕੂ ਬਿਰਤਾਂਤ, ਚੌਕਸੀ ਗਰੋਹਾਂ ਦੀ ਲਗਾਤਾਰ ਹਿੰਸਾ ਅਤੇ ਹਜੂਮੀ ਕਤਲਾਂ ਨਾਲ ਬਣਾਇਆ ਗਿਆ ਹੈ। ਹਜੂਮੀ ਹਿੰਸਾ ਸਮਾਜਿਕ ਕੰਟਰੋਲ ਦਾ ਫਾਸ਼ੀਵਾਦੀ ਤਰੀਕਾ ਹੈ। ਬੇਸ਼ੁਮਾਰ ਘਟਨਾਵਾਂ ਹਨ ਜਦੋਂ ਗਊ-ਵੰਸ਼ ਦੇ ਪਸ਼ੂਆਂ ਦੀ ਢੋਆ-ਢੁਆਈ ਤੋਂ ਲੈ ਕੇ ਨਿੱਜੀ ਝਗੜਿਆਂ ਦੇ ਮਾਮਲਿਆਂ ਨੂੰ ਮੁਸਲਮਾਨ ਭਾਈਚਾਰੇ ਵਿਰੁੱਧ ਨਫ਼ਰਤ ਅਤੇ ਹਿੰਸਾ ਫੈਲਾਉਣ ਦੇ ਹਥਿਆਰ ਬਣਾਇਆ ਗਿਆ। ਜਦੋਂ ਅਜਿਹਾ ਸੱਭਿਆਚਾਰ ਪਰਪੱਕ ਹੋ ਜਾਂਦਾ ਹੈ ਤਾਂ ਇਹ ਲਾਜ਼ਮੀ ਤੌਰ 'ਤੇ ਰਾਸ਼ਟਰੀ ਘਟਨਾਵਾਂ ਵਿਚ ਵੀ ਰਿਸਣ ਲੱਗਦੀ ਹੈ। ਦਿੱਲੀ ਕਾਰ ਧਮਾਕੇ ਦਾ ਨਤੀਜਾ ਦਰਸਾਉਂਦਾ ਹੈ ਕਿ ਕਿਵੇਂ ਜਨਤਕ ਸ਼ੱਕ ਹੁਣ ਪਹਿਲਾਂ ਤੋਂ ਹੀ ਤੈਅ ਹੋ ਚੁੱਕਾ ਹੈ। ਹੁਣ ਜੁਰਮ-ਸੀਨ ਦੀ ਸ਼ੁਰੂਆਤ ਫੋਰੈਂਸਿਕ ਜਾਂਚ ਨਾਲ ਨਹੀਂ, ਬਲਕਿ ਫਿਰਕੂ ਅਟਕਲਬਾਜ਼ੀ ਨਾਲ ਹੁੰਦੀ ਹੈ।

*ਹਿੰਦੂਤਵ ਤਾਕਤਾਂ ਹਮੇਸ਼ਾ ਕਿਸੇ ਨਾ ਕਿਸੇ ਬਹਾਨੇ ਦੀ ਤਾਕ 'ਚ ਰਹਿੰਦੀਆਂ ਹਨ ਜਿਸ ਨੂੰ ਆਧਾਰ ਬਣਾ ਕੇ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਸਕੇ। ਜੰਮੂ ਵਿਚ ਯੁਵਾ ਰਾਜਪੂਤ ਸਭਾ ਅਤੇ ਕਈ ਹਿੰਦੂ ਗਰੁੱਪਾਂ ਨੇ ਹਸਪਤਾਲ ਵਿਚ ਮੁਸਲਮਾਨ ਡਾਕਟਰਾਂ ਦੀ ਵਧੇਰੇ ਗਿਣਤੀ ਨੂੰ ਮੁੱਦਾ ਬਣਾ ਲਿਆ ਹੈ। ਯੁਵਾ ਰਾਜਪੂਤ ਸਭਾ ਦੇ ਮੈਂਬਰਾਂ ਵੱਲੋਂ ਸ੍ਰੀ ਮਾਤਾ ਵੈਸ਼ਣੋ ਦੇਵੀ ਸ਼ਰਾਇਨ ਬੋਰਡ ਹਸਪਤਾਲ ਵਿਚ ਮੁਸਲਿਮ ਡਾਕਟਰਾਂ ਦੀ ਨਿਯੁਕਤੀ ਦਾ ਵਿਰੋਧ ਕਰਨ ਲਈ ਮੁਜ਼ਾਹਰੇ ਕੀਤੇ ਗਏ। ਦਲੀਲ ਇਹ ਦਿੱਤੀ ਜਾ ਰਹੀ ਹੈ ਕਿ ਇਹ ਹਿੰਦੂ ਤੀਰਥ ਯਾਤਰੀਆਂ ਦੇ ਪੈਸੇ ਨਾਲ ਚੱਲਣ ਵਾਲੀ ਸੰਸਥਾ ਹੈ ਅਤੇ ਇੱਥੇ ਭਗਤਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ 'ਹਿੰਦੂਆਂ ਦੀ ਭਰਤੀ ਨੂੰ ਤਰਜੀਹ ਦੇਣੀ ਚਾਹੀਦੀ ਹੈ' ਅਤੇ ਹਿੰਦੂ ਮੈਡੀਕਲ ਤੇ ਸਹਾਇਕ ਕਰਮਚਾਰੀਆਂ ਦੀ ਨਿਯੁਕਤੀ ਕਰਨੀ ਚਾਹੀਦੀ ਹੈ। ਜਦੋਂ ਇਹ ਪਤਾ ਲੱਗਿਆ ਕਿ ਨਵੇਂ ਸਥਾਪਤ ਸ਼੍ਰੀ ਮਾਤਾ ਵੈਸ਼ਣੋ ਦੇਵੀ ਇੰਸਟੀਚਿਊਟ ਆਫ਼ ਮੈਡੀਕਲ ਐਕਸੀਲੈਂਸ (SMVDIME) ਵਿਚ ਐਮਬੀਬੀਐਸ ਦੇ ਪਹਿਲੇ ਬੈਚ (2025-26) ਵਿਚ ਦਾਖ਼ਲਾ ਲੈਣ ਵਾਲੇ 50 ਵਿੱਚੋਂ 42 ਵਿਦਿਆਰਥੀ ਮੁਸਲਿਮ ਭਾਈਚਾਰੇ ਤੋਂ ਸਨ ਤਾਂ ਇਸ ਨੂੰ ਮੁੱਦਾ ਬਣਾ ਲਿਆ ਗਿਆ। ਵਿਸ਼ਵ ਹਿੰਦੂ ਪਰਿਸ਼ਦ (ਵੀਐਚਪੀ) ਅਤੇ ਰਾਸ਼ਟਰੀ ਬਜਰੰਗ ਦਲ ਸਮੇਤ ਕਈ ਹਿੰਦੂਤਵ ਸੰਸਥਾਵਾਂ ਨੇ ਇਸ ਦਾਖ਼ਲੇ ਨੂੰ 'ਧਾਰਮਿਕ ਤੌਰ 'ਤੇ ਅਸਾਵਾਂ' ਕਹਿੰਦੇ ਹੋਏ ਹਿੰਦੂ ਵਿਦਿਆਰਥੀਆਂ ਲਈ ਰਿਜ਼ਰਵੇਸ਼ਨ ਜਾਂ ਤਰਜੀਹ ਦੀ ਮੰਗ ਕੀਤੀ। ਰਾਸ਼ਟਰੀ ਬਜਰੰਗ ਦਲ ਜੰਮੂ ਦੇ ਪ੍ਰਧਾਨ ਨੇ ਦਾਅਵਾ ਕੀਤਾ ਕਿ ਹਿੰਦੂਆਂ ਨੂੰ ਸੱਤ ਅਤੇ ਸਿੱਖ ਨੂੰ ਇਕ ਜਦਕਿ ਮੁਸਲਮਾਨਾਂ ਨੂੰ 42 ਐਮਬੀਬੀਐਸ ਸੀਟਾਂ ਮਿਲਣੀਆਂ 'ਵਿਤਕਰੇਪੂਰਨ' ਹੈ।

1 ਨਵੰਬਰ ਨੂੰ ਲੈਫਟੀਨੈਂਟ ਗਵਰਨਰ ਮਨੋਜ ਸਿਨਹਾ ਨੂੰ ਭੇਜੀ ਚਿੱਠੀ ਵਿਚ ਵਿਸ਼ਵ ਹਿੰਦੂ ਪਰਿਸ਼ਦ ਦੇ ਜਨਰਲ ਸਕੱਤਰ ਨੇ ਕਿਹਾ ਕਿ ਵਧੇਰੇ ਮੁਸਲਿਮ ਵਿਦਿਆਰਥੀਆਂ ਦੀ ਚੋਣ ਨਾਲ 'ਧਾਰਮਿਕ ਅਸੰਤੁਲਨ' ਪੈਦਾ ਹੋ ਗਿਆ ਹੈ। ਪ੍ਰਸ਼ਾਸਨ ਅਤੇ ਸ਼ਰਾਇਨ ਬੋਰਡ ਨੂੰ 'ਭਗਤਾਂ ਦੀਆਂ ਧਾਰਮਿਕ ਭਾਵਨਾਵਾਂ ਦੀ ਰੱਖਿਆ ਕਰਨੀ' ਚਾਹੀਦੀ ਹੈ ਅਤੇ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਸੰਸਥਾ ਦੀ ਵਚਨਬੱਧਤਾ ਅਤੇ ਪਛਾਣ ਕਮਜ਼ੋਰ ਨਾ ਪਏ।' ਉਸਨੇ ਇਹ ਵੀ ਕਿਹਾ ਕਿ ਸ਼ਰਾਇਨ ਬੋਰਡ ਨਾਲ ਜੁੜੀਆਂ ਬੋਰਡ ਆਪਣੀ ਭਰਤੀ ਅਤੇ ਦਾਖਲਾ ਨੀਤੀਆਂ ਦੀ ਸਮੀਖਿਆ ਕਰੇ ਅਤੇ 'ਸੰਸਥਾ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਹਿੰਦੂ ਅਧਿਆਪਕਾਂ ਅਤੇ ਕਰਮਚਾਰੀਆਂ ਦੀ ਨਿਯੁਕਤੀ ਯਕੀਨੀ ਬਣਾਈ ਜਾਵੇ।' ਯਾਦ ਰਹੇ ਕਿ ਮੈਡੀਕਲ ਇੰਸਟੀਚਿਊਟ ਅਤੇ ਸ਼ਰਾਇਨ ਬੋਰਡ ਹਸਪਤਾਲ ਵਿਚ ਦਾਖ਼ਲਾ ਅਤੇ ਕਰਮਚਾਰੀਆਂ ਦੀ ਭਰਤੀ ਪੂਰੀ ਤਰ੍ਹਾਂ ਨੀਟ ਮੈਰਿਟ ਅਤੇ ਜੰਮੂ-ਕਸ਼ਮੀਰ ਦੇ ਡੋਮੀਸਾਈਲ ਨਿਯਮਾਂ ਅਨੁਸਾਰ ਹੁੰਦੀ ਹੈ, ਜਿਸ ਵਿਚ ਧਾਰਮਿਕ ਆਧਾਰ 'ਤੇ ਵਿਚਾਰ ਕਰਨ ਦੀ ਕੋਈ ਵਿਵਸਥਾ ਨਹੀਂ ਹੈ। ਪਰ ਹਿੰਦੂਤਵਵਾਦੀਆਂ ਨੂੰ ਇਹ ਨੀਤੀ ਮਨਜ਼ੂਰ ਨਹੀਂ ਹੈ ਅਤੇ ਉਹ ਮੌਜੂਦਾ ਨੀਤੀ ਨੂੰ ਬਦਲਾਉਣ ਲਈ ਬਜ਼ਿੱਦ ਹਨ।

*ਦਿੱਲੀ ਕਾਰ ਧਮਾਕਾ ਕਾਂਡ ਦੇ ਕਥਿਤ ਦੋਸ਼ੀ ਡਾ. ਉਮਰ ਨਬੀ ਦਾ ਕਸ਼ਮੀਰ ਵਿਚਲਾ ਪਰਿਵਾਰਕ ਘਰ ਪੁਲਿਸ ਵੱਲੋਂ ਮਲਬੇ ਦਾ ਢੇਰ ਬਣਾ ਦਿੱਤਾ ਗਿਆ। ਕਸ਼ਮੀਰ ਵਿਚ 'ਬੁਲਡੋਜ਼ਰ ਨਿਆਂ' ਦੇ ਤਹਿਤ ਪਹਿਲਾਂ ਵੀ ਕਈ ਕਥਿਤ ਦਹਿਸ਼ਤਗਰਦਾਂ ਦੇ ਘਰ ਤੋੜੇ ਜਾ ਚੁੱਕੇ ਹਨ। ਉੱਧਰ ਅਸਾਮ ਦੀ ਭਾਜਪਾ ਸਰਕਾਰ ਨੇ 'ਗ਼ੈਰਕਾਨੂੰਨੀ ਅਬਾਦਕਾਰਾਂ' ਨੂੰ ਉਜਾੜਨ ਦੀ ਮੁਹਿੰਮ ਮੁੜ ਵਿੱਢ ਲਈ ਹੈ। ਗੋਲਪਾਰਾ ਜ਼ਿਲ੍ਹੇ ਵਿਚ ਰਿਜ਼ਰਵ ਜੰਗਲ ਦੇ ਨਾਂ ਹੇਠ ਬੰਗਲਾਦੇਸ਼ੀ ਮੁਸਲਮਾਨਾਂ ਦੇ 588 ਘਰ ਤੋੜ ਦਿੱਤੇ ਗਏ। ਮੁੱਖ ਮੰਤਰੀ ਨੇ ਬਹੁਤ ਹੀ ਹਕਾਰਤ ਨਾਲ ਐਲਾਨ ਕੀਤਾ ਹੈ ਕਿ ਜਦੋਂ ਤੱਕ ਉਹ ਸੱਤਾ 'ਚ ਹੈ, 'ਗ਼ੈਰਕਾਨੂੰਨੀ ਮੀਆਂ' (ਸੰਘੀਆਂ ਵੱਲੋਂ

**(ਬਾਕੀ ਸਫਾ 13 'ਤੇ)**

# ਦੂਸਰਾ ਲਹਿਣਾ ਸਿੰਘ ਮਜੀਠੀਆ ਹੋ ਨਿਬੜਿਆ 'ਭਾਈਆ ਯਾਰੀ ਨਿਭਾਈਂ' ਵਾਲਾ ਪੱਤਰਕਾਰ ਦਲਬੀਰ ਸਿੰਘ!

***ਹਜ਼ਾਰਾ ਸਿੰਘ ਵਲੋਂ ਸੰਤ ਭਿੰਡਰਾਂਵਾਲੇ ਬਾਰੇ ਅਤੇ ਦਲਬੀਰ ਸਿੰਘ ਦੀ ਯਾਰੀ ਬਾਰੇ ਛਾਪਿਆ ਜਾ ਰਿਹਾ ਇਹ ਲੇਖ ਤੱਥ ਮੂਲਕ ਤਾਂ ਹੈ ਪਰ ਫਿਰ ਵੀ ਇਹ ਜ਼ਿਆਦਾਤਰ ਜਸਪਾਲ ਸਿੱਧੂ ਅਤੇ ਗੁਰਸ਼ਮਸ਼ੀਰ ਦੀ ਲੰਮੀ ਇੰਟਰਵਿਊ ਤੋਂ ਬਣੇ ਪ੍ਰਭਾਵ ਤੋਂ ਹੀ ਪ੍ਰੇਰਿਤ ਨਜ਼ਰ ਆਉਂਦਾ ਹੈ। ਅਦਾਰੇ ਦਾ ਇਸ ਵਿਚ ਪ੍ਰਗਟਾਏ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਬਾਰੇ ਆਉਣ ਵਾਲੇ ਵੱਖ- ਵੱਖ ਪ੍ਰਤੀਕਰਮਾਂ ਦਾ ਸਵਾਗਤ ਕੀਤਾ ਜਾਵੇਗਾ- ਸੰਪਾਦਕ।***

'ਭਾਈਆ ਯਾਰੀ ਨਿਭਾਈਂ', ਸੰਤ ਜਰਨੈਲ ਸਿੰਘ ਨੇ ਇਹ ਬੋਲ ਪੱਤਰਕਾਰ ਸ. ਦਲਬੀਰ ਸਿੰਘ ਨੂੰ ਦਰਬਾਰ ਸਾਹਿਬ 'ਤੇ ਹਮਲਾ ਹੋਣ ਤੋਂ ਪਹਿਲਾਂ ਅਖ਼ੀਰਲੀ ਮੁਲਾਕਾਤ ਵੇਲੇ ਕਹੇ ਸਨ। ਪਿਛਲੇ ਦਿਨੀਂ 'ਏਜੰਡਾ ਪੰਜਾਬ' ਚੈਨਲ 'ਤੇ ਪੱਤਰਕਾਰ ਗੁਰਸ਼ਮਸ਼ੀਰ ਸਿੰਘ ਵੱਲੋਂ ਸਾਬਕਾ ਪੱਤਰਕਾਰ ਸ. ਜਸਪਾਲ ਸਿੰਘ ਸਿੱਧੂ ਨਾਲ ਹੋਈ ਗੱਲਬਾਤ ਸੁਣੀ। ਗੱਲਬਾਤ ਜੂਨ 1984 ਅਤੇ ਉਸ ਤੋਂ ਬਾਅਦ ਦੀਆਂ ਘਟਨਾਵਾਂ ਬਾਰੇ ਸੀ। ਗੱਲਬਾਤ ਵਿਚ ਸ. ਜਸਪਾਲ ਸਿੰਘ ਸਿੱਧੂ ਨੇ ਪੱਤਰਕਾਰ ਭਾਅ ਜੀ ਦਲਬੀਰ ਸਿੰਘ ਹੁਰਾਂ ਵੱਲੋਂ ਨਿਭਾਏ ਰੋਲ ਬਾਰੇ ਜੋ ਦੱਸਿਆ ਉਹ ਗੱਲਬਾਤ ਦਾ ਅਹਿਮ ਕੇਂਦਰੀ ਨੁਕਤਾ ਹੋ

**ਹਜ਼ਾਰਾ ਸਿੰਘ**
**ਫੋਨ:647-685-5997**

ਨਿਬੜਿਆ। ਸ. ਦਲਬੀਰ ਸਿੰਘ ਵੱਲੋਂ ਅੰਤਿਮ ਸਮੇਂ ਦਰਬਾਰ ਸਾਹਿਬ 'ਤੇ ਹਮਲੇ ਤੋਂ ਪਹਿਲਾਂ ਅਤੇ ਬਾਅਦ ਵਿਚ ਸੰਤਾਂ ਨਾਲ ਕੀਤੇ ਅਹਿਦ ਅਨੁਸਾਰ ਆਪਣਾ ਵਾਅਦਾ ਵਫ਼ਾ ਕਰਦਿਆਂ ਅਤੇ ਰਵਾਇਤੀ ਅਕਾਲੀ ਧਿਰਾਂ ਦੇ ਉਲਟ ਪੰਥਕ ਸਰੋਕਾਰਾਂ 'ਤੇ ਦ੍ਰਿੜਤਾ ਅਤੇ ਪੂਰਨ ਸਾਬਤ ਕਦਮੀਂ ਨਾਲ ਪਹਿਰਾ ਦਿੰਦਿਆਂ ਪੰਥਕ ਸਿਆਸਤ ਦੇ ਲੋਕਤੰਤਰੀ ਲੀਹੋਂ ਲੱਥ ਜਾਣ ਦੇ ਆਤਮਘਾਤੀ ਹਿੰਸਕ ਵਰਤਾਰੇ ਨੂੰ ਅਮਲ ਵਿਚ ਢਾਲਣ ਲਈ ਕੀਤੇ ਗਏ ਯਤਨਾਂ 'ਤੇ ਰੌਸ਼ਨੀ ਪਾਉਣ ਵਾਲੀ ਇਹ ਬੇਬਾਕ ਗੱਲਬਾਤ, ਪੰਥਕ ਸਿਆਸਤ ਦੇ ਲੋਕਤੰਤਰੀ ਲੀਹੋਂ ਲਹਿ ਜਾਣ ਦੇ ਵਰਤਾਰੇ ਨੂੰ ਸਮਝਣ ਵਾਲਿਆਂ ਲਈ ਕਾਫੀ ਲਾਹੇਵੰਦ ਹੈ।

ਹਥਲੇ ਲੇਖ ਵਿਚ ਏਜੰਡਾ ਪੰਜਾਬ ਚੈਨਲ 'ਤੇ 'ਭਿੰਡਰਾਂਵਾਲਿਆਂ ਦੀ ਕਾਮਰੇਡ ਪੱਤਰਕਾਰ ਦਲਬੀਰ ਸਿੰਘ ਨਾਲ ਯਾਰੀ ਦੀ ਕਹਾਣੀ' – 7 ਨਵੰਬਰ 1985 ਵਿਚ ਜਸਪਾਲ ਸਿੰਘ ਸਿੱਧੂ ਦੇ ਪ੍ਰਮਾਣਿਕ ਹਵਾਲਿਆਂ 'ਤੇ ਆਧਾਰਤ ਇਸ ਅਹਿਮ ਗੱਲਬਾਤ ਨੂੰ ਹੀ ਆਧਾਰ ਬਣਾਇਆ ਗਿਆ ਹੈ। ਸ. ਦਲਬੀਰ ਸਿੰਘ ਜਿਨ੍ਹਾਂ ਨੂੰ ਪੱਤਰਕਾਰ ਦਲਬੀਰ ਸਿੰਘ ਜਾਂ ਭਾਅ ਜੀ ਦਲਬੀਰ ਸਿੰਘ ਵਜੋਂ ਜਾਣਿਆ ਜਾਂਦਾ ਹੈ, ਅੰਗਰੇਜ਼ੀ ਟ੍ਰਿਬਿਊਨ ਦੇ ਪੱਤਰਕਾਰ ਸਨ। 1978 ਨੂੰ ਅੰਮ੍ਰਿਤਸਰ ਵਿਖੇ ਨਿਰੰਕਾਰੀ ਕਾਂਡ ਵਾਪਰਨ ਤੋਂ ਬਾਅਦ ਇਨ੍ਹਾਂ ਦਾ ਸੰਤ ਜਰਨੈਲ ਸਿੰਘ ਨਾਲ ਸੰਬੰਧ ਗੂੜ੍ਹਾ ਹੋ ਗਿਆ। ਗੱਲ ਪੱਤਰਕਾਰੀ ਤੋਂ ਵਧ ਕੇ ਦੋਸਤੀ ਅਤੇ ਸਲਾਹਕਾਰੀ ਤੱਕ ਜਾ ਪਹੁੰਚੀ। ਦੋਵਾਂ ਸ਼ਖ਼ਸੀਅਤਾਂ ਦੀ ਸਾਂਝ ਦੇ ਆਧਾਰ ਪੰਥ ਦੀ ਚੜ੍ਹਦੀ ਕਲਾ ਦੀ ਬਹਾਲੀ ਦੀ ਕਾਮਨਾ ਸੀ; ਦੋਵਾਂ ਦੀ ਬੇਗਰਜ਼ੀ ਅਤੇ ਸੁਹਿਰਦਤਾ ਸੀ।

ਸ. ਦਲਬੀਰ ਸਿੰਘ ਗਿਆਨਵਾਨ ਰਾਜਨੀਤਕ ਵਿਸ਼ਲੇਸ਼ਕ ਅਤੇ ਪੱਤਰਕਾਰ ਹੋਣ ਦੇ ਨਾਲ-ਨਾਲ ਕਮਾਲ ਦਾ ਆਰਗੇਨਾਈਜ਼ਰ ਵੀ ਸੀ। ਸਿਧਾਂਤਕ ਸਮਝ ਨੂੰ ਨਿਖਾਰਨ ਅਤੇ ਲੋਕ ਸ਼ਕਤੀ ਨੂੰ ਲੋਕਤੰਤਰੀ ਅਮਲ ਵਿਚ ਪਾ ਕੇ ਰਾਜਨੀਤਕ ਪ੍ਰਾਪਤੀਆਂ ਦੇ ਰਾਹ ਤੋਰਨ ਦੀ ਅਹਿਮੀਅਤ ਅਤੇ ਗੁਰ ਉਹ ਖੱਬੇਪੱਖੀ ਸਫ਼ਾਂ ਵਿਚੋਂ ਚੰਗੀ ਤਰ੍ਹਾਂ ਗ੍ਰਹਿਣ ਕਰ ਚੁੱਕਾ ਸੀ। ਇਸ ਦੇ ਸਬੂਤ ਉਹ ਪੰਜਾਬ ਵਿਚ ਨਵੇਂ ਸਿਰਿ" ਵਿਦਿਆਰਥੀ ਸੰਗਠਨ ਪੀ ਐਸ ਯੂ ਦੀ ਸਥਾਪਨਾ; ਪੱਤਰਕਾਰਾਂ ਲਈ ਪਹਿਲਾ ਪੇ ਕਮਿਸ਼ਨ ਸਥਾਪਤ ਕਰਵਾਉਣ ਵਰਗੀਆਂ ਕਈ ਅਹਿਮ ਮੁਹਿੰਮਾਂ ਨੂੰ ਸਰ ਕਰ ਕੇ ਆਪਣੀ ਯੋਗਤਾ ਦਾ ਸਬੂਤ ਭਲੀ ਭਾਂਤ ਦੇ ਚੁਕਾ ਸੀ। ਉਸ ਦੀ ਅਜਿਹੀ ਕਾਰਗਰਦਗੀ ਨੂੰ ਵੇਖਦਿਆਂ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਲੱਗਦੀ ਕਿ ਕਿਸੇ ਰਹੱਸਮਈ ਭਾਣੇ ਦੇ ਤਹਿਤ ਹੀ ਕਾਮਰੇਡੀ ਖੇਮੇ ਵਲੋਂ ਸੰਤਾਂ ਨੂੰ ਸੁਤੇ ਹੀ ਪ੍ਰਾਪਤ ਹੋਇਆ ਉਹ 'ਸੁਚਾ ਮੋਤੀ' ਸੀ ਜਿਸ ਨੂੰ ਕਿ ਪੰਜਾਬੀਆਂ ਦੀ ਬਦਕਿਸਮਤੀ ਨਾਲ ਕੈਸ਼ ਨਾ ਕਰਵਾਇਆ ਜਾ ਸਕਿਆ।

ਪੰਜਾਬੀ ਸੂਬਾ ਬਣਨ ਤੋਂ ਪਹਿਲਾਂ ਜਲੰਧਰ ਤੋਂ ਹੁੰਦੀ ਮਹਾਸ਼ਾ ਪੱਤਰਕਾਰੀ ਦਾ ਨਾਂਹ-ਪੱਖੀ ਰੋਲ ਉਸਦੇ ਸੀਨੇ ਕੰਡੇ ਵਾਂਗ ਚੁਭਿਆ ਹੋਇਆ ਸੀ। ਗੱਲ, ਮਹਿਬੂਬ ਦੇ ਕਹਿਣ ਵਾਂਗ, 'ਚੁੱਭਿਆ ਰਹੇਗਾ ਜਿੰਦ ਵਿਚ ਕੋਟਿ ਬਰਸਾਂ, ਤਾਹਨਾ ਮਾਰਿਆਂ ਜਿਹੜਾ ਬੇਗਾਨਿਆਂ ਨੇ', ਵਰਗੀ ਸੀ। ਸੰਤ ਜਰਨੈਲ ਸਿੰਘ ਨਾਲ ਸਾਂਝ ਦਾ ਇੱਕ ਤੱਤ ਜਲੰਧਰ ਵਾਲੀ ਮਹਾਸ਼ਾ ਪ੍ਰੈਸ ਦਾ ਪੰਜਾਬ ਅਤੇ ਸਿੱਖਾਂ ਪ੍ਰਤੀ ਕਾਣ ਭਰਿਆ ਵਤੀਰਾ ਵੀ ਸੀ। ਜਿਸ ਦਾ ਕਿ ਉਹ ਦੇਸ਼ ਦੀ ਸੁਤੰਤਰਤਾ ਤੋਂ ਤੁਰੰਤ ਪਿੱਛੋਂ ਚੱਲੇ ਸਿੱਖ ਅਕਾਲੀ ਮੋਰਚਿਆਂ ਨੂੰ ਲਗਾਤਾਰ ਬੜੀ ਨੀਝ ਨਾਲ ਵੇਖਦਾ ਪੜਚੋਲਦਾ ਰਿਹਾ ਹੋਣ ਕਰਕੇ ਤਸਦੀਕਸ਼ੁਦਾ ਗਵਾਹ ਸੀ।

1978 ਤੋਂ ਬਾਅਦ ਹਾਲਾਤ ਬਹੁਤ ਤੇਜੀ ਨਾਲ ਬਦਲੇ। ਸੰਤ ਜਰਨੈਲ ਸਿੰਘ ਦੀ 1981 ਵਿਚ ਲਾਲਾ ਜਗਤ ਨਰਾਇਣ ਕਤਲ ਕੇਸ ਵਿਚ ਜਿਸ ਢੰਗ ਨਾਲ ਗ੍ਰਿਫਤਾਰੀ ਹੋਈ, ਉਸ ਨਾਲ ਉਹ ਰਾਜਸੀ ਤਾਕਤ ਵੀ ਬਣ ਗਿਆ ਅਤੇ ਬਾਕੀ ਸਾਰੇ ਦੇਸ਼ ਵਿਚ ਖਲਨਾਇਕ ਵਜੋਂ ਭੰਡਿਆ ਵੀ



***ਗੁਰਸ਼ਮਸ਼ੀਰ ਸਿੰਘ ਵਲੋਂ ਜਸਪਾਲ ਸਿੰਘ ਸਿੱਧੂ ਦੀ ਲਈ ਗਈ ਇੰਟਰਵਿਊ ਦੀ ਤਸਵੀਰ।***

ਗਿਆ। ਸ. ਦਲਬੀਰ ਸਿੰਘ ਵਰਗਾ ਸੂਝਵਾਨ ਵਿਸ਼ਲੇਸ਼ਕ ਵੇਖ ਰਿਹਾ ਸੀ ਕਿ ਹਾਲਾਤ ਖ਼ਤਰਨਾਕ ਪਾਸੇ ਵੱਲ ਮੋੜੇ ਜਾ ਰਹੇ ਹਨ। ਉਹ ਸੰਤ ਅਤੇ ਸਰਕਾਰ ਵਿਚਕਾਰ ਵਧਾਏ ਜਾ ਰਹੇ ਤਕਰਾਰ ਨੂੰ ਪੰਜਾਬ ਅਤੇ ਸਿੱਖਾਂ ਲਈ ਨਹਿਸ਼ ਵਰਤਾਰਾ ਜਾਣ ਕੇ ਕੋਈ ਸਾਰਥਕ ਰਾਹ ਕੱਢਣ ਲਈ ਯਤਨਸ਼ੀਲ ਸੀ। ਸਿਖਰਲਾ ਯਤਨ ਦਿੱਲੀ ਗਏ ਸੰਤ ਜਰਨੈਲ ਸਿੰਘ ਨਾਲ ਸ੍ਰੀਮਤੀ ਇੰਦਰਾ ਗਾਂਧੀ ਦੀ ਮੁਲਾਕਾਤ ਕਰਵਾਉਣ ਦਾ ਸੀ, ਜੋ ਹੁੰਦੀ-ਹੁੰਦੀ ਰਹਿ ਗਈ। ਜੇ ਕਿਤੇ ਇਹ ਮੁਲਾਕਾਤ ਹੋ ਜਾਂਦੀ ਤਾਂ ਵੱਡੀ ਸੰਭਵਾਨਾ ਸੀ ਕਿ ਪੰਜਾਬ, ਦੇਸ਼ ਅਤੇ ਸਿੱਖਾਂ ਨੂੰ ਉਹ ਸੰਤਾਪ ਨਾ ਭੋਗਣਾ ਪੈਂਦਾ ਜੋ ਉਹ ਹੁਣ ਤੱਕ ਭੋਗਦੇ ਆ ਰਹੇ ਹਨ।


ਹਾਲਾਤ ਤੇਜੀ ਨਾਲ ਵਿਗੜ ਰਹੇ ਸਨ (ਅਸਲ ਵਿਚ ਵਿਗਾੜੇ ਜਾ ਰਹੇ ਸਨ)। ਸਰਕਾਰ ਅਤੇ ਸੰਤ ਵਿਚਕਾਰ ਵਿੱਥ ਵਧ ਰਹੀ ਸੀ। ਜੁਲਾਈ 1982 ਵਿਚ ਸੰਤ ਦੇ ਦੋ ਸਾਥੀ ਭਾਈ ਅਮਰੀਕ ਸਿੰਘ ਅਤੇ ਬਾਬਾ ਠਾਰਾ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ। ਸੰਤ ਭਿੰਡਰਾਂਵਾਲਿਆਂ ਬਿਨਾਂ ਦੇਰੀ ਕਰਦਿਆਂ ਸਿੱਧੇ ਅੰਮ੍ਰਿਤਸਰ, ਸ੍ਰੀ ਗੁਰੂ ਰਾਮਦਾਸ ਸਰਾਂ ਵਿਚ ਆਣ ਡੇਰੇ ਲਾਏ। ਇੱਥੇ ਪਹੁੰਚ ਕੇ ਸੰਤਾਂ ਵੱਲੋਂ ਆਪਣੇ ਇਸ 'ਮਿੱਤਰ ਪਿਆਰੇ' ਨੂੰ ਇਹ ਪੁੱਛੇ ਜਾਣ 'ਤੇ ਕਿ ਹੁਣ ਕੀ ਕੀਤਾ ਜਾਵੇ ਤਾਂ ਦਲਬੀਰ ਸਿੰਘ ਨੇ ਲੋਕਤੰਤਰੀ ਮੋਰਚਾ ਲਾਉਣ ਦਾ ਸੁਝਾਅ ਦੇ ਕੇ ਸਥਿਤੀ ਨੂੰ ਅਹਿੰਸਾ ਅਤੇ ਲੋਕਤੰਤਰ ਦੀ ਕਾਨੂੰਨੀ ਰਾਮਕਾਰ ਵਿਚ ਬੰਨ੍ਹੀ ਰੱਖਣ ਦੀ ਕੋਸ਼ਿਸ਼ ਕੀਤੀ। ਸੰਤ ਨੇ ਸੁਝਾਅ ਮੰਨ ਲਿਆ। ਕੁੱਝ ਹਫਤਿਆਂ ਬਾਅਦ ਅਕਾਲੀ ਦਲ ਨੇ ਇਹ ਮੋਰਚਾ ਅਪਣਾ ਲਿਆ ਅਤੇ ਸਾਰੇ ਪੰਥ ਨੂੰ ਇੱਕ ਲੋਕਤੰਤਰੀ ਸੰਘਰਸ਼ ਦੇ ਸਾਂਝੇ ਪਲੇਟਫਾਰਮ 'ਤੇ ਇਕੱਠਾ ਹੋਣ ਦਾ ਮੌਕਾ ਮਿਲ ਗਿਆ। ਜੇ ਕਿਤੇ ਦਲਬੀਰ ਸਿੰਘ ਨੇ ਇਹ ਸਲਾਹ ਨਾ ਦਿੱਤੀ ਹੁੰਦੀ ਤਾਂ ਸ਼ਾਇਦ ਧਰਮ ਯੁੱਧ ਵਰਗਾ ਵੱਡਾ ਲੋਕਤੰਤਰੀ ਸੰਘਰਸ਼ ਸਿੱਖ ਪੰਥ ਦੇ ਵਿਰਸੇ ਦਾ ਹਿੱਸਾ ਨਾ ਬਣਦਾ। ਸ. ਦਲਬੀਰ ਸਿੰਘ ਦੀ ਬਦੌਲਤ ਲੋਕਤੰਤਰੀ ਤਰੀਕੇ ਨਾਲ ਕਾਨੂੰਨੀ ਦਾਇਰੇ ਵਿਚ ਚੱਲੇ ਇਸ ਮੋਰਚੇ ਨੇ ਦੇਸ਼ ਦੇ ਸੂਝਵਾਨਾਂ ਨੂੰ ਮਸਲੇ ਦਾ ਕੋਈ ਹੱਲ ਕੱਢਣ ਜੋਗਾ ਸਮਾਂ ਅਤੇ ਮੌਕਾ ਜ਼ਰੂਰ ਦੇ ਦਿੱਤਾ ਸੀ ਪਰ ਬਦਕਿਸਮਤੀ ਨੂੰ ਇਸਦਾ ਲਾਭ ਨਾ ਉਠਾਇਆ ਗਿਆ। ਗੱਲ ਨਿਬੇੜਨ ਲਈ ਸਰਕਾਰੀ ਧਿਰ ਵੱਲੋਂ ਸੁਹਿਰਦਤਾ ਨਾ ਦਿਖਾਈ ਗਈ।

ਦਲਬੀਰ ਸਿੰਘ ਤੋਂ ਬਿਨਾਂ ਸ. ਸਵਰਣ ਸਿੰਘ, ਕੈਪਟਨ ਅਮਰਿੰਦਰ ਸਿੰਘ-ਰਵੀਇੰਦਰ ਸਿੰਘ; ਕਾਮਰੇਡ ਹਰਿਕ੍ਰਿਸ਼ਨ ਸਿੰਘ ਸੁਰਜੀਤ ਵਰਗੇ ਹੋਰ ਬਥੇਰਿਆਂ ਨੇ ਵੀ ਕੋਸ਼ਿਸ਼ ਕੀਤੀ ਪਰ ਹੋਣੀ ਟਲੀ ਨਾ। ਸ਼ਾਇਦ ਜਿਵੇਂ ਪੰਜਾਬ ਦੇ ਮਹਾਨ ਢਾਡੀ ਸ਼ਾਹ ਮੁਹੰਮਦ ਨੇ ਅਜਿਹੀ ਹੀ ਕਿਸੇ ਸਥਿਤੀ ਵਿਚ ਕਿਹਾ ਸੀ: 'ਰਹਿੰਦੀਆਂ ਹੋਣੀਆਂ ਹੋਇ ਕੇ ਸ਼ੇਰ ਸਿੰਘਾ, ਹੁੰਦਾ ਸੋਈ ਜੋ ਰੱਬ ਨੂੰ ਭਾਂਵਦਾ ਈ।' ਅੰਤ ਜੋ ਨਹੀਂ ਹੋਣਾ ਚਾਹੀਦਾ ਸੀ, ਦਰਬਾਰ ਸਾਹਿਬ 'ਤੇ ਹਮਲਾ ਹੋ ਹੀ ਗਿਆ। ਇਸ ਹਮਲੇ ਨੇ ਸਿੱਖਾਂ ਅਤੇ ਭਾਰਤੀ ਸਿਸਟਮ ਵਿਚਕਾਰ ਐਸੀ ਲਕੀਰ ਖਿੱਚ ਦਿੱਤੀ ਜਿਸ ਨੂੰ ਮੇਟਿਆ ਨਹੀਂ ਜਾ ਸਕਿਆ।

ਹਮਲੇ ਤੋਂ ਪਹਿਲਾਂ ਸ. ਦਲਬੀਰ ਸਿੰਘ ਹਰ ਐਤਵਾਰ ਬਠਿੰਡਿਓਂ ਬੱਸ ਚੜ੍ਹ ਕੇ ਸੰਤ ਨੂੰ ਦਰਬਾਰ ਸਾਹਿਬ ਮਿਲਣ ਆਇਆ ਕਰਦਾ ਸੀ। ਦੋਨਾਂ ਦੇ ਸੰਬੰਧ ਸੁਹਿਰਦ ਦੋਸਤ ਅਤੇ ਸਲਾਹਕਾਰ ਵਾਲੇ ਸਨ। ਹਮਲੇ ਤੋਂ ਪਹਿਲਾਂ ਹਾਲਾਤ ਨੂੰ ਭਾਂਪਦਿਆਂ ਸੰਤ ਨੇ ਸ. ਦਲਬੀਰ ਸਿੰਘ ਨੂੰ ਆਖਰੀ ਮੁਲਾਕਾਤ ਵੇਲੇ ਕਹਿ ਦਿੱਤਾ ਸੀ, 'ਭਾਈਆ ਯਾਰੀ ਨਿਭਾਈਂ'। ਹੁਣ ਇਨ੍ਹਾਂ ਤਿੰਨਾਂ ਅੱਖਰਾਂ ਦੀ ਵਿਆਖਿਆ ਸਮਝਣ ਅਤੇ ਇਸ 'ਤੇ ਪੂਰੇ ਉੱਤਰਨ ਦਾ ਬੋਝ ਸ. ਦਲਬੀਰ ਸਿੰਘ ਦੇ ਮਨ ਮਸਤਿਕ 'ਤੇ ਆਣ ਪਿਆ। ਹਮਲੇ ਤੋਂ ਬਾਅਦ, 'ਹੱਥ ਫੜੇ ਦੀ ਵਾਰਿਸਾ ਲਾਜ ਹੁੰਦੀ, ਕਰੀਏ ਸਾਥ ਤਾਂ ਪਾਰ ਉਤਾਰੀਏ ਜੀ', ਅਨੁਸਾਰ ਸ. ਦਲਬੀਰ ਸਿੰਘ ਦੀ ਰਹਿੰਦੀ ਉਮਰ ਦੀ ਸਾਰੀ ਕਮਾਈ ਇਹ 'ਯਾਰੀ' ਨਿਭਾਉਣ ਦੇ ਕਠਿਨ ਕਾਰਜ ਦੀ ਹੀ ਵਿਥਿਆ ਹੈ।

ਹਮਲੇ ਤੋਂ ਬਾਅਦ ਕੁੱਝ ਮਹੀਨੇ ਫੌਜ ਵੱਲੋਂ ਫੜੋ-ਫੜੀ ਅਤੇ ਤਸ਼ੱਦਦ ਦਾ ਦੌਰ ਚੱਲਿਆ। ਫਿਰ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਨਵੰਬਰ '84 ਦੀਆਂ ਘਟਨਾਵਾਂ ਵਾਪਰ ਗਈਆਂ। ਸਮੁੱਚਾ ਸਿੱਖ ਪੰਥ ਝੰਜੋੜਿਆ ਗਿਆ, ਸਾਰੇ ਪਾਸੇ ਦਿਲਗੀਰੀ ਛਾ ਗਈ। ਮਾਰਚ 1985 ਨੂੰ ਅਨੰਦਪੁਰ ਸਾਹਿਬ ਵਿਖੇ ਹੋਏ ਹੋਲੇ-ਮਹੱਲੇ ਦੇ ਇਕੱਠ ਨੇ ਪੰਥ ਵਿਚ ਨਵਾਂ ਜੋਸ਼ ਭਰ ਦਿੱਤਾ। ਜੋਸ਼ ਦੀ ਚੁਣੌਤੀ 'ਜ਼ਖਮ ਨੂੰ ਸੂਰਜ' ਬਣਾਉਣ ਦੀ ਸੀ ਅਤੇ ਇਸਦੀ ਲੋਅ ਵਿਚ ਰਾਜਨੀਤਕ ਮਨੋਰਥ ਮਿਥਣ ਅਤੇ ਬਦਲਵੀਂ ਸਿਆਸੀ ਧਿਰ ਖੜ੍ਹੀ ਕਰਨ ਦੀ ਸੀ। ਹਾਲਾਤ ਔਖੇ ਵੀ ਸਨ ਅਤੇ ਮੌਕਾ ਭਰਪੂਰ ਵੀ। ਇੱਕ ਪਾਸੇ ਰਵਾਇਤੀ ਅਕਾਲੀ ਧਿਰ ਮੁੜ ਸੁਰਜੀਤ ਹੋਣ ਦੀ ਤਾਕ ਵਿਚ ਸੀ ਦੂਸਰੇ ਪਾਸੇ ਪੰਥਕ ਸ਼ਕਤੀ ਨੂੰ ਹਿੰਸਕ ਲੀਹ 'ਤੇ ਤੋਰਨ ਵਾਲੀਆਂ ਸ਼ਕਤੀਆਂ ਅਤੇ ਤੱਤ ਵੀ ਸਰਗਰਮ ਸਨ। ਇਤਿਹਾਸ ਦੇ ਐਸ ਮੋੜ 'ਤੇ ਸ. ਦਲਬੀਰ ਸਿੰਘ ਵਰਗੇ ਹੰਢੇ ਵਰਤੇ ਕਾਰਕੁਨ ਨੇ ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਅੱਗੇ ਲਾ ਲੋਕਤੰਤਰੀ ਸ਼ਕਤੀ ਦਾ ਬਾਨ੍ਹਣੂੰ ਬੰਨ੍ਹਣ ਦਾ ਕਾਰਜ ਵਿੱਢਿਆ। ਕੁੱਝ ਮਹੀਨਿਆਂ ਵਿਚ ਹੀ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਇੱਕ ਜੁੜਵੀਂ ਅਤੇ ਬਦਲਵੀਂ ਰਾਜਸੀ ਧਿਰ ਵਜੋਂ ਉੱਭਰ ਕੇ ਸਾਹਮਣੇ ਆਈਆਂ। ਦਲਬੀਰ ਸਿੰਘ ਨੇ ਸਤੰਬਰ 1985 ਦੀਆਂ ਅਸੈਂਬਲੀ ਚੋਣਾਂ ਵਿਚ ਹਿੱਸਾ ਲੈਣ ਲਈ ਪੂਰੀ ਵਾਹ ਲਗਾਈ ਪਰੰਤੂ ਉਸ ਮੌਕੇ ਬਾਬਾ ਜੁਗਿੰਦਰ ਸਿੰਘ ਅਤੇ ਉਸ ਦੇ ਆਸ-ਪਾਸ ਇਕੱਠੇ ਹੋਏ ਘੜੰਮ ਚੌਧਰੀਆਂ ਨੇ ਉਸ ਦੀ ਕੋਈ ਵਾਹ-ਪੇਸ਼ ਨਾ ਜਾਣ ਦਿੱਤੀ। ਇਸ ਦੇ ਬਾਵਜੂਦ ਉਨ੍ਹਾਂ ਹੌਸਲਾ ਨਾ ਹਾਰਿਆ ਅਤੇ ਹਰਿੰਦਰ ਸਿੰਘ ਕਾਹਲੋਂ ਵਰਗੇ ਉਸ ਸਮੇਂ ਦੇ ਸਭ ਤੋਂ ਸੁਘੜ ਫੈਡਰੇਸ਼ਨ ਆਗੂ ਨੂੰ ਅੱਗੇ ਲਾ ਕੇ 31 ਅਕਤੂਬਰ 1985 ਨੂੰ ਦਰਬਾਰ ਸਾਹਿਬ ਵਿਖੇ ਸ਼ਹੀਦ ਬੇਅੰਤ ਸਿੰਘ ਦੀ ਬਰਸੀ ਮਨਾਈ ਅਤੇ ਸਰਕਾਰ ਵੱਲੋਂ ਬਣਾਏ ਅਕਾਲ ਤਖ਼ਤ ਨੂੰ ਨਾਮਨਜ਼ੂਰ ਕਰਨ ਦੇ ਸੰਕੇਤ ਵਜੋਂ ਅਕਾਲ ਤਖ਼ਤ ਦੇ ਜੰਗਲੇ ਤੋੜ ਦਿੱਤੇ। ਲੋਕ ਸ਼ਕਤੀ ਦੇ ਜੋੜ ਵੱਲੋਂ ਸਰਕਾਰ ਨੂੰ ਨਾਬਰੀ ਦਾ ਸੁਨੇਹਾ ਦੇਣ ਦਾ ਇਹ ਕਾਰਜ ਵੀ ਸ. ਦਲਬੀਰ ਸਿੰਘ ਵੱਲੋਂ ਬਦਲਵੀਂ ਪੰਥਕ ਰਾਜਨੀਤਕ ਧਿਰ ਖੜ੍ਹੀ ਕਰਨ ਅਤੇ ਉਸਨੂੰ ਲੋਕਤੰਤਰੀ ਅਮਲ ਵਿਚ ਪਾ ਕੇ ਅੱਗੇ ਵਧਾਉਣ ਦੀ ਸੁਚੇਤ ਮਾਰਗ ਸੇਧ ਦਾ ਹਿੱਸਾ ਸੀ। ਇਸੇ ਸੇਧ 'ਤੇ ਹੀ ਅੱਗੇ ਜਾ ਕੇ 26 ਜਨਵਰੀ 1986 ਨੂੰ ਸਰਬੱਤ ਖਾਲਸਾ ਹੋਇਆ ਜਿਸਨੇ ਸਾਬਿਤ ਕਰ ਦਿੱਤਾ ਕਿ ਪੰਥਕ ਸ਼ਕਤੀ ਹੁਣ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦੇ ਜੁੱਟ ਕੋਲ ਹੈ। ਅਜੇ ਡੇਢ ਕੁ ਸਾਲ ਪਹਿਲਾਂ ਦਿਲਗੀਰੀ ਹੇਠ ਵਿਚਰ ਰਹੀ ਕੌਮ ਨੇ ਮੁੜ ਵੇਗ ਫੜ ਲਿਆ ਸੀ। ਅਕਾਲ ਤਖ਼ਤ ਦੀ ਮੁੜ ਉਸਾਰੀ ਦਾ ਕੰਮ ਆਪਣੇ ਹੱਥ ਲੈ ਲਿਆ ਸੀ, ਦਰਬਾਰ ਸਾਹਿਬ ਸਮੂਹ ਅੰਦਰ ਫੈਡਰੇਸ਼ਨ ਅਤੇ ਦਮਦਮੀ ਟਕਸਾਲ ਦਾ ਬੋਲ-ਬਾਲਾ ਬਹਾਲ ਹੋ ਗਿਆ ਸੀ। ਜੇਕਰ ਸ. ਦਲਬੀਰ ਸਿੰਘ ਨੇ ਢੁਕਵੀਂ ਸੇਧ ਨਾ ਦਿੱਤੀ ਹੁੰਦੀ ਤਾਂ ਖਿਲਰੀ-ਪੁਲਰੀ ਸਰਗਰਮ ਪੰਥਕ ਸ਼ਕਤੀ ਨੇ ਕਿਸੇ ਸੰਯੁਕਤ ਧਾਰਾ ਵਿਚ ਨਹੀਂ ਸੀ ਬੱਝ ਸਕਣਾ!

ਪਰ ਦੂਸਰੇ ਪਾਸੇ ਸ. ਦਲਬੀਰ ਸਿੰਘ ਦੇ ਚਿਤਵੇ ਲੋਕਤੰਤਰੀ ਅਮਲ ਵਾਲੇ ਸਿਲਸਿਲੇ ਨੂੰ ਖਿਲਾਰਨ ਵਾਲੀਆਂ ਸ਼ਕਤੀਆਂ ਵੀ ਪੂਰੀ ਤਰ੍ਹਾਂ ਸਰਗਰਮ ਸਨ। ਇਹ ਸ਼ਕਤੀਆਂ ਜਲਦੀ ਤੋਂ ਜਲਦੀ ਖਾਲਿਸਤਾਨ ਦਾ ਐਲਾਨ ਕਰਨ ਲਈ ਕਾਹਲੀਆਂ ਸਨ। ਇਨ੍ਹਾਂ ਦਾ ਮੋਹਰੀ ਸੀ ਪੰਜਾਬ ਦਾ ਸਾਬਕਾ ਹੈਲਥ ਡਾਇਰੈਕਟਰ ਡਾ. ਸੋਹਨ ਸਿੰਘ। ਜਸਪਾਲ ਸਿੰਘ ਸਿੱਧੂ ਅਤੇ ਗੁਰਸ਼ਮਸ਼ੀਰ ਸਿੰਘ ਦੀ ਗੱਲਬਾਤ ਦੀ ਵੀਡੀਓ ਨੂੰ ਸੁਣਦਿਆਂ ਇਸ ਗੱਲ ਸਪੱਸ਼ਟ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਸ. ਦਲਬੀਰ ਸਿੰਘ ਨੂੰ ਇਸ ਮਹਾਂਰਥੀ ਜਾਂ ਕਹੋ ਕਿ ਇਸ 'ਅੰਨ੍ਹੇ ਨਿਸ਼ਾਨਚੀ' ਨਾਲ ਵਿਚਾਰਾਂ ਦੀ ਗਹਿਗੱਚ ਜੰਗ ਲੜਨੀ ਪਈ। ਡਾ. ਸੋਹਨ ਸਿੰਘ ਖਾਲਿਸਤਾਨ ਦਾ ਐਲਾਨ ਕਰਵਾਉਣ ਲਈ ਜ਼ੋਰ ਲਾ ਰਿਹਾ ਸੀ ਅਤੇ ਸ. ਦਲਬੀਰ ਸਿੰਘ ਇਸਨੂੰ ਕੁਰਾਹਾ ਦੱਸ ਕੇ ਲੋਕਤੰਤਰੀ ਲੀਹੇ ਪੈਣ 'ਤੇ ਜ਼ੋਰ ਦੇ ਰਿਹਾ ਸੀ। ਸ. ਦਲਬੀਰ ਸਿੰਘ ਨੇ ਆਪਣੀ ਵਿਚਾਰਕ ਅਤੇ ਇਖਲਾਕੀ ਸ਼ਕਤੀ ਦੇ ਆਸਰੇ ਡਾ. ਸੋਹਣ ਸਿੰਘ ਦੀ ਵਿਚਾਰਧਾਰਕ ਉਤਸ਼ਾਹੀ ਧਿਰ ਨੂੰ ਨੰਗੇ ਧੜ ਠੱਲ੍ਹੀ ਰੱਖਣ ਲਈ ਪੂਰੀ ਵਾਹ ਲਾਈ ਪਰ ਆਖਿਰ ਬਕੌਲੇ ਵਾਰਸ ਸ਼ਾਹ "ਲੈ ਵੇ ਰਾਂਝਿਆ ਵਾਹੁ ਮੈ ਲਾ ਥੱਕੀ, ਸਾਡੇ ਵੱਸ ਥੀਂ ਗੱਲ ਬੇਵੱਸ ਹੋਈ", ਵਾਂਗ ਗੱਲ ਸਭ ਦੇ ਵੱਸ ਤੋਂ ਬਾਹਰ ਹੋ ਗਈ ਅਤੇ 29 ਅਪ੍ਰੈਲ ,1986 ਨੂੰ ਪੰਥਕ ਕਮੇਟੀ ਨੇ ਖਾਲਿਸਤਾਨ ਦਾ ਐਲਾਨ ਕਰ ਹੀ ਦਿੱਤਾ। ਐਲਾਨ ਤੋਂ ਬਾਅਦ ,"ਸਾਡੀ ਅੱਜ ਹੈ ਵੱਡੀ ਚਲੰਤ ਮੀਆਂ" ਵਾਲੇ ਪੰਥਕ ਕਮੇਟੀ ਦੇ ਸਾਰੇ ਮੈਂਬਰ ਆਪਣੇ ਚੋਲੇ ਉਤਾਰ ਕੇ ਸਪਾਰੀ ਸੂਟਾਂ ਵਿਚ, 'ਇੱਥੋਂ ਹੋ ਗਿਆ ਹਰਨ ਹੈ ਖਾਲਸਾ ਜੀ, ਚੌਦਾਂ ਹੱਥ ਦੀ ਮਾਰਕੇ ਮਿਰਗ ਛਾਲੀ', ਅਨੁਸਾਰ ਦਰਬਾਰ ਸਾਹਿਬ ਸਮੂਹ ਵਿਚੋਂ ਨਿੱਕਲ ਗਏ। ਇਸ ਐਲਾਨ ਦੇ ਨਾਲ ਹੀ ਸ. ਦਲਬੀਰ ਸਿੰਘ ਵੱਲੋਂ ਪੰਥਕ ਸ਼ਕਤੀ ਨੂੰ ਲੋਕਤੰਤਰੀ ਅਮਲ ਵਿਚ ਉਤਾਰ ਕੇ ਬਦਲਵੀਂ ਧਿਰ ਸਿਰਜਣ ਦੇ ਯਤਨਾਂ ਦਾ ਗਰਭਪਾਤ ਹੋ ਗਿਆ। ਪੰਥਕ ਰਾਜਨੀਤੀ ਵਿਚ ਬਦਲਵੀਂ ਧਿਰ ਪੈਦਾ ਕਰਨ ਦੀਆਂ ਸੰਭਾਵਨਾਵਾਂ ਨੂੰ ਖਿਲਾਰਨ ਵਾਲਿਆਂ ਹੱਥ 'ਖਾਲਿਸਤਾਨ' ਦੀ ਡਾਂਗ ਆ ਗਈ ਜਿਸਦੀ ਬੇਦਰੇਗ ਵਰਤੋਂ ਅੱਜ ਤੱਕ ਹੋ ਰਹੀ ਹੈ। ਯਾਦ ਰਹੇ ਕਿ ਇਸ ਤੋਂ ਬਾਅਦ ਪੰਜ ਮੈਂਬਰੀ ਕਮੇਟੀ ਦੀ ਮੀਟਿੰਗ ਬਾਅਦ ਵਿਚ ਕਦੇ ਵੀ ਨਾ ਹੋਈ। ਇਸ ਐਲਾਨ ਪਿੱਛੋਂ ਸ. ਪ੍ਰਕਾਸ਼ ਸਿੰਘ ਬਾਦਲ




***ਦਲਬੀਰ ਸਿੰਘ ਦੀ ਕਿਤਾਬ 'ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ' ਦਾ ਸਰਵਰਕ।***

ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਆਪਣੇ ਵੀਹ-ਪੱਚੀ ਸਾਥੀ ਵਿਧਾਇਕਾਂ ਨੂੰ ਲੈ ਕੇ ਦਰਬਾਰ ਸਾਹਿਬ ਵਿਚ ਪੁਲਿਸ ਦਾਖਲੇ ਦਾ ਵਿਰੋਧ ਕਰਨ ਦੇ ਭੱਜ ਹੇਠ 'ਵਿਚਾਰੇ' ਸੁਰਜੀਤ ਸਿੰਘ ਬਰਨਾਲੇ ਨੂੰ ਕਾਂਗਰਸ ਸਰਕਾਰ ਦੇ ਰਹਿਮੋ-ਕਰਮ 'ਤੇ ਛੱਡਦਿਆਂ ਉਸ ਨੂੰ ਯਤੀਮ ਕਰ ਗਏ। ਅਜਿਹਾ ਕਰਦਿਆਂ ਉਹ ਦੇਰ-ਸਵੇਰ ਸ. ਪਰਕਾਸ਼ ਸਿੰਘ ਬਾਦਲ ਦੀ ਅਗਵਾਈ ਹੇਠਲੀ ਰਵਾਇਤੀ ਅਕਾਲੀ ਲੀਡਰਸ਼ਿਪ ਦੀ ਮੁੜ ਸੁਰਜੀਤੀ ਦਾ ਰਾਹ ਮੋਕਲਾ ਕਰ ਗਏ।

ਹਾਲਾਤ ਸ. ਦਲਬੀਰ ਸਿੰਘ ਦੇ ਵੱਸੋਂ ਬਾਹਰ ਹੋ ਕੇ ਖਾਲਿਸਤਾਨ ਦਾ ਐਲਾਨ ਹੋ ਜਾਣ ਨਾਲ ਉਸ ਵੱਲੋਂ ਵਿੱਢੇ ਲੋਕਤੰਤਰੀ ਅਮਲ ਵਾਲੇ ਕਾਰਿਜਾਂ ਦਾ ਭੋਗ ਪੈ ਜਾਣ ਦੇ ਨਾਲ ਹੀ ਉਸ ਵੱਲੋਂ ਸੰਤ ਦੇ ਕਹੇ ਅਨੁਸਾਰ 'ਯਾਰੀ' ਨਿਭਾਉਣ ਦਾ ਇੱਕ ਪੜਾਅ ਸਾਬਿਤ ਕਦਮੀ ਨਿਭ ਗਿਆ। ਨੌਜਵਾਨ ਖੂਨ ਬੇਕਾਬੂ ਹੋ ਗਿਆ, ਸ. ਸਾਹਿਬ ਨੂੰ ਡਰਾਉਣ-ਧਮਕਾਉਣ ਲਈ ਕਈ ਬੰਦੇ ਗਲ਼ ਪਵਾਏ ਗਏ। ਸ. ਦਲਬੀਰ ਸਿੰਘ ਨੇ 'ਯਾਰੀ' ਨਿਭਾਉਣ ਲਈ ਹੁਣ ਅਗਲੇ ਪੜਾਅ ਦੇ ਸਫਰ 'ਤੇ ਤੁਰਨ ਸਮੇਂ ਹਾਲਾਤ ਨੂੰ, ਸਿੱਖ ਰਾਜ ਦੇ ਅੰਤਲੇ ਸਮੇਂ ਪਸਰੀ ਆਪਮੁਹਾਰੀ ਕਤਲੋਗਾਰਦ ਸਮੇਂ ਇੱਕ ਸਿਆਣੇ ਸਰਦਾਰ ਲਹਿਣ ਸਿੰਘ ਮਜੀਠੀਏ ਦੀ ਦ੍ਰਿਸ਼ਟੀ,

'ਲਹਿਣਾ ਸਿੰਘ ਸਰਦਾਰ ਮਜੀਠੀਆ ਸੀ,
ਵੱਡਾ ਅਕਲ ਦਾ ਕੋਟਿ ਕਮਾਲ ਮੀਆਂ।
ਦਿਲ ਆਪਣੇ ਬੈਠ ਵਿਚਾਰ ਕਰਦਾ, ਇੱਥੇ
ਹੋਣਗੇ ਕਈਆਂ ਦੇ ਕਾਲ ਮੀਆਂ।
ਮਹਾਂਬਲੀ ਸਰਦਾਰ ਸੀ ਪੰਥ ਵਿਚੋਂ, ਡਿੱਠੀ
ਬਣੀ ਕੁੱਚਲਣੀ ਚਾਲ ਮੀਆਂ।
ਸ਼ਾਹ ਮੁਹੰਮਦਾ ਤੁਰ ਗਿਆ ਤੀਰਥਾਂ ਨੂੰ,
ਸੱਭੋ ਛੱਡ ਕੇ ਦੰਗ ਦਵਾਲ ਮੀਆਂ।'

ਨਾਲ ਵੇਖਦਿਆਂ ਸਭ ਕੁੱਝ ਛੱਡ ਕੇ ਆਪਣੇ ਪਿੰਡ ਗੰਨਾ ਪਿੰਡ ਆ ਜਾਣ ਦਾ ਫੈਸਲਾ ਕਰ ਲਿਆ। ਜਿੱਥੇ ਉਸਨੇ ਬਾਬੇ ਨਾਨਕ ਚੌਥੀ ਉਦਾਸੀ ਮਗਰੋਂ ਖੇਤੀ ਕਰਨ ਵਾਂਗ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਅਮਲ ਕਰਦਿਆਂ ਆਪਣੇ ਗੁਜ਼ਰ ਬਸਰ ਲਈ ਖੇਤੀ ਕੀਤੀ। ਟਿਊਬਵੈਲ ਵਾਲੇ ਇੱਕੋ ਕਮਰੇ ਵਿਚ ਪਰਿਵਾਰ ਨਾਲ ਰਹਿੰਦਿਆਂ ਤੰਗੀਆਂ ਤੁਰਸੀਆਂ ਵਾਲੀ ਸਾਦਾ ਗੁਮਨਾਮ ਨੁਮਾ ਜ਼ਿੰਦਗੀ ਬਤੀਤ ਕੀਤੀ। 'ਯਾਰੀ' ਨਿਭਾਉਣ ਵਾਲੇ ਇਸ ਪੜਾਅ ਦੇ ਔਖੇ ਸਫਰ ਦੌਰਾਨ ਉਹ, 'ਸਬਰ ਦਿਲਾਂ ਦੇ ਮਾਰ ਜਹਾਨ ਪੱਟਣ, ਉੱਚੀ ਕਾਸਨੂੰ ਅਸਾਂ ਬਕੀਵਣਾਂ ਏਂ", ਵਾਂਗ ਸਬਰ ਨਾਲ ਖਾਮੋਸ਼ ਰਿਹਾ ਤਾਂ ਜੋ ਬੰਦੂਕ ਦੇ ਜ਼ੋਰ ਖਾਲਿਸਤਾਨ ਲੈਣ ਵਾਲੇ ਕਿਤੇ ਇਹ ਉਲਾਂਭਾ ਨਾ ਦੇਣ ਪਈ ਖਾਲਿਸਤਾਨ ਤਾਂ ਬਣ

***(ਬਾਕੀ ਅਗਲੇ ਸਫੇ 'ਤੇ)***

# ਔਰਤਾਂ ਦੇ ਹਾਰ-ਸ਼ਿੰਗਾਰ ਵਾਲ਼ੇ ਗਹਿਣਿਆਂ ਦੇ ਸ੍ਰੋਤ

ਔਰਤਾਂ ਦੇ ਹਾਰ-ਸ਼ਿੰਗਾਰ ਨੂੰ ਸਾਡੇ ਭਾਰਤੀ ਸਮਾਜ ਵਿਚ ਕਾਫ਼ੀ ਮਹੱਤਤਾ ਦਿੱਤੀ ਜਾਂਦੀ ਹੈ। ਇਤਿਹਾਸ ਵੀ ਇਸ ਦੀਆਂ ਅਨੇਕਾਂ ਉਦਾਹਰਣਾਂ ਨਾ਼ਲ ਭਰਿਆ ਪਿਆ ਹੈ। ਇੱਥੋਂ ਤੱਕ ਕਿ ਝਾਂਸੀ ਦੇ ਕੋ਼ਲ ਖਜੁਰਾਹੋ ਦੇ ਮੰਦਰਾਂ 'ਚ ਵੀ ਤੁਸੀਂ ਇਸ ਦੀਆਂ ਝਲਕੀਆਂ ਦੇਖ ਸਕਦੇ ਹੋ। ਓਥੇ ਇਹ ਮੰਦਰਨੁਮਾ ਇਮਾਰਤਾਂ ਬਾਰ੍ਹਵੀਂ ਸਦੀ ਤੋਂ ਪਹਿਲਾਂ ਚੰਦੇਲਾ ਰਾਜ ਵਿਚ ਬਣਾਈਆਂ ਗਈਆਂ ਸਨ। ਪਰ ਓਥੇ ਦਰਸਾਈ ਗਈ ਇੱਕ ਜਵਾਨ ਔਰਤ ਦੇ ਮੋਢੇ 'ਤੇ ਪਤਲੀ ਜਿਹੀ ਵੱਧਰੀ ਵਾ਼ਲਾ ਅਜੋਕੀ ਕਿਸਮ ਦਾ ਛੋਟਾ ਜਿਹਾ ਪਰਸ (ਬਟੂਆ) ਵੀ ਦੇਖ ਸਕਦੇ

**ਜਸਵਿੰਦਰ ਸੰਧੂ**
**ਪੂਰਨ ਸਿੰਘ ਪਾਂਧੀ**
**ਬ੍ਰੈਂਪਟਨ, ਕਨੇਡਾ**

ਹੋ ਜੋ ਅੱਜ-ਕੱਲ੍ਹ ਦੀਆਂ ਫੈਸ਼ਨਦਾਰ ਜਵਾਨ ਕੁੜੀਆਂ ਵਾਂਙੂੰ ਹੀ ਸਮਾਨ ਸਾਂਭਣ ਨਾ਼ਲੋਂ ਜ਼ਿਆਦਾ ਦਿਖਾਵੇ ਵਾ਼ਲੀ ਚੀਜ਼ ਹੀ ਲਗਦਾ ਹੈ। ਕੀ ਕਦੇ ਕਿਸੇ ਨੇ ਸੋਚਿਆ ਹੈ ਕਿ ਕੁਦਰਤੀ ਜੀਵਾਂ ਨਾ਼ਲੋਂ ਵੱਖਰੀ ਕਿਸਮ ਦਾ ਵਤੀਰਾ ਇਨਸਾਨਾਂ ਵਿਚ ਕਿਉਂ ਤੇ ਕਦੋਂ ਸ਼ੁਰੂ ਹੋਇਆ ਹੋਊ? ਜਾਨਵਰਾਂ ਵਿਚ ਤਾਂ ਤੁਸੀਂ ਇਹ ਵਤੀਰਾ ਬਹੁਤ ਵਾਰ ਦੇਖਿਆ ਹੋਣਾ ਹੈ ਟੀਵੀ ਬਗੈਰਾ, ਫਿਲਮਾਂ ਜਾਂ ਹੋ ਸਕਦਾ ਹੈ ਕੁਦਰਤ ਵਿਚ ਵੀ। ਪਰ ਕੁਦਰਤ ਵਿਚ ਇਹ ਦਿਖਾਵਾ ਹਮੇਸ਼ਾ ਜਾਂ ਘੱਟੋ-ਘੱਟ 99.9 ਪ੍ਰਤੀਸ਼ਤ ਤੁਸੀਂ ਨਰ ਨੂੰ ਹੀ ਕਰਦੇ ਦੇਖਿਆ ਹੋਊ। ਮਾਦਾ ਨੂੰ ਤਾਂ ਵਿਚਾਰੀਆਂ ਜਾਂ ਕਹਿ ਲਓ ਕਿ ਮੂਕ ਦਰਸ਼ਕ ਬਣ ਕੇ ਦੇਖਦੀਆਂ/ ਮਾਣਦੀਆਂ ਨੂੰ ਹੀ ਦੇਖਿਆ ਹੋਣਾ ਹੈ। ਜਾਣੀ ਕਿ ਕੁਦਰਤ ਵੱਲੋਂ ਪਣਪਿਆ ਇਹ ਵਤੀਰਾ ਕੇਵਲ ਨਰਾਂ ਦਾ ਕੰਮ ਹੁੰਦਾ ਹੈ ਜੋ ਆਪਣੇ ਲਈ ਸਾਥਣ/ਸਾਥਣਾਂ ਦੀ ਭਾ਼ਲ ਕਰ ਰਹੇ ਹੁੰਦੇ ਹਨ। ਅਮਰੀਕਣ ਪ੍ਰੋ: ਕ੍ਰਿਸਟੀਨ ਬੋਕ (1984, ਜੋ ਕੀੜਿਆਂ ਦੇ ਸਾਥੀ-ਚੋਣ 'ਤੇ ਕੰਮ ਕਰ ਰਹੀ ਹੈ) ਦਾ ਕਹਿਣਾ ਹੈ ਕਿ ਇੱਕ gregarious cricket Amphiacusta maya (ਐਂਫੀਆਕੁਸਟਾ ਮਾਇਆ) ਨਾਂ ਦਾ ਟਿੱਡਾ ਬਥ੍ਹੇਰੇ ਤਰ੍ਹਾਂ ਦੇ ਇਸ਼ਾਰੇ ਕਰਦਾ ਹੈ ਜਿਨ੍ਹਾਂ 'ਚ ਉਹਦੇ ਗੀਤ ਆਦਿ ਗਾ ਕੇ ਜਾਂ ਕਹਿ ਲਓ ਕਿ ਅਵਾਜ਼ਾਂ ਮਾਰਨ ਦਾ ਕੰਮ ਵੀ ਹੁੰਦਾ ਹੈ। ਪਰ ਪ੍ਰੋ: ਬੋਕ ਨੇ ਦੇਖਿਆ ਹੈ ਕਿ ਬੋਲਣ ਜਾਂ ਨਾ ਬੋਲਣ ਦਾ ਕੋਈ ਫਰਕ ਨੀ ਪੈਂਦਾ ਉਨ੍ਹਾਂ ਟਿੱਡੀਆਂ 'ਤੇ। ਉਸ ਨੇ ਇਹ ਤਜਰਬਾ ਅੱਧੇ ਟਿੱਡਿਆਂ ਦੀਆਂ ਅਵਾਜ਼ਾਂ ਖਤਮ ਕਰਕੇ ਦੂਜਿਆਂ ਆਮ ਰੌ਼ਲਾ ਪਾਉਣ ਵਾ਼ਲੇ ਟਿੱਡਿਆਂ ਨਾ਼ਲ ਮੁਕਾਬਲਾ ਕਰਵਾ ਕੇ ਦੇਖਿਆ ਸੀ, ਜਿਸਦੇ ਨਤੀਜੇ 'ਚ ਕੋਈ ਫਰਕ ਨੀ ਆਇਆ ਭਾਵੇਂ ਕੁਦਰਤ ਵਿਚ ਇਹ ਕੰਮ ਚਲਦਾ ਹੈ।

ਸਾਥੀ ਭਾਲਣ ਦੇ ਮਾਮਲੇ 'ਤੇ ਇੱਕ ਏਆਈ ਝਾਤ (AI Overview) ਅਨੁਸਾਰ ਜਾਨਵਰਾਂ ਵਿਚ ਆਮ ਕਰਕੇ ਨਰਾਂ ਦੁਆਰਾ ਕਈ ਤਰ੍ਹਾਂ ਦੀਆਂ ਮਿਲਣ-ਰੀਤਾਂ ਪੇਸ਼ ਕੀਤੀਆਂ ਜਾਂਦੀਆਂ ਹਨ। ਜਿਵੇਂ ਮੋਰ ਆਪਣੇ ਖ਼ੂਬਸੂਰਤ ਖੰਭ ਫੈਲਾ ਕੇ ਮੋਰਨੀਆਂ ਨੂੰ ਰਿਝਾਉਣ ਲਈ ਪੇਸ਼ ਕਰਦਾ ਹੈ, ਫੇਰ ਨਾਚ ਵੀ ਕਰ ਕੇ ਦਿਖਾਉਂਦਾ ਹੈ। ਜਾਨਵਰਾਂ ਵਿਚ ਇਹ ਵਰਤਾਰਾ ਨਾਚ ਦਿਖਾਉਣਾ, ਆਪਣੇ ਖ਼ੂਬਸੂਰਤ ਖੰਭਾਂ ਦੀ ਨੁਮਾਇਸ਼ ਕਰਨਾ, ਸੁਰੀਲੀਆਂ ਅਵਾਜ਼ਾਂ ਕੱਢ ਕੇ ਆਪਣੇ ਸਾਥੀ ਨੂੰ ਲੁਭਾਉਣਾ, ਆਪਣੀ ਤਾਕਤ ਦਿਖਾ ਕੇ ਵਿਰੋਧੀ ਨੂੰ ਪਛਾੜਨ ਦੇ ਨਾ਼ਲ-ਨਾ਼ਲ ਮਾਦਾ ਨੂੰ ਪ੍ਰਭਾਵਿਤ ਕਰਨਾ, ਜਾਂ ਸੁਗੰਧ ਨਾ਼ਲ ਵੀ ਮਾਦਾ ਨੂੰ ਆਪਣੇ ਵੱਲ ਆਕਰਸ਼ਿਤ ਕਰਨ ਦੀ ਕੋਸ਼ਿਸ਼ ਆਦਿ ਸਭ ਇਸੇ ਵਰਤਾਰੇ ਦੇ ਅੰਗ ਹੋ ਸਕਦੇ ਹਨ। ਪਰ ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਇਹ ਸਭ ਮਿਲਣ-ਰੀਤਾਂ ਤਕਰੀਬਨ ਹਰ ਪ੍ਰਜਾਤੀ ਦੇ ਨਰਾਂ ਦੁਆਰਾ ਹੀ ਪੇਸ਼ ਕੀਤੀਆਂ ਜਾਂਦੀਆਂ ਹਨ। ਲੜ ਕੇ ਬਹਾਦਰੀ ਦਿਖਾਉਣ ਵਾ਼ਲੇ ਵੀ ਨਰ ਹੀ ਹੁੰਦੇ ਹਨ ਅਤੇ ਨਾਚ ਕਰਨ ਵਾ਼ਲੇ ਵੀ। ਜਾਣੀ ਕਿ ਕੁਦਰਤੀ ਵਿਕਾਸ ਨਰਾਂ ਨੂੰ ਇਸ ਪਾਸੇ ਧੱਕਦਾ ਰਿਹਾ ਹੈ।

ਕਈ ਜਾਨਵਰਾਂ 'ਚ ਤਾਂ ਨਰ ਸਿਰਫ਼ ਬੱਚਿਆਂ ਦੀ ਪੈਦਾਇਸ਼ ਲਈ ਹੀ ਕੰਮ ਆਉਂਦੇ ਹਨ। ਸ਼ਹਿਦ ਦੀਆਂ ਮੱਖੀਆਂ 'ਚ ਰਾਣੀ ਨਾ਼ਲ ਸੰਭੋਗ ਕਰਨ ਵਾ਼ਲੇ ਇੱਕ ਤੋਂ ਬਗੈਰ ਸਾਰੇ ਵੈਸੇ ਹੀ ਮਰ ਜਾਂਦੇ ਹਨ। ਉਨ੍ਹਾਂ ਦਾ ਆਪਣੀ ਕਲੋਨੀ/ ਮਖਿਆ਼ਲ ਦੇ ਛੱਤੇ ਬਣਾਉਣ ਜਾਂ ਉਸ ਨੂੰ ਬਚਾਉਣ ਲਈ ਵੀ ਕੋਈ ਕੰਮ ਨਹੀਂ ਹੁੰਦਾ ਕਿਉਂਕਿ ਉਨ੍ਹਾਂ ਕੋ਼ਲ ਡੰਗ ਵੀ ਨਹੀਂ ਹੁੰਦਾ। ਇਹ ਸਭ ਕੰਮ ਮਾਦਾ ਮੱਖੀਆਂ ਦੇ ਜੁੰਮੇ ਹੀ ਹੁੰਦਾ ਹੈ। ਉਹੀ ਆਪਣੀ ਰਾਣੀ ਦੀ ਹਰ ਤਰ੍ਹਾਂ ਦੀ ਸੇਵਾ ਕਰਦੀਆਂ ਹਨ ਅਤੇ ਉਹੀ ਛੱਤੇ ਦੀ ਉਸਾਰੀ ਕਰਦੀਆਂ ਹਨ, ਸ਼ਹਿਦ ਵੀ ਉਹੀ ਬਣਾਉਂਦੀਆਂ ਹਨ ਫੁੱਲਾਂ ਤੋਂ ਪਰਾਗਕਣ ਕੱਠੇ ਕਰ ਕੇ ਅਤੇ ਜਦੋਂ ਲੋੜ ਪੈਂਦੀ ਹੈ ਤਾਂ ਦੁਸ਼ਮਣ 'ਤੇ ਹਮਲਾ ਕਰਨ ਵੇ਼ਲੇ ਆਪਣੀ ਜਾਨ ਗੁਆ ਕੇ (ਆਤਮਘਾਤੀ ਹਮਲੇ) ਛੱਤੇ ਅਤੇ ਆਪਣੇ ਮਖਿਆ਼ਲ ਦੀ ਰਾਖੀ ਕਰਦੀਆਂ ਸ਼ਹੀਦ ਹੋ ਜਾਂਦੀਆਂ ਹਨ। ਭ੍ਰਿੰਡਾਂ ਤੇ ਭੂੰਡਾਂ 'ਚ ਵੀ ਇਹੀ ਕੰਮ ਹੈ ਨਰ ਭ੍ਰਿੰਡਾਂ ਤੇ ਭੂੰਡਾਂ ਦਾ। ਇਨ੍ਹਾਂ ਦੀਆਂ ਮਾਦਾਵਾਂ ਹੀ ਛੱਤਾ ਬਣਾਉਂਦੀਆਂ ਤੇ ਬਚਾਉਂਦੀਆਂ ਹਨ ਅਤੇ ਸਭ ਲਈ ਖਾਣ-ਪੀਣ ਦਾ ਪ੍ਰਬੰਧ ਕਰਦੀਆਂ ਹਨ। ਨਰ ਸਿਰਫ਼ ਔਲਾਦ ਪੈਦਾ ਕਰਨ ਦਾ ਕੰਮ ਕਰਕੇ ਮਰ ਜਾਂਦੇ ਹਨ।

ਪਰ ਸਵਾਲ ਇਹ ਉੱਠਦਾ ਹੈ ਕਿ ਮਨੁੱਖਾਂ (ਜੋ ਇੱਕ ਸਮਾਜਿਕ ਜਾਨਵਰ ਹੈ) ਵਿਚ ਇਹ ਰੀਤ ਉਲਟ ਕਿਵੇਂ ਤੇ ਕਿਉਂ ਹੋ ਗਈ? ਅਸੀਂ ਦੇਖਦੇ ਹਾਂ ਕਿ ਸਾਡੀਆਂ ਔਰਤਾਂ ਹੀ ਜ਼ਿਆਦਾ ਗਹਿਣੇ ਬਗੈਰਾ ਪਾਉਂਦੀਆਂ ਹਨ ਅਤੇ ਨਾ਼ਲ ਹੀ ਹੋਰ ਬਹੁਤ ਤਰ੍ਹਾਂ ਦੇ ਹਾਰ-ਸ਼ਿੰਗਾਰ ਕਰਦੀਆਂ ਹਨ ਜਦੋਂ ਕਿ ਮੁਕਾਬਲਤਨ ਆਦਮੀ ਇਸ ਤੋਂ ਉਲਟ ਬਹੁਤ ਘੱਟ ਮਾਤਰਾ ਜਾਂ ਘੱਟ ਹੱਦ ਤੱਕ ਇਸ ਦਿਖਾਵੇਬਾਜ਼ੀ 'ਚ ਸ਼ਾਮਲ ਨਜ਼ਰ ਆਉਂਦੇ ਹਨ। ਰਿਬੈਕਾ ਰਸਲ (2010) ਦਾ ਕਹਿਣਾ ਹੈ ਕਿ ਮਨੁੱਖੀ ਸਰੀਰ ਦਾ ਸ਼ਿੰਗਾਰੇ ਜਾਣਾ ਕੋਈ ਕਿਸੇ ਇਕੱਲੇ ਸੱਭਿਆਚਾਰ ਜਾਂ ਕਬੀਲੇ ਦਾ ਕਿਰਦਾਰ ਨਹੀਂ ਰਿਹਾ, ਸਗੋਂ ਇਹ ਹਰ ਕਬੀਲੇ ਤੇ ਸੱਭਿਆਚਾਰ ਦਾ ਮਹੱਤਵਪੂਰਨ ਅੰਗ ਰਿਹਾ ਹੈ ਜੋ ਅੱਜ ਬਹੁਤ ਪ੍ਰਫੁੱਲਤ ਹੋ ਕੇ ਸਾਡੇ ਸਾਹਮਣੇ ਹੈ। ਇਸਦਾ ਅੰਦਾਜ਼ਾ ਦੁਨੀਆਂ 'ਚ ਚੱਲ ਰਹੀ ਇਸ ਸਨਅਤ ਦਾ ਸਾਲਾਨਾ ਵਪਾਰ ਦੇਖ ਕੇ ਲਾਇਆ ਜਾ ਸਕਦਾ ਹੈ ਜੋ ਇੱਕ ਏਆਈ ਝਾਤ **(ਓਵਰਵਿਊ)** ਅਨੁਸਾਰ $356 ਤੋਂ 375 ਅਰਬ/ਬਿਲੀਅਨ ਅਮਰੀਕੀ ਡਾਲਰ ਬਣਦਾ ਹੈ। ਪੁਰਾਤੱਤਵੀ ਖੋਜਾਂ ਮੁਤਾਬਕ ਇਹ ਗਹਿਣੇ ਆਦਿ ਇੱਕ ਲੱਖ ਸਾਲ ਪਹਿਲਾਂ ਵੀ ਔਰਤਾਂ ਵੱਲੋਂ ਪਹਿਨੇ ਜਾਂਦੇ ਲੱਭੇ ਗਏ ਹਨ। ਪਰ ਓਦੋਂ ਇਨ੍ਹਾਂ ਦੀ ਮਹੱਤਤਾ ਸਰੀਰ ਦੀ ਦਿਖਾਵਟ ਵਧਾਉਣ ਲਈ ਨਹੀਂ ਸਗੋਂ ਕੁਦਰਤੀ ਖਤਰਿਆਂ ਤੋਂ ਬਚਣ ਲਈ ਜਾਂ ਉਨ੍ਹਾਂ ਖਤਰਿਆਂ ਦੇ ਕਾਰਕਾਂ (ਕਰਨ ਵਾ਼ਲਿਆਂ) ਨੂੰ ਖ਼ੁਸ਼ ਕਰਨ ਲਈ ਟੂਣੇ-ਟਾਮਣੇ ਆਦਿ ਵੱਲੋਂ ਕੀਤੀ ਜਾਂਦੀ ਆਂਕੀ ਗਈ ਹੈ, ਕਿਉਂਕਿ ਉਸ ਸਮੇਂ ਲੋਕ ਇਹ ਸਮਝਦੇ ਸਨ ਕਿ ਕੋਈ ਨਾ ਕੋਈ ਅਦਿੱਖ ਸ਼ਕਤੀ ਇਨ੍ਹਾਂ ਖਤਰਿਆਂ ਲਈ ਜ਼ਿੰਮੇਵਾਰ ਹੁੰਦੀ ਹੈ। ਮੋਰੌਕੋ 'ਚੋਂ ਡੇਢ ਕੁ ਲੱਖ ਸਾਲ ਪਹਿਲਾਂ ਦੇ ਬਣੇ ਗਹਿਣੇ ਵੀ ਬ੍ਰਾਮਦ ਹੋਏ ਹਨ, ਜੋ ਇਸ ਕਹਾਣੀ ਨੂੰ ਹੋਰ ਵੀ ਪਿੱਛੇ ਲੈ ਜਾਂਦੇ ਹਨ। ਉਥੇ ਬਿਜ਼ਮੂਨ ਗੁਫ਼ਾ 'ਚੋਂ 33 ਸਮੁੰਦਰੀ ਘੋਗਿਆਂ ਦੇ ਸ਼ੰਖਨੁਮਾ ਖੋ਼ਲਾਂ 'ਚ ਮੋਰੀਆਂ ਕੀਤੇ ਹੋਏ ਗਹਿਣੇ ਮਿਲੇ ਹਨ।

**ਔਰਤਾਂ ਦੇ ਗਹਿਣੇ ਉਨ੍ਹਾਂ ਦੇ ਸਮਾਜਿਕ ਬੰਦਿਸ਼ਾਂ ਦੇ ਚਿੰਨ੍ਹ**



ਰਿਬੈਕਾ ਰਸਲ (2010) ਕਹਿੰਦੀ ਹੈ ਕਿ ਸਾਡਾ ਸਰੀਰ ਸਾਡੀਆਂ ਚਾਹਤਾਂ ਅਤੇ ਮਾਨਸਿਕ ਉਡਾਰੀਆਂ ਨੂੰ ਪ੍ਰਗਟ ਕਰਨ ਲਈ ਵਰਤਿਆ ਜਾਂਦਾ ਰਿਹਾ ਹੈ। ਜਿਓਰਗਾ ਇਰਵਿੰਗ (1932) ਦਾ ਵਿਚਾਰ ਗਹਿਣਿਆਂ ਬਾਰੇ ਤਾਂ ਇਹ ਹੈ ਕਿ ਮਨੁੱਖੀ ਕਰਮ ਵਿਕਾਸ ਵਿਚ ਅਵਾਜ਼ ਤੋਂ ਬਾਅਦ ਗਹਿਣਿਆਂ ਨੇ ਵੀ ਬਹੁਤ ਵੱਡਾ ਹਿੱਸਾ ਪਾਇਆ ਹੈ। ਉਸ ਦਾ ਇਹ ਵੀ ਕਹਿਣਾ ਹੈ ਕਿ ਹਰ ਸੱਭਿਆਚਾਰ ਦੇ ਗਹਿਣੇ ਉਸਦੇ ਔਰਤਾਂ ਵੱਲ ਸਮਾਜ ਦੇ ਵਰਤਾਰੇ ਤੇ ਵਤੀਰੇ ਨਾ਼ਲ ਵੀ ਸਬੰਧ ਰੱਖਦੇ ਸਨ/ਹਨ। ਅਸੀਂ ਵੀ ਇਸ ਖਿਆਲ ਨਾ਼ਲ ਸਹਿਮਤ ਹਾਂ ਕਿ ਔਰਤਾਂ ਦੇ ਗਹਿਣੇ ਹਰ ਇੱਕ ਸਮਾਜ ਦੇ ਆਪਣੀਆਂ ਔਰਤਾਂ ਬਾਰੇ ਵਿਚਾਰਾਂ ਅਨੁਸਾਰ ਬਣੇ ਹੁੰਦੇ ਹਨ; ਕੁੱਝ ਵਿਦਵਾਨਾਂ ਦਾ ਇਹ ਵਿਚਾਰ ਹੈ ਕਿ ਇਹ ਗਹਿਣੇ ਵੱਖੋ-ਵੱਖਰੇ ਸਮਾਜਾਂ ਵਿਚ ਆਦਮੀਆਂ ਨੇ ਆਪਣੀਆਂ ਔਰਤਾਂ ਨੂੰ ਕਾਬੂ ਰੱਖਣ ਲਈ ਬਣਾਏ ਹੋਏ ਸੰਦ ਸਨ ਜੋ ਅੱਗੇ ਵਿਕਸਤ ਹੋ ਕੇ ਅੱਜ-ਕੱਲ੍ਹ ਗਹਿਣਿਆਂ ਦੇ ਰੂਪ ਵਿਚ ਸਾਡੇ ਸਾਹਮਣੇ ਆਏ ਹੋਏ ਹਨ। ਇੱਕ ਤੈਲਗੂ ਭਾਸ਼ਾ ਦੇ ਭਾਰਤੀ ਲਿਖਾਰੀ ਤਾਪੀ ਧਰਮਾ ਰਾਓ ਨੇ ਅਜਿਹੇ ਇੱਕ ਵਿਸ਼ੇ ਤੇ 'ਇਨੂਪਾਕੱਚਡਾਲੂ' ਨਾਂ ਦੀ ਕਿਤਾਬ ਲਿਖੀ ਸੀ ਜੋ 2013 'ਚ ਛਪੀ ਸੀ। ਜਿਸ ਦਾ ਪੰਜਾਬੀ ਅਨੁਵਾਦ 'ਲੋਹੇ ਦੀਆਂ ਕਮਰ ਪੇਟੀਆਂ' ਬਣਦਾ ਹੈ, ਪਰ ਇਹ ਵੀ ਕਿਹਾ ਗਿਆ ਹੈ ਕਿ ਸਹੀ ਤਰ੍ਹਾਂ ਉਸ ਸ਼ਬਦ ਦਾ ਅਨੁਵਾਦ ਨਹੀਂ ਕਰਦਾ (ਤੇਜਿੰਦਰ ਵਿਰਲੀ, 2025, ਨਵਾਂ- ਜ਼ਮਾਨਾ 9-ਨਵੰਬਰ)। ਇਹ ਤਾਂ ਸਰਾ ਸਰ ਔਰਤ ਨੂੰ ਆਪਣੇ ਯੌਨ-ਸ਼ੋਸ਼ਣ ਲਈ ਕਾਬੂ 'ਚ ਰੱਖਣ ਦਾ ਕਾਰਾ ਸੀ ਜੋ ਔਰਤ ਨੂੰ ਦੂਜਿਆਂ ਮਰਦਾਂ ਨਾ਼ਲ ਭੋਗ ਕਰਨ ਤੋਂ ਵਰਜਿਤ ਕਰਨ ਲਈ ਸੀ। ਇਹ ਤਕਨੀਕ ਯੂਰਪੀ ਦੇਸ਼ਾਂ ਵਿਚ ਵੀ ਅਪਣਾਈ ਗਈ। ਇਹ ਤਾਂ ਬੁਰਕੇ ਨਾ਼ਲੋਂ ਵੀ ਜ਼ਿਆਦਾ ਘਟੀਆ ਤੇ ਮਾਰੂ ਬੰਦਿਸ਼ ਦਾ ਰੂਪ ਸੀ।

ਜੇ ਅਸੀਂ ਆਪਣੇ ਘਰੇਲੂ ਜਾਨਵਰਾਂ ਵੱਲ ਨਜ਼ਰ ਮਾਰੀਏ ਤਾਂ ਪਤਾ ਲੱਗ ਸਕਦਾ ਹੈ ਕਿ ਕਿਸੇ ਨੂੰ ਤਾਂ ਅਸੀਂ ਨਕੇਲ ਪਾਈ ਹੋਈ ਹੈ ਕਿਉਂਕਿ ਨੱਕ ਕਾਫ਼ੀ ਸੰਵੇਦਨਸ਼ੀਲ (ਨਾਜ਼ੁਕ) ਅੰਗ ਹੁੰਦਾ ਹੈ ਜਿਸ ਕਾਰਨ ਜਾਨਵਰ ਨੂੰ ਤਕਲੀਫ਼ ਹੁੰਦੀ ਹੈ ਤੇ ਨਕੇਲ ਦੀ ਪਤਲੀ ਜਿਹੀ ਰੱਸੀ ਵੀ ਉਸ ਨੂੰ ਕਾਬੂ 'ਚ ਰੱਖਣ ਲਈ ਕਾਫੀ ਹੁੰਦੀ ਹੈ। ਇਸੇ ਤਰ੍ਹਾਂ ਕੰਨਾਂ ਤੋਂ ਵੀ ਕੰਟਰੋਲ ਕੀਤਾ ਜਾ ਸਕਦਾ ਹੈ ਪਸ਼ੂਆਂ ਨੂੰ। ਸੀਲ ਡੰਗਰਾਂ-ਪਸ਼ੂਆਂ ਦੇ ਗ਼ਲਾਂ 'ਚ ਸੰਗ਼ਲ ਪਾ ਕੇ ਕਾਬੂ 'ਚ ਰੱਖਣਾ ਅਸੀਂ ਆਮ ਹੀ ਦੇਖਦੇ ਹਾਂ। ਸਭ ਮੱਝਾਂ, ਗਾਂਵਾਂ ਅਤੇ ਕੁੱਤਿਆਂ ਆਦਿ ਦੇ ਸੰਗ਼ਲ-ਸੰਗ਼ਲੀਆਂ ਹੀ ਪਾਈਆਂ/ਪਾਏ ਜਾਂਦੇ ਨੇ। ਇਹ ਉਦਾਹਰਣਾਂ ਕਾਫ਼ੀ ਨੇ ਔਰਤਾਂ ਦੇ ਗਹਿਣਿਆਂ ਦੇ ਸ੍ਰੋਤ ਸਮਝਣ ਲਈ। ਗ਼ਲੇ ਦਾ ਹਾਰ, ਵਿੰਨ੍ਹੇ ਕੰਨ, ਨੱਕ ਦੀ ਨੱਥ ਜਾਂ ਕੋਕਾ, ਕੜੇ, ਝਾਂਜਰਾਂ, ਬਾਜੂ-ਬੰਦ ਆਦਿ ਕੀ ਉਨ੍ਹਾਂ ਦੀ ਅਜ਼ਾਦੀ ਰੋਕਣ ਦੀਆਂ ਤਰਤੀਬਾਂ 'ਚੋਂ ਨਿੱਕ਼ਲੇ/ਜਨਮੇ ਮਹਿਸੂਸ ਨਹੀਂ ਹੁੰਦੇ? ਜਿਵੇਂ ਚਿਰਾਂ ਤੋਂ ਚੱਲੀਆਂ ਆਉਂਦੀਆਂ ਰੀਤਾਂ ਸਾਡੇ ਰਿਵਾਜ ਬਣ ਕੇ ਸਾਡੇ ਸਮਾਜ ਦੇ ਸਥਾਈ ਅੰਗ ਬਣ ਜਾਂਦੇ ਨੇ, ਉਸੇ ਤਰ੍ਹਾਂ ਇਹ ਵੀ ਛੋਟੇ ਰੂਪਾਂ ਵਿਚ ਔਰਤਾਂ ਨੇ ਗਹਿਣਿਆਂ ਦੇ ਰੂਪ ਵਿਚ ਅਪਣਾ ਲਏ। ਇਹ ਵੀ ਸੰਭਾਵਨਾ ਹੈ ਕਿ ਔਰਤਾਂ ਨੇ ਇਹ ਕੁੱਝ ਆਪਣੀ ਮਜਬੂਰੀ ਨਾ ਜ਼ਾਹਰ ਹੋਣ ਦੇਣ ਕਾਰਨ ਬੰਦਿਸ਼ਾਂ ਨੂੰ ਆਪਣੇ ਗਹਿਣਿਆਂ ਦੇ ਰੂਪ ਵਿਚ ਵਿਕਸਤ ਕਰ ਲਿਆ ਹੋਵੇ। ਖ਼ੈਰ ਇਹ ਤਾਂ ਖੋਜੀਆਂ ਲਈ ਵਿਸ਼ਾ ਹੈ ਇਨ੍ਹਾਂ ਚੀਜ਼ਾਂ ਨੂੰ ਸਾਬਤ ਕਰਨ ਦਾ ਜਾਂ ਝੂਠ ਸਾਬਤ ਕਰਨ ਦਾ! ਪਰ ਜੇ ਦੇਖਿਆ ਜਾਵੇ ਕੀ ਕੋਈ ਮਰਦ ਇਮਾਨਦਾਰੀ ਨਾ਼ਲ ਇਹ ਦੱਸ ਸਕੂ ਕਿ ਕੋਈ ਔਰਤ ਉਸ ਨੂੰ ਉਸਦੇ ਗਹਿਣਿਆਂ ਕਾਰਨ ਪਸੰਦ ਸੀ/ਹੈ? ਸ਼ਾਇਦ ਕੋਈ ਲਾਲਚੀ ਬੰਦਾ ਇਹ ਕਹਿ ਵੀ ਦੇਵੇ, ਪਰ ਉਸਦੀ ਪੋਲ ਖੁੱਲ੍ਹਣ ਨੂੰ ਵੀ ਦੇਰ ਨੀ ਲੱਗਣੀ। ਇੱਕ ਗੋਰੇ ਮਖੌਲੀਏ ਨੇ ਇੱਕ ਟੀਵੀ ਸ਼ੋਅ ਵਿਚ (ਜਿਸ ਵਿਚ ਜ਼ਿਆਦਾਤਰ ਔਰਤਾਂ ਬੈਠੀਆਂ ਸਨ) ਕਿਹਾ ਕਿ ਸਾਨੂੰ ਮਰਦਾਂ ਨੂੰ ਬਿਸਤਰਿਆਂ ਦੀਆਂ ਚਾਦਰਾਂ ਜਾਂ ਕਮਰਿਆਂ ਦੇ ਪੜਦੇ ਬਦਲਿਆਂ 'ਚ ਕੋਈ ਦਿਲਚਸਪੀ ਨਹੀਂ ਹੁੰਦੀ, ਬਾਕੀ ਤੁਸੀਂ ਸਮਝਦਾਰ ਹੀ ਹੋ ਕਿ ਅਸੀਂ ਤਾਰੀਫ਼ ਕਿਉਂ ਕਰਦੇ ਹਾਂ? ਗਹਿਣੇ, ਸੁਰਖੀ/ਲਿਪਸਟਿਕ, ਸੁਰਮਾ ਆਦਿ ਵੀ ਉਸੇ ਸ਼੍ਰੇਣੀ 'ਚ ਆਉਂਦੇ ਹਨ। ਕਈ ਸਮਾਜੀ-ਗੁੱਟਾਂ 'ਚ ਤਾਂ ਅਜਿਹੇ ਕੰਮਾਂ ਨੂੰ ਹੋਰ ਬਹੁਤ ਅੱਗੇ ਲੈ ਗਏ ਹਨ, ਜਿਵੇਂ ਕਾਫ਼ੀ ਮੁਸਲਿਮ ਸੱਭਿਆਚਾਰਾਂ ਵਿਚ ਔਰਤਾਂ ਨੂੰ ਬੁਰਕੇ ਪਹਿਨਣ ਦੀ ਹਦਾਇਤ ਹੈ। ਉਹ ਬੁਰਕੇ ਬਗੈਰ ਬਾਹਰ ਹੀ ਨਹੀਂ ਨਿੱਕ਼ਲ ਸਕਦੀਆਂ। ਅਫ਼ਗਾਨਿਸਤਾਨ ਦੀ ਤਾਲਿਬਾਨੀ ਸਰਕਾਰ ਨੇ ਇਨ੍ਹਾਂ ਬੰਦਿਸ਼ਾਂ ਨੂੰ ਆਖਰ ਹੀ ਬਖਸ਼ ਦਿੱਤੀ ਹੈ। ਚੰਗੀਆਂ ਭਲੀਆਂ ਸਰਕਾਰੀ ਨੌਕਰੀਆਂ 'ਤੇ ਲੱਗੀਆਂ ਔਰਤਾਂ ਨੂੰ ਘਰਾਂ 'ਚ ਬਿਠਾ ਦਿੱਤਾ ਹੈ। ਕੁੜੀਆਂ ਨੂੰ ਪੜ੍ਹਨ ਦੀ ਮਨਾਹੀ ਹੈ। ਇਹ ਸਭ ਉਨ੍ਹਾਂ ਨੂੰ ਮਰਦਾਂ 'ਤੇ ਨਿਰਭਰ ਹੋਣ-ਰਹਿਣ ਲਈ ਕਰਿਆ ਹੋਇਆ ਹੀ ਸਮਝ ਆ ਸਕਦਾ ਹੈ।

ਸਾਨੂੰ ਭੁੱਲਣਾ ਨਹੀਂ ਚਾਹੀਦਾ ਕਿ ਹਰ ਉਮਰ ਦੇ ਨਾ਼ਲ ਜੋ ਵੀ ਸਾਡੇ ਰੰਗ-ਰੂਪ ਦਾ ਨਜ਼ਾਰਾ ਹੁੰਦਾ ਹੈ ਉਹ ਅਨੁਕੂਲ ਹੀ ਹੁੰਦਾ ਹੈ। ਉਸ ਨੂੰ ਬਦਲਣ ਦੀ ਕੋਸ਼ਿਸ਼ ਤੁਹਾਨੂੰ ਕਈ ਤਰ੍ਹਾਂ ਦੀ ਤਕਲੀਫ਼ ਦੇ ਸਕਦੀ ਹੈ। ਕੁਦਰਤੀ ਤੌਰ 'ਤੇ ਬੰਦੇ ਦੀ ਦਾਹੜੀ ਤੇ ਅੰਦਰੂਨੀ ਬਣਤਰ ਮੁਤਾਬਕ ਸਟੀਰੌਇਡਾਂ ਕਾਰਨ ਸਾਡੇ ਮਜ਼ਬੂਤ ਪੱਠੇ (ਮਸਲ) ਸਾਨੂੰ ਵੀ ਜਾਨਵਰਾਂ ਦੇ ਤੁਲ ਹੀ ਦਰਸਾ ਰਹੇ ਹਨ। ਬੱਬਰ ਸ਼ੇਰ ਦੀ ਗਰਦਣ ਦੁਆ਼ਲੇ ਲੰਬੇ ਵਾ਼ਲ ਸਾਡੀ ਦਾਹੜੀ ਦੇ ਤੁਲ ਹਨ। ਸੋ ਕੁਦਰਤੀ ਤਾਂ ਸਾਡੀ ਬੰਦਿਆਂ ਦੀ ਮਜਬੂਰੀ ਹੈ ਆਪਣੀ ਤਾਕਤ ਜਾਂ ਖ਼ੂਬਸੂਰਤੀ ਦਿਖਾ ਕੇ ਔਰਤ ਜਾਂ ਔਰਤਾਂ ਨੂੰ ਆਪਣੇ ਵੱਲ ਖਿੱਚਣ ਦੀ। ਪਰ ਆਪਣੀ ਇਸ ਥੋੜ੍ਹੀ ਜਿਹੀ ਵਧੀਕ ਤਾਕਤ ਦਾ ਇਸਤੇਮਾਲ ਕਰਕੇ ਅਸੀਂ ਔਰਤਾਂ ਨੂੰ ਕਮਜ਼ੋਰ ਜਾਂ ਨੀਵਾਂ ਦਰਸਾਉਣ ਵੱਲ ਕਾਫ਼ੀ ਦਿਮਾਗ ਤੇ ਸਮਾਂ ਬਰਬਾਦ ਕਰ ਲਿਆ ਹੈ। ਅੱਜ-ਕੱਲ੍ਹ ਤਾਂ ਵਿਸ਼ਵ-ਪੱਧਰੀ ਔਰਤ ਖ਼ੂਬਸੂਰਤੀ ਮੁਕਾਬਲੇ ਵੀ ਸਿਰਜ ਲਏ ਨੇ ਜੋ ਇਸੇ ਦਿਸ਼ਾ ਵਿਚ ਇੱਕ ਹੋਰ ਮਿਸਲ/ਮਿਜ਼ਾਈਲ ਹੈ।

ਇਹ ਵੰਡੀਆਂ ਖੇਡ ਮੁਕਾਬਲਿਆਂ ਵਿਚ ਵੀ ਦੇਖੀਆਂ ਜਾ ਸਕਦੀਆਂ ਹਨ। ਸ਼ਤਰੰਜ ਵਰਗੀਆਂ ਖੇਡਾਂ ਜਿਸ ਵਿਚ ਜ਼ਿਆਦਾਤਰ ਦਿਮਾਗ ਦੀ ਹੀ ਵਰਤੋਂ ਹੁੰਦੀ ਹੈ ਹੁਣ ਤੱਕ ਵੀ ਔਰਤਾਂ ਤੇ ਮਰਦਾਂ ਲਈ ਕਿਉਂ ਵੱਖਰੀਆਂ ਹਨ? ਹਾਲਾਂਕਿ ਦੁਨੀਆਂ ਦੇ ਮਹਾਨ ਚੈੱਸ ਖਿਡਾਰੀ ਗੈਰੀ ਕੈਸਪਾਰੋਵ ਨਾ਼ਲ ਖੇਡ ਰਹੀ ਜੂਦਿਤ ਪੋਲਗਰ ਨੇ ਇੱਕ ਰੁਮਾਂਚਕ ਮੁਕਾਬਲੇ 'ਚ ਉਸਨੂੰ ਤਕੜੀ ਟੱਕਰ ਦਿੱਤੀ ਸੀ ਜਦੋਂ ਉਹ ਡੀਪ-ਬਲੂ ਵਰਗੇ ਕੰਪਿਊਟਰਾਂ ਨੂੰ ਵੀ ਮਾਤ ਦੇ ਚੁੱਕਿਆ ਸੀ। ਹੰਗੇਰੀਅਨ ਪੋਲਗਰ ਭੈਣਾਂ (ਸੂਜ਼ਨ, ਸੋਫ਼ੀਆ ਤੇ ਜੂਦਿਤ) ਨੇ ਸ਼ਤਰੰਜ ਦੀ ਦੁਨੀਆਂ 'ਚ ਤਰਥੱਲੀ ਪਾ ਦਿੱਤੀ ਸੀ ਜਦੋਂ ਉਹ ਚੈੱਸ ਖੇਡਣ 'ਚ ਅੱਗੇ ਆਉਣ ਲੱਗੀਆਂ। ਅਜੇ ਤੱਕ ਸ਼ਤਰੰਜ ਵਿਕਾਸ ਵਿਚ ਇਹ ਭੈਣਾਂ ਹਿੱਸਾ ਪਾ ਰਹੀਆਂ ਹਨ।

ਸਾਨੂੰ ਸਭ ਨੂੰ, ਪਰ ਖਾਸ ਕਰਕੇ ਔਰਤਾਂ ਨੂੰ ਇਸ ਪਾਸੇ ਖ਼ਾਸ ਖਿਆਲ ਕਰਨਾ ਚਾਹੀਦਾ ਹੈ ਕਿ ਫਾਲਤੂ ਦਿਖਾਵੇ ਲਈ ਬਣਾਏ ਗਹਿਣੇ ਅਤੇ ਰਿਵਾਜ ਜਾਣੀ ਕਿ ਉਨ੍ਹਾਂ ਨੂੰ ਕਾਬੂ ਕਰਨ ਲਈ ਬਣਾਏ ਗਏ ਸੰਦ ਹੁਣ ਛੱਡ ਦੇਣੇ ਚਾਹੀਦੇ ਹਨ। ਇਹ ਸਭ ਸਾਡੇ ਹਿਸਾਬ ਨਾ਼ਲ ਸਮਾਜਿਕ ਤਰੱਕੀ ਦੇ ਰਾਹ ਦਾ ਰੋੜਾ ਹਨ ਅਤੇ ਸਾਡੇ ਸ੍ਰੋਤਾਂ ਤੇ ਸਮੇਂ ਨੂੰ ਵਿਅਰਥ ਗੁਆਉਣ ਦੇ ਤਰੀਕੇ ਹਨ।

***ਹਵਾਲੇ:***

ਬੋਕ ਕ੍ਰਿਸਟੀਨ (1984)Male displays and female preferences in the courtship of a gregarious cricket .Animal Behaviour, Volume 32, Issue 3, August 1984, Pages 690-697[

ਰਿਬੈਕਾ ਰੌਸ ਰਸਲ (2010) Gender and Jewelry: A Feminist Analysis By (Rebecca Ross Russell) . https://www.amazon.ca/Gender-Jewelry-Rebecca-Ross-Russell/dp/1452882533

Irving, Georga (1932). 'History of jewelry.'

ਵਿਰਲੀ, ਤੇਜਿੰਦਰ (2025) ਔਰਤਾਂ 'ਤੇ ਤਸ਼ੱਦਦ ਦੀ ਗਾਥਾ, ਲੋਹੇ ਦੀਆਂ ਕਮਰ-ਪੇਟੀਆਂ। ਨਵਾਂ ਜ਼ਮਾਨਾ 9 ਨਵੰਬਰ, 2025. ਸਫ਼ਾ 11.

---

***(ਪਿਛਲੇ ਸਫੇ ਦਾ ਬਾਕੀ)***

ਜਾਣਾ ਜੇ ਦਲਬੀਰ ਸਿੰਘ ਅੜਿੱਕਾ ਨਾ ਬਣਦਾ।

ਜੇ ਕਿਧਰੇ ਪੰਥ ਨੇ ਠਰੰਮੇ ਨਾਲ ਦਲਬੀਰ ਸਿੰਘ ਦੀ ਮਾਰਗ ਸੇਧ ਅਪਣਾਈ ਹੁੰਦੀ ਤਾਂ ਪੰਥਕ ਰਾਜਨੀਤੀ ਦੀ ਹਾਲਤ ਅੱਜ ਵਰਗੀ ਨਾ ਹੁੰਦੀ। ਪਰ ਜੇ ਤਾਂ ਜੇ ਹੀ ਹੁੰਦੀ ਹੈ, 'ਗਏ ਉਮਰ ਤੇ ਵਕਤ ਫਿਰ ਨਹੀ ਮੁੜਦੇ, ਗਏ ਕਰਮ ਤੇ ਭਾਗ ਨਾ ਆਂਵਦੇ ਨੇ।'

ਖੈਰ! ਸ. ਦਲਬੀਰ ਸਿੰਘ 'ਯਾਰੀ ਨਿਭਾਉਣ' ਲਈ ਸਰਗਰਮ ਵੀ ਰਿਹਾ ਅਤੇ ਸਮੇਂ ਦੀ ਲੋੜ ਅਨੁਸਾਰ ਖ਼ਾਮੋਸ਼ ਹੋਣ ਸਮੇਂ ਸਾਬਿਤ ਕਦਮੀਂ ਦੂਸਰਾ ਸਰਦਾਰ ਲਹਿਣਾ ਸਿੰਘ ਮਜੀਠੀਆ ਵੀ ਹੋ ਨਿਬੜਿਆ।

ਚੈਨਲ 'ਤੇ ਗੱਲਬਾਤ ਕਰਦਿਆਂ ਸ. ਜਸਪਾਲ ਸਿੰਘ ਸਿੱਧੂ ਨੇ ਬਿਲਕੁਲ ਠੀਕ ਕਿਹਾ ਕਿ ਪੰਥਕ ਰਾਜਨੀਤੀ ਲੋਕਤੰਤਰੀ ਲੀਹ ਤੋਂ ਉਦੋਂ ਹੀ ਉੱਖੜੀ ਜਦੋਂ ਸ. ਦਲਬੀਰ ਸਿੰਘ ਨੂੰ ਪੰਥਕ ਸਫਾਂ ਵਿਚੋਂ ਉਖੇੜਿਆ ਗਿਆ। ਜਿਸਦਾ ਅਸਲ ਭਾਵ ਇਹ ਜਾਪਦਾ ਹੈ ਕਿ ਲੋਕਤੰਤਰੀ ਲੀਹ 'ਤੇ ਉੱਸਰ ਰਹੀ ਬਦਲਵੀਂ ਪੰਥਕ ਰਾਜਨੀਤੀ ਨੂੰ ਉਖੇੜਨ ਲਈ ਸ. ਦਲਬੀਰ ਸਿੰਘ ਨੂੰ ਉਖੇੜਨਾ ਜ਼ਰੂਰੀ ਸੀ, ਸੋ ਉਖੇੜ ਦਿੱਤਾ ਗਿਆ। ਇਤਿਹਾਸ ਦਾ ਮਜ਼ਾਕ ਹੈ ਕਿ ਸਭ ਚੋਣਾਂ ਵਿਚ ਪੰਥਕ ਰਾਜਨੀਤੀ ਨੂੰ ਹਸਤੀਹੀਣ ਕਰਕੇ ਖਾਲਿਸਤਾਨੀ ਜ਼ਲਜ਼ਲੇ ਤੋਂ ਬਾਅਦ ਉਹੋ ਡਾ. ਸੋਹਣ ਸਿੰਘ ਸ਼੍ਰੋਮਣੀ ਕਮੇਟੀ ਦੀ ਚੋਣ ਲੜਦਾ ਹੈ ਅਤੇ ਹਾਰ ਜਾਂਦਾ ਹੈ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿਚ ਇਤਨੇ ਵੱਡੇ ਖੂਨੀ ਜ਼ਲਜ਼ਲੇ ਤੋਂ ਬਾਅਦ ਕਿਸੇ ਧਿਰ ਨੇ ਇਸ ਡਾ. ਸੋਹਣ ਸਿੰਘ ਦੀ ਜਵਾਬ ਤਲਬੀ ਤਾਂ ਕੀ ਕਰਨੀ ਸੀ, ਜੂਨ '84 ਤੋਂ 1992 ਤੱਕ ਚੋਣਾਂ ਦੀ ਰਾਜਨੀਤੀ ਦੇ ਬਾਈਕਾਟ ਦਾ ਪ੍ਰਮੁੱਖ ਸਿਧਾਂਤਕਾਰ ਅਤੇ ਭਾਜੀ ਦਲਬੀਰ ਸਿੰਘ ਵਾਂਗ ਹੀ ਸਾਬਕਾ ਕਾਮਰੇਡ ਸ. ਅਜਮੇਰ ਸਿੰਘ, ਡਾ. ਸੋਹਣ ਸਿੰਘ ਦੀ ਉਸੇ ਸੋਚ ਦਾ ਝੰਡਾ ਬਰਦਾਰ ਬਣਿਆ ਚਲਿਆ ਆ ਰਿਹਾ ਹੈ। ਇਸ ਪ੍ਰਥਾਏ ਜਸਪਾਲ ਸਿੰਘ ਸਿੱਧੂ ਦੀ 'ਸ. ਭਿੰਡਰਾਂਵਾਲੇ ਦੇ ਰੂਬਰੂ '84 ਦੀ ਪੱਤਰਕਾਰੀ' ਪੁਸਤਕ ਦੀ ਘੁੰਡ ਚੁਕਾਈ ਸਮੇਂ 4 ਜੂਨ 2016 ਨੂੰ ਪੰਜਾਬ ਭਵਨ ਵਿਖੇ ਗੋਸ਼ਟੀ ਦੌਰਾਨ 90 ਸਾਲਾਂ ਦੀ ਉਮਰ ਨੂੰ ਢੁਕੇ ਸ. ਦਲਬੀਰ ਸਿੰਘ ਵਲੋਂ 30-35 ਵਰ੍ਹੇ ਪਹਿਲਾਂ ਚਿਤਾਰੇ ਜਾਣ 'ਤੇ ਅਜਮੇਰ ਸਿੰਘ ਨੇ ਰੋਹ ਵਿਚ ਆ ਕੇ ਇਕ ਦੋ ਦਿਨ ਪਿੱਛੋਂ ਉਸੇ ਭਵਨ ਵਿਚ ਦਲਬੀਰ ਸਿੰਘ ਦੀ ਭਰੀ ਸਭਾ ਵਿਚ ਬੁਰੀ ਤਰ੍ਹਾਂ ਖੁੰਬ ਠੱਪੀ ਸੀ ਤੇ ਕਿਸੇ ਨੇ ਕਿੰਤੂ ਤਕ ਕਰਨ ਦੀ ਜੁਰਅਤ ਨਹੀਂ ਸੀ ਕੀਤੀ।

ਸ. ਦਲਬੀਰ ਸਿੰਘ ਅੱਜ ਇਸ ਦੁਨੀਆਂ 'ਤੇ ਨਹੀਂ ਹਨ। ਪਰ ਗੁਰੂ ਆਸ਼ੇ ਅਨੁਆਰ ਬਦਲਵੀਂ ਪੰਥਕ ਰਾਜਸੀ ਧਿਰ ਨੂੰ ਲੋਕਤੰਤਰੀ ਲੀਹਾਂ 'ਤੇ ਮੁੜ ਉਸਾਰਨ ਦੀ ਉਨ੍ਹਾਂ ਦੀ ਮਾਰਗ ਸੇਧ ਅੱਜ ਵੀ ਉਤਨੀ ਹੀ ਸਾਰਥਕ ਹੈ ਜਿੰਨੀ ਪਹਿਲਾਂ ਸੀ।

---

## ***ਕਾਰ ਧਮਾਕੇ ਦੇ ਗ਼ਰਦ-ਗ਼ੁਬਾਰ***

***(ਸਫਾ 11 ਦਾ ਬਾਕੀ)***

ਮੁਸਲਮਾਨਾਂ ਲਈ ਅਪਮਾਨਜਨਕ ਸ਼ਬਦ) ਨੂੰ ਚੈਨ ਨਾਲ ਨਹੀਂ ਜੀਣ ਦੇਵੇਗਾ। ਪਿਛਲੇ ਸਾਲ ਸੁਪਰੀਮ ਕੋਰਟ ਦੇ 'ਬੁਲਡੋਜ਼ਰ ਕਾਰਵਾਈ' ਨਾ ਕਰਨ ਦੇ ਹੁਕਮਾਂ ਦੇ ਬਾਵਜੂਦ ਸਿਰਫ਼ ਬੰਗਲਾਦੇਸ਼ੀ ਮੁਸਲਮਾਨਾਂ ਦੇ ਘਰ ਤੋੜੇ ਗਏ। ਅਸਾਮ ਵਿਚ ਭਾਜਪਾ ਨੇ ਸੱਤਾ 'ਚ ਆ ਕੇ 2016-2024 ਦਰਮਿਆਨ 10620 ਪਰਿਵਾਰਾਂ ਨੂੰ ਉਜਾੜਿਆ ਹੈ। ਮੁਲਕ ਦੇ ਵੱਖ-ਵੱਖ ਹਿੱਸਿਆਂ ਵਿਚ ਵਸੇ ਸ਼ਰਣਾਰਥੀਆਂ ਦੇ ਘਰ ਗ਼ੈਰਕਾਨੂੰਨੀ ਘੁਸਪੈਠੀਏ ਦਾ ਠੱਪਾ ਲਾ ਕੇ ਤੋੜੇ ਜਾਂਦੇ ਹਨ ਅਤੇ ਕਸ਼ਮੀਰੀ ਤੇ ਹੋਰ ਮੁਸਲਮਾਨਾਂ ਦੇ ਦਹਿਸ਼ਤਗਰਦ ਤੇ ਦੰਗਈ ਹੋਣ ਦਾ ਠੱਪਾ ਲਾ ਕੇ।

'ਕਾਨੂੰਨ ਦਾ ਰਾਜ', 'ਸੰਵਿਧਾਨ ਨੂੰ ਮੰਨਣ' ਦੀਆਂ ਨਸੀਹਤਾਂ ਦੇਣ ਵਾਲੀ 'ਮੁੱਖਧਾਰਾ' ਦਾ ਕੋਈ ਵੀ ਹਿੱਸਾ ਇਹ ਸਵਾਲ ਨਹੀਂ ਕਰ ਰਿਹਾ ਕਿ ਅਦਾਲਤੀ ਪ੍ਰਕਿਰਿਆ ਅਪਣਾਏ ਤੋਂ ਬਿਨਾਂ ਹੀ ਪੁਲਿਸ ਵੱਲੋਂ ਕਿਸੇ ਦਾ ਘਰ ਢਾਹੁਣਾ ਕਾਨੂੰਨ ਦਾ ਰਾਜ ਕਿਵੇਂ ਹੈ? ਕਿਸੇ 'ਦੋਸ਼ੀ' ਦੇ ਜੁਰਮ ਦੀ ਸਮੂਹਿਕ ਸਜ਼ਾ ਉਸਦੇ ਪਰਿਵਾਰ ਨੂੰ ਦੇਣਾ ਅਤੇ ਕਹਿਰ ਦੀ ਸਰਦੀ ਵਿਚ ਪਰਿਵਾਰ ਨੂੰ ਘਰੋਂ ਬੇਘਰ ਕਰ ਦੇਣਾ ਕਿਸ ਕਾਨੂੰਨ ਦੇ ਤਹਿਤ ਹੈ?

ਇਹ ਫਾਸ਼ੀਵਾਦੀ ਰਾਜ ਦੀ ਆਏ ਦਿਨ ਉਘੜ ਰਹੀ ਹਕੀਕਤ ਹੈ ਅਤੇ ਆਰਐੱਸਐੱਸ-ਭਾਜਪਾ 'ਸਭ ਤੋਂ ਵੱਡਾ ਲੋਕਤੰਤਰ' ਦਾ ਮੁਖੌਟਾ ਪਾ ਕੇ ਆਪਣੇ ਫਾਸ਼ੀਵਾਦੀ ਪ੍ਰੋਜੈਕਟ ਨੂੰ ਅੰਜਾਮ ਦੇ ਰਹੀ ਹੈ। ਅਵਾਮ ਚੋਣਾਂ, ਢੌਂਗੀ ਲੋਕਤੰਤਰ, ਲੋਕ-ਲੁਭਾਊ ਵਾਅਦਿਆਂ/ਸਕੀਮਾਂ ਦੇ ਨਸ਼ੇ 'ਚ ਡੁੱਬਿਆ ਹੋਇਆ। ਕਾਰਪੋਰੇਟ ਅਤੇ ਹਿੰਦੂਤਵ ਦਾ ਗੱਠਜੋੜ ਮੁਲਕ ਨੂੰ ਨੋਚ-ਨੋਚ ਖਾ ਰਿਹਾ ਹੈ। ਜਦੋਂ ਅਵਾਮ ਅੱਖਾਂ ਖੋਹਲ ਕੇ ਇਸ ਹਕੀਕਤ ਨੂੰ ਬੁੱਝੇਗਾ, ਓਦੋਂ ਬਹੁਤ ਦੇਰ ਹੋ ਚੁੱਕੀ ਹੋਵੇਗੀ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ਸੀਸੁ ਦੀਆ ਪਰ ਸੀ ਨ ਉਚਰੀ॥



# ਨੌਵੇਂ ਪਾਤਸ਼ਾਹ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ!

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੁਆਰਾ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਇੱਕ ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ। ਗੁਰੂ ਸਾਹਿਬ ਜੀ ਦੁਆਰਾ ਹੋਰਨਾਂ ਦੇ ਧਰਮ, ਧਾਰਮਿਕ ਚਿੰਨ੍ਹਾਂ, ਧਾਰਮਿਕ ਅਜ਼ਾਦੀ ਤੇ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਤੀ ਗਈ ਸ਼ਹਾਦਤ ਕਾਰਨ ਹੀ, ਉਨ੍ਹਾਂ ਨੂੰ 'ਧਰਮ ਦੀ ਚਾਦਰ' ਕਿਹਾ ਜਾਂਦਾ ਹੈ।



## ਵਲੋਂ: ਡਾ. ਹਰਗੁਰਮੁਖਪਾਲ ਸਿੰਘ ਅਤੇ ਪਰਿਵਾਰ।

# ਦਿੱਲੀ ਲਾਲ ਕਿਲ੍ਹਾ ਧਮਾਕਾ 2025

**ਡਾ: ਦਲਵਿੰਦਰ ਸਿੰਘ ਗਰੇਵਾਲ**

10 ਨਵੰਬਰ, 2025 ਨੂੰ ਲਾਲ ਕਿਲ੍ਹਾ ਮੈਟਰੋ ਸਟੇਸ਼ਨ (ਗੇਟ 1) ਦੇ ਨੇੜੇ ਇੱਕ ਕਾਰ ਧਮਾਕੇ ਵਿਚ 13 ਲੋਕ ਮਾਰੇ ਗਏ ਅਤੇ 24 ਜ਼ਖਮੀ ਹੋਏ। ਮੁੱਢਲੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਡਾਕਟਰ ਉਮਰ ਨਬੀ (ਪੁਲਵਾਮਾ ਦੇ ਇੱਕ ਡਾਕਟਰ) ਦੁਆਰਾ ਚਲਾਈ ਜਾ ਰਹੀ ਹੁੰਡਈ ਆਈ20 ਵਿਚ ਸਮੇਂ ਤੋਂ ਪਹਿਲਾਂ ਬੰਬ ਧਮਾਕਾ ਹੋਇਆ ਸੀ। ਡਾਕਟਰ ਉਮਰ ਨਬੀ ਕਥਿਤ ਤੌਰ 'ਤੇ ਹੁੰਡਈ ਆਈ20 ਕਾਰ ਚਲਾ ਰਹੇ ਸਨ ਜਿਸਦੀ ਵਰਤੋਂ ਸੋਮਵਾਰ ਨੂੰ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਪਾਰਕਿੰਗ ਏਰੀਆ ਨੇੜੇ ਹੋਏ ਧਮਾਕੇ ਵਿਚ ਕੀਤੀ ਗਈ ਸੀ, ਜਿਸ ਵਿਚ ਘੱਟੋ-ਘੱਟ 12 ਲੋਕ ਮਾਰੇ ਗਏ ਸਨ। ਉਸ ਨੇ ਦੱਸਿਆ ਕਿ ਉਹ ਪੁਲਵਾਮਾ ਦੇ ਕੋਇਲ ਪਿੰਡ ਦਾ ਰਹਿਣ ਵਾਲਾ ਹੈ। ਪਿਤਾ ਨੇ ਅੱਗੇ ਕਿਹਾ ਕਿ ਉਸਨੇ ਆਪਣੀ ਡਾਕਟਰੀ ਦੀ ਪੜ੍ਹਾਈ ਇਲਾਹਾਬਾਦ ਤੋਂ ਪੂਰੀ ਕੀਤੀ ਸੀ। ਡਾਕਟਰ ਉਮਰ ਨਬੀ ਦੀ ਭਾਬੀ ਮੁਜ਼ਾਮਿਲ ਨੇ ਕਿਹਾ ਕਿ ਉਹ ਬਚਪਨ ਤੋਂ ਹੀ ਅੰਤਰਮੁਖੀ ਸੀ, ਉਸਦੇ ਬਹੁਤੇ ਦੋਸਤ ਨਹੀਂ ਸਨ ਅਤੇ ਉਹ ਆਪਣੀ ਪੜ੍ਹਾਈ ਅਤੇ ਕੰਮ 'ਤੇ ਧਿਆਨ ਕੇਂਦਰਿਤ ਕਰਦਾ ਸੀ।

'ਉਹ ਫਰੀਦਾਬਾਦ ਦੇ ਇੱਕ ਕਾਲਜ ਵਿਚ ਫੈਕਲਟੀ ਵਜੋਂ ਕੰਮ ਕਰ ਰਿਹਾ ਸੀ। ਉਸਨੇ ਸ਼ੁੱਕਰਵਾਰ ਨੂੰ ਫ਼ੋਨ ਕਰਕੇ ਕਿਹਾ ਕਿ ਉਹ ਪ੍ਰੀਖਿਆਵਾਂ ਵਿਚ ਰੁੱਝਿਆ ਹੋਇਆ ਹੈ ਅਤੇ ਤਿੰਨ ਦਿਨਾਂ ਬਾਅਦ ਘਰ ਵਾਪਸ ਆ ਜਾਵੇਗਾ। ਉਹ ਬਚਪਨ ਤੋਂ ਹੀ ਇੱਕ ਰਿਜ਼ਰਵ ਕਿਸਮ ਦਾ ਬੰਦਾ ਸੀ,' ਮੁਜ਼ਾਮਿਲ ਨੇ ਕਿਹਾ।

ਪੁਲਿਸ ਸੂਤਰਾਂ ਅਨੁਸਾਰ ਇਸ ਧਮਾਕੇ ਨਾਲ ਸਬੰਧਿਤ ਇਕ ਹੋਰ ਮੁਲਜ਼ਮ ਸ਼ਾਹੀਨ ਹੈ। ਮੰਨਿਆ ਜਾਂਦਾ ਹੈ ਕਿ ਸ਼ਾਹੀਨ ਦੇ ਡਾਕਟਰ ਮੁਜ਼ਾਮਿਲ ਨਾਲ ਸਬੰਧ ਹਨ, ਜਿਨ੍ਹਾਂ ਦੇ ਕਬਜ਼ੇ 'ਚੋਂ ਪਹਿਲਾਂ ਫਰੀਦਾਬਾਦ ਵਿਚ ਵੱਡੀ ਮਾਤਰਾ ਵਿਚ ਵਿਸਫੋਟਕ ਜ਼ਬਤ ਕੀਤੇ ਗਏ ਸਨ। ਮੁਜ਼ਾਮਿਲ ਜੰਮੂ ਅਤੇ ਕਸ਼ਮੀਰ ਪੁਲਿਸ ਨੂੰ ਪਾਬੰਦੀਸ਼ੁਦਾ ਸੰਗਠਨ ਜੈਸ਼-ਏ-ਮੁਹੰਮਦ ਦਾ ਸਮਰਥਨ ਕਰਨ ਵਾਲੀ ਇੱਕ ਸੋਸ਼ਲ ਮੀਡੀਆ ਪੋਸਟ ਨਾਲ ਸਬੰਧਤ ਇੱਕ ਵੱਖਰੇ ਮਾਮਲੇ ਵਿਚ ਲੋੜੀਂਦਾ ਸੀ। ਸ਼ਕਤੀਸ਼ਾਲੀ ਵਿਸਫੋਟਕਾਂ ਦੀ ਵਰਤੋਂ ਕੀਤੀ ਗਈ ਸੀ। ਮਾਮਲਾ ਰਾਸ਼ਟਰੀ ਜਾਂਚ ਏਜੰਸੀ ਐਨ.ਆਈ.ਏ. ਨੂੰ ਸੌਂਪਿਆ ਗਿਆ। ਯੂ.ਏ.ਪੀ.ਏ. (ਅੱਤਵਾਦ ਕਾਨੂੰਨ) ਅਤੇ ਵਿਸਫੋਟਕ ਐਕਟ ਤਹਿਤ ਐਫ.ਆਈ.ਆਰ. ਦਰਜ ਕੀਤੀ ਗਈ। 3 ਡਾਕਟਰ (2 ਫਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ ਤੋਂ) ਗ੍ਰਿਫਤਾਰ ਕੀਤੇ ਗਏ ਹਨ। ਡਰਾਈਵਰ ਦੀ ਪਛਾਣ ਦੀ ਪੁਸ਼ਟੀ ਕਰਨ ਲਈ ਡੀ.ਐਨ.ਏ. ਨਮੂਨੇ ਇਕੱਠੇ ਕੀਤੇ ਹਨ।

ਅਧਿਕਾਰੀਆਂ ਨੇ ਮੁੱਢਲੀ ਜਾਂਚ ਦੇ ਆਧਾਰ 'ਤੇ ਦਾਅਵਾ ਕੀਤਾ ਕਿ ਇੱਕ ਅੰਤਰ-ਰਾਜੀ ਅੱਤਵਾਦੀ ਮਾਡਿਊਲ ਦਾ ਪਰਦਾਫਾਸ਼ ਕਰਨ ਤੋਂ ਬਾਅਦ ਗ੍ਰਿਫ਼ਤਾਰ ਕੀਤੇ ਗਏ ਅੱਠ ਲੋਕਾਂ ਵਿਚ ਇੱਕ ਮਹਿਲਾ ਡਾਕਟਰ ਸ਼ਾਹੀਨ ਸਈਦ ਵੀ ਸ਼ਾਮਲ ਸੀ, ਜੋ ਕਿ ਪਿਛਲੇ ਮਹੀਨੇ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ ਦੁਆਰਾ ਸ਼ੁਰੂ ਕੀਤੀ ਗਈ ਨਵੀਂ ਬਣੀ ਸੰਸਥਾ ਜਮਾਤ-ਉਲ-ਮੋਮੀਨਾਤ ਦਾ ਹਿੱਸਾ ਸੀ। ਉਸ ਨੂੰ ਫਰੀਦਾਬਾਦ ਤੋਂ ਗ੍ਰਿਫਤਾਰ ਕੀਤਾ ਗਿਆ। ਅਧਿਕਾਰੀਆਂ ਨੇ ਦੋਸ਼ ਲਗਾਇਆ ਕਿ ਡਾ. ਸਈਦ, ਜੋ ਕਿ 30 ਕੁ ਸਾਲ ਦੀ ਉਮਰ ਦੀ ਹੈ ਅਤੇ ਫਰੀਦਾਬਾਦ ਦੀ ਅਲ-ਫਲਾਹ ਯੂਨੀਵਰਸਿਟੀ ਦਾ ਹਿੱਸਾ ਮੰਨੀ ਜਾਂਦੀ ਹੈ, ਪਾਕਿਸਤਾਨ ਵਿਚ ਆਪਣੇ ਹੈਂਡਲਰ ਦੇ ਸੰਪਰਕ ਵਿਚ ਸੀ ਅਤੇ ਅੱਤਵਾਦੀ ਗਤੀਵਿਧੀਆਂ ਲਈ ਵੱਧ ਤੋਂ ਵੱਧ ਔਰਤਾਂ ਦੀ ਭਰਤੀ ਕਰਨ ਦੀਆਂ ਸੰਭਾਵਿਤ ਹਦਾਇਤਾਂ ਦੇ ਨਾਲ ਸੀ। ਲਖਨਊ ਵਿਚ, ਉਸਦੇ ਪਿਤਾ ਨੇ ਅੱਤਵਾਦੀ ਗਤੀਵਿਧੀਆਂ ਵਿਚ ਉਸਦੀ ਸ਼ਮੂਲੀਅਤ ਬਾਰੇ ਆਪਣੀ ਅਣਜਾਣਤਾ ਦੀ ਦਲੀਲ ਦਿੱਤੀ ਅਤੇ ਕਿਹਾ ਕਿ ਉਸਨੂੰ ਉਸਦੀ ਗ੍ਰਿਫਤਾਰੀ ਬਾਰੇ ਮੀਡੀਆ ਰਾਹੀਂ ਹੀ ਪਤਾ ਲੱਗਾ ਸੀ।

ਜਮਾਤ-ਉਲ-ਮੋਮੀਨਾਤ ਦਾ ਗਠਨ ਪਾਬੰਦੀਸ਼ੁਦਾ ਜੈਸ਼-ਏ-ਮੁਹੰਮਦ ਵੱਲੋਂ ਆਪਣੀ ਮਹਿਲਾ ਇਕਾਈ ਬਣਾਉਣ ਦੇ ਫੈਸਲੇ ਤੋਂ ਬਾਅਦ ਕੀਤਾ ਗਿਆ ਸੀ। ਇਸ ਦੇ ਗਠਨ ਦਾ ਐਲਾਨ ਇਸ ਸਾਲ ਅਕਤੂਬਰ ਵਿਚ ਜੈਸ਼-ਏ-ਮੁਹੰਮਦ ਦੇ ਮੁਖੀ ਅਤੇ ਸੰਯੁਕਤ ਰਾਸ਼ਟਰ ਦੁਆਰਾ ਨਾਮਜ਼ਦ ਅੱਤਵਾਦੀ ਮਸੂਦ ਅਜ਼ਹਰ ਦੇ ਨਾਮ ਇੱਕ ਪੱਤਰ ਰਾਹੀਂ ਕੀਤਾ ਗਿਆ ਸੀ ਜਿਸ ਵਿਚ ਸਾਦੀਆ ਅਜ਼ਹਰ ਨੂੰ ਇਸਦਾ ਮੁਖੀ ਨਾਮਜ਼ਦ ਕੀਤਾ ਗਿਆ ਸੀ। ਸਾਦੀਆ ਯੂਸਫ਼ ਅਜ਼ਹਰ ਦੀ ਪਤਨੀ ਹੈ ਜੋ 7 ਮਈ ਨੂੰ ਆਪ੍ਰੇਸ਼ਨ ਸਿੰਦੂਰ ਦੌਰਾਨ ਮਾਰੇ ਗਏ ਬਹੁਤ ਸਾਰੇ ਲੋਕਾਂ ਵਿਚ ਸ਼ਾਮਲ ਸੀ, ਜਦੋਂ ਭਾਰਤ ਨੇ ਬਹਾਵਲਪੁਰ ਵਿਚ ਮਰਕਜ਼ ਸੁਭਾਨੱਲ੍ਹਾ ਵਿਖੇ ਜੈਸ਼-ਏ-ਮੁਹੰਮਦ ਦੇ ਮੁੱਖ ਦਫਤਰ 'ਤੇ ਹਮਲਾ ਕੀਤਾ ਸੀ। ਡਾ. ਸਈਦ ਦੀ ਕਥਿਤ ਭੂਮਿਕਾ ਤੋਂ ਸੰਕੇਤ ਮਿਲਦਾ ਹੈ ਕਿ ਜੈਸ਼-ਏ-ਮੁਹੰਮਦ ਇਸਲਾਮਿਕ ਸਟੇਟ ਆਫ਼ ਇਰਾਕ ਐਂਡ ਸੀਰੀਆ



**_ਭਾਰਤ ਦੀਆਂ ਸੁਰੱਖਿਆ ਅਤੇ ਸੂਹੀਆ ਏਜੰਸੀਆਂ ਨੂੰ ਹੋਰ ਸਾਵਧਾਨ ਹੋਣ ਦੀ ਜ਼ਰੂਰਤ ਹੈ ਕਿਉਂਕਿ ਪਾਕਿਸਤਾਨ ਦੀ ਆਈ ਐਸ ਆਈ ਏਜੰਸੀ ਲਗਾਤਾਰ ਆਪਣੀਆਂ ਗਤੀਵਿਧੀਆਂ ਵਧਾ ਰਹੀ ਹੈ। ਉਸ ਨੇ ਨਾ ਹੀ ਆਪਰੇਸ਼ਨ ਸੰਧੂਰ ਤੋਂ ਕੋਈ ਸਬਕ ਲਿਆ ਲਗਦਾ ਹੈ ਤੇ ਨਾ ਹੀ ਉਹ ਅਤਿਵਾਦੀ ਗਤੀਵਿਧੀਆਂ ਬੰਦ ਕਰਨ ਦਾ ਕੋਈ ਇਰਾਦਾ ਰਖਦਾ ਹੈ ਜਿਵੇਂ ਕਸ਼ਮੀਰ ਵਾਦੀ ਵਿਚ ਵਧਦੀਆਂ ਅਤਿਵਾਦੀ ਗਤੀਵਿਧੀਆਂ ਤੋਂ ਜ਼ਾਹਿਰ ਹੈ।_**

ਵਰਗੇ ਸਮੂਹਾਂ ਦੁਆਰਾ ਅਪਣਾਈ ਗਈ ਤਰਜ਼ 'ਤੇ ਮਹਿਲਾ ਹਮਲਾਵਰਾਂ ਨੂੰ ਭਰਤੀ ਕਰਨ ਦੀ ਆਈਐਸਆਈ ਨੀਤੀ ਦੀ ਪਾਲਣਾ ਕਰ ਰਿਹਾ ਹੈ ਜੋ ਲੜਾਈ ਜਾਂ ਆਤਮਘਾਤੀ ਕਾਰਵਾਈਆਂ ਵਿਚ ਔਰਤਾਂ ਦੀ ਵਰਤੋਂ ਕਰਦੇ ਸਨ।

ਅਧਿਕਾਰੀਆਂ ਨੇ ਕਿਹਾ ਕਿ ਇਸ ਘਟਨਾ ਨੇ ਜੰਮੂ-ਕਸ਼ਮੀਰ ਪੁਲਿਸ, ਕੇਂਦਰੀ ਸੁਰੱਖਿਆ ਏਜੰਸੀਆਂ ਅਤੇ ਜੰਮੂ-ਕਸ਼ਮੀਰ ਵਿਚ ਕੰਮ ਕਰ ਰਹੀ ਫੌਜ ਦੀ ਚਿੰਤਾ ਨੂੰ ਵੀ ਉਜਾਗਰ ਕੀਤਾ ਹੈ ਕਿ ਆਈਐਸਆਈ ਅੱਤਵਾਦੀ ਮਾਡਿਊਲ ਵਿਚ ਔਰਤਾਂ ਨੂੰ ਵਧੇਰੇ ਪ੍ਰਭਾਵਿਤ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜੰਮੂ-ਕਸ਼ਮੀਰ ਪੁਲਿਸ ਨੇ ਪਹਿਲਾਂ ਹੀ ਕਈ ਵਿਦਿਅਕ ਸੰਸਥਾਵਾਂ, ਖਾਸ ਕਰਕੇ ਪ੍ਰਾਈਵੇਟ ਸਕੂਲਾਂ 'ਤੇ ਆਪਣੀ ਨਿਗਰਾਨੀ ਤੇਜ਼ ਕਰ ਦਿੱਤੀ ਹੈ, ਕਿਉਂਕਿ ਨੌਜਵਾਨ ਮਨਾਂ, ਖਾਸ ਕਰਕੇ ਵਿਦਿਆਰਥਣਾਂ ਵਿਚ ਕਥਿਤ ਕੱਟੜਪੰਥੀ ਹੋਣ ਦੀਆਂ ਚਿੰਤਾਵਾਂ ਵਧ ਰਹੀਆਂ ਹਨ।

ਅਧਿਕਾਰੀਆਂ ਨੇ ਕਿਹਾ ਕਿ ਕਸ਼ਮੀਰ ਦੇ ਕੁਝ ਨਿੱਜੀ ਸਕੂਲਾਂ ਤੋਂ ਪਰੇਸ਼ਾਨ ਕਰਨ ਵਾਲੀ ਜਾਣਕਾਰੀ ਆ ਰਹੀ ਹੈ ਜੋ ਕਥਿਤ ਤੌਰ 'ਤੇ ਨੌਜਵਾਨਾਂ, ਖਾਸ ਕਰਕੇ ਔਰਤਾਂ ਵਿਚ ਕੱਟੜਪੰਥੀ ਵਿਚਾਰਧਾਰਾਵਾਂ ਫੈਲਾਉਣ ਵਿਚ ਸ਼ਾਮਲ ਸਨ। ਔਰਤਾਂ ਵਿਚ ਕੱਟੜਪੰਥੀ ਰੁਝਾਨ ਵਿਚ ਵਾਧੇ ਨੇ ਕੁਝ ਸਾਬਕਾ ਵੱਖਵਾਦੀ ਸਮੂਹਾਂ ਨੂੰ ਵੀ ਸ਼ੁਰੂ ਕਰ ਦਿੱਤਾ ਹੈ ਕਿਉਂਕਿ ਉਹ ਚਿੰਤਤ ਹਨ ਕਿ ਕੰਟਰੋਲ ਰੇਖਾ ਦੇ ਦੂਜੇ ਪਾਸੇ ਤੋਂ ਇੱਕ ਹੋਰ ਧਾਰਮਿਕ ਕੱਟੜਪੰਥੀ ਲਹਿਰ, ਘਾਟੀ ਦੀ ਸਦੀਆਂ ਪੁਰਾਣੀ 'ਸੂਫੀ' ਪਰੰਪਰਾ ਨੂੰ ਅਸਥਿਰ ਕਰ ਦੇਵੇਗੀ।

ਅਧਿਕਾਰੀਆਂ ਨੇ ਘਾਟੀ ਵਿਚ ਨੌਜਵਾਨਾਂ, ਜਿਨ੍ਹਾਂ ਵਿਚ ਕੁੜੀਆਂ ਵੀ ਸ਼ਾਮਲ ਹਨ, ਵਿਚ ਪੈਨ-ਇਸਲਾਮਵਾਦੀ ਸੋਚ ਵਿਚ ਅਚਾਨਕ ਵਾਧਾ ਹੋਣ ਦਾ ਸੰਕੇਤ ਦਿੱਤਾ ਕਿਉਂਕਿ ਖੁਫੀਆ ਰਿਪੋਰਟਾਂ ਤੋਂ ਪਤਾ ਚੱਲਦਾ ਹੈ ਕਿ ਕੱਟੜ ਧਾਰਮਿਕ ਆਗੂ ਉਨ੍ਹਾਂ ਨੂੰ ਇਸਲਾਮ ਦੀ ਇੱਕ ਸਖ਼ਤ ਵਿਆਖਿਆ ਨਾਲ ਪ੍ਰੇਰਿਤ ਕਰ ਰਹੇ ਹਨ ਜੋ ਰਵਾਇਤੀ ਕਸ਼ਮੀਰੀ ਅਭਿਆਸਾਂ ਨੂੰ ਰੱਦ ਕਰਦੀ ਹੈ, ਜਿਵੇਂ ਕਿ ਸੂਫੀ ਸੰਤਾਂ ਦੇ ਧਾਰਮਿਕ ਸਥਾਨਾਂ 'ਤੇ ਜਾਣਾ ਅਤੇ ਮੱਥਾ ਟੇਕਣਾ।

ਅਧਿਕਾਰੀਆਂ ਨੇ ਕਿਹਾ ਕਿ ਕਸ਼ਮੀਰ ਘਾਟੀ ਦੀ ਵਿਦਿਅਕ ਪ੍ਰਣਾਲੀ ਨੂੰ ਅਟੱਲ ਤੌਰ 'ਤੇ ਨੁਕਸਾਨ ਪਹੁੰਚਾਇਆ ਗਿਆ ਹੈ, ਜੋ ਵਾਰ-ਵਾਰ ਵਿਦਿਆਰਥੀਆਂ ਨੂੰ ਭਵਿੱਖ ਦੇ ਦ੍ਰਿਸ਼ਟੀਕੋਣ ਨਾਲ ਪੇਸ਼ ਕਰਨ ਵਿਚ ਅਸਮਰੱਥ ਸਾਬਤ ਹੋ ਰਿਹਾ ਹੈ ਅਤੇ ਇਸ ਤਰ੍ਹਾਂ ਇਸਲਾਮ ਦੀ ਇੱਕ ਸ਼ਰਨ ਵਜੋਂ ਸਖ਼ਤ ਵਿਆਖਿਆ ਦਾ ਸਹਾਰਾ ਲੈ ਰਿਹਾ ਹੈ।

ਦਿੱਲੀ, ਮੁੰਬਈ, ਹੈਦਰਾਬਾਦ ਅਤੇ ਹੋਰ ਸ਼ਹਿਰਾਂ ਵਿਚ ਹਾਈ ਅਲਰਟ ਕੀਤਾ ਗਿਆ ਤੇ ਟ੍ਰਾਂਸਪੋਰਟ ਕੇਂਦਰਾਂ ਅਤੇ, ਬਾਜ਼ਾਰਾਂ ਵਿਚ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ। ਜਾਂਚ ਜਾਰੀ ਹੈ; ਲਾਲ ਕਿਲ੍ਹਾ 13 ਨਵੰਬਰ ਤੱਕ ਬੰਦ ਕੀਤਾ ਗਿਆ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ: 'ਦੋਸ਼ੀਆਂ ਨੂੰ ਏਜੰਸੀਆਂ ਦੇ ਪੂਰੇ ਗੁੱਸੇ ਦਾ ਸਾਹਮਣਾ ਕਰਨਾ ਪਵੇਗਾ।' ਪ੍ਰਧਾਨ ਮੰਤਰੀ ਮੋਦੀ ਨੇ ਕਿਹਾ: 'ਇਹ ਇੱਕ ਸਾਜ਼ਿਸ਼ ਸੀ ਜਿਸ ਦੇ ਦੋਸ਼ੀਆਂ ਨੂੰ ਨਹੀਂ ਬਖਸ਼ਾਂਗੇ।' ਦਿੱਲੀ ਸਰਕਾਰ ਵਲੋਂ ਮ੍ਰਿਤਕਾਂ ਲਈ 10 ਲੱਖ ਤੇ ਜ਼ਖਮੀਆਂ ਲਈ 2 ਲੱਖ ਰੁਪਏ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਗਿਆ ਹੈ। ਯੂਕੇ ਨੇ ਪ੍ਰਭਾਵਿਤ ਖੇਤਰਾਂ ਦੀ ਯਾਤਰਾ ਵਿਰੁੱਧ ਚੇਤਾਵਨੀ ਦਿੱਤੀ ਹੈ।

ਭਾਰਤ ਦੀਆਂ ਸੁਰੱਖਿਆ ਅਤੇ ਸੂਹੀਆ ਏਜੰਸੀਆਂ ਨੂੰ ਹੋਰ ਸਾਵਧਾਨ ਹੋਣ ਦੀ ਜ਼ਰੂਰਤ ਹੈ ਕਿਉਂਕਿ ਪਾਕਿਸਤਾਨ ਦੀ ਆਈ ਐਸ ਆਈ ਏਜੰਸੀ ਲਗਾਤਾਰ ਆਪਣੀਆਂ ਗਤੀਵਿਧੀਆਂ ਵਧਾ ਰਹੀ ਹੈ। ਉਸ ਨੇ ਨਾ ਹੀ ਆਪਰੇਸ਼ਨ ਸੰਧੂਰ ਤੋਂ ਕੋਈ ਸਬਕ ਲਿਆ ਲਗਦਾ ਹੈ ਤੇ ਨਾ ਹੀ ਉਹ ਅਤਿਵਾਦੀ ਗਤੀਵਿਧੀਆਂ ਬੰਦ ਕਰਨ ਦਾ ਕੋਈ ਇਰਾਦਾ ਰਖਦਾ ਹੈ ਜਿਵੇਂ ਕਸ਼ਮੀਰ ਵਾਦੀ ਵਿਚ ਵਧਦੀਆਂ ਅਤਿਵਾਦੀ ਗਤੀਵਿਧੀਆਂ ਤੋਂ ਜ਼ਾਹਿਰ ਹੈ। ਮਹੱਤਵਪੂਰਨ ਇਹ ਹੈ ਪਾਕਿਸਤਾਨ ਵਿਚ ਫੌਜ ਨੂੰ ਵਧਾਈਆਂ ਜਾ ਰਹੀਆਂ ਸ਼ਕਤੀਆਂ ਤੋਂ ਜ਼ਾਹਿਰ ਹੈ ਕਿ ਪਾਕਿਸਤਾਨ ਕੁੱਝ ਨਾ ਕੁੱਝ ਹੋਰ ਵੱਡਾ ਕਰਨ ਲਈ ਤਿਆਰ ਹੋ ਰਿਹਾ ਹੈ ਜਿਸ ਨਾਲ ਪਾਕਿਸਤਾਨੀ ਸੈਨਾ ਮੁਖੀ ਮੁਨੀਰ ਲੋਕ ਰਾਜ ਨੂੰ ਫੌਜੀ ਰਾਜ ਵਿਚ ਬਦਲ ਸਕੇ। ਇਸ ਲਈ ਉਸਦਾ ਭਾਰਤ ਨਾਲ ਕੋਈ ਹੋਰ ਯੁੱਧ ਕਰਨ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ।

# ਮੈਂ ਈਵੀਐਮ ਬੋਲਦੀ ਹਾਂ... !

ਹੈਲੋ, ਮੈਂ ਈਵੀਐਮ ਹਾਂ। ਉਹ ਇਲੈਕਟ੍ਰਾਨਿਕ ਵੋਟਿੰਗ ਮਸ਼ੀਨ ਜਿਸ ਨੂੰ ਤੁਸੀਂ ਹਰ ਚੋਣ ਵਿਚ ਵੇਖਦੇ ਹੋ, ਛੂਹੰਦੇ ਹੋ ਅਤੇ ਵੋਟ ਪਾਉਂਦੇ ਹੋ। ਮੈਂ ਇੱਕ ਸਾਧਾਰਨ ਮਸ਼ੀਨ ਹਾਂ, ਪਰ ਮੇਰੇ ਨਾਲ ਜੁੜੀਆਂ ਕਹਾਣੀਆਂ ਬਹੁਤ ਗਹਿਰੀਆਂ ਅਤੇ ਵਿਵਾਦਪੂਰਨ ਹਨ। 14 ਨਵੰਬਰ 2025 ਨੂੰ ਬਿਹਾਰ ਚੋਣਾਂ ਦੇ ਨਤੀਜੇ ਸਮੇਂ ਮੈਂ ਆਪਣੀ ਜ਼ਿੰਦਗੀ ਦੀ ਪੂਰੀ ਕਹਾਣੀ ਤੁਹਾਡੇ ਸਾਹਮਣੇ ਖੁਦ ਰੱਖਣਾ ਚਾਹੁੰਦੀ ਹਾਂ। ਸ਼ੁਰੂਆਤ ਤੋਂ ਲੈ ਕੇ ਅੱਜ ਤੱਕ, ਜਿੱਥੇ ਮੈਂ ਬੇਗੁਨਾਹ ਵੀ ਬਣਦੀ ਰਹੀ ਹਾਂ ਅਤੇ ਗੁਨਾਹਗਾਰ ਵੀ ਬਣਦੀ ਰਹੀ ਹਾਂ। ਮੈਂ ਨਾ ਬੋਲ ਸਕਦੀ ਹਾਂ, ਨਾ ਰੋ ਸਕਦੀ ਹਾਂ, ਪਰ ਮੇਰੇ ਨਾਲ ਜੋ ਵਿਵਹਾਰ ਹੁੰਦਾ ਹੈ, ਉਹ ਤੁਹਾਨੂੰ ਸਭ ਕੁਝ ਦੱਸ ਦਿੰਦਾ ਹੈ। ਮੈਂ ਭਾਰਤੀ ਲੋਕਤੰਤਰ ਦੀ ਇੱਕ ਮਹੱਤਵਪੂਰਨ ਹਿੱਸੇਦਾਰ



**ਸੰਦੀਪ ਕੁਮਾਰ**
**ਫੋਨ: 70098-07121**

ਹਾਂ, ਪਰ ਹਰ ਵਾਰ ਜਿੱਤ-ਹਾਰ ਨਾਲ ਮੇਰਾ ਚਰਿੱਤਰ ਬਦਲ ਜਾਂਦਾ ਹੈ। ਆਓ, ਮੇਰੀ ਕਹਾਣੀ ਸੁਣੋ।

ਮੇਰੀ ਜਨਮ ਕੁੰਡਲੀ 1982 ਵਿਚ ਕੇਰਲ ਦੇ ਪਾਰੂਰ ਵਿਧਾਨ ਸਭਾ ਹਲਕੇ ਵਿਚ ਲਿਖੀ ਗਈ। ਉਸ ਵੇਲੇ ਚੋਣਾਂ ਵਿਚ ਬੈਲਟ ਪੇਪਰ ਹੁੰਦੇ ਸਨ, ਬੂਥ ਕੈਪਚਰਿੰਗ ਹੁੰਦੀ ਸੀ, ਬੈਲਟ ਬਾਕਸ ਭਰੇ ਜਾਂਦੇ ਸਨ, ਵੋਟਾਂ ਦੀ ਗਿਣਤੀ ਵਿਚ ਦਿਨ ਲੱਗ ਜਾਂਦੇ ਸਨ। ਮੈਨੂੰ ਪਾਇਲਟ ਪ੍ਰੋਜੈਕਟ ਵਜੋਂ ਲਿਆਂਦਾ ਗਿਆ ਤਾਂ ਜੋ ਚੋਣ ਪ੍ਰਕਿਰਿਆ ਸਾਫ਼ ਅਤੇ ਤੇਜ਼ ਹੋ ਸਕੇ। ਪਰ ਸੁਪਰੀਮ ਕੋਰਟ ਨੇ ਕਿਹਾ ਕਿ ਮੇਰੇ ਲਈ ਕਾਨੂੰਨੀ ਅਧਾਰ ਨਹੀਂ ਹੈ, ਇਸ ਲਈ ਮੇਰਾ ਪਹਿਲਾ ਪ੍ਰਯੋਗ ਰੱਦ ਹੋ ਗਿਆ। ਫਿਰ 1989 ਵਿਚ ਰਾਜੀਵ ਗਾਂਧੀ ਦੀ ਸਰਕਾਰ ਨੇ ਲੋਕ ਸਭਾ ਵਿਚ ਬਿੱਲ ਪਾਸ ਕੀਤਾ ਅਤੇ ਮੈਨੂੰ ਕਾਨੂੰਨੀ ਮਨਜ਼ੂਰੀ ਮਿਲ ਗਈ। ਸਾਲ 1990 ਦੇ ਦਹਾਕੇ ਵਿਚ ਮੈਂ ਹੌਲੀ-ਹੌਲੀ ਵੱਡੇ ਪੱਧਰ 'ਤੇ ਵਰਤੀ ਜਾਣ ਲੱਗੀ ਅਤੇ 2004 ਵਿਚ ਪੂਰੇ ਦੇਸ਼ ਵਿਚ ਮੇਰੇ ਨਾਲ ਹੀ ਲੋਕ ਸਭਾ ਚੋਣਾਂ ਹੋਈਆਂ। ਕਾਂਗਰਸ ਨੇ ਮੈਨੂੰ ਜਨਮ ਦਿੱਤਾ, ਪਰ ਬਾਅਦ ਵਿਚ ਸਾਰੀਆਂ ਪਾਰਟੀਆਂ ਨੇ ਮੈਨੂੰ ਅਪਣਾ ਲਿਆ। ਅੱਜ ਮੈਂ ਵੀਵੀਪੈਟ ਨਾਲ ਜੁੜ ਕੇ ਵੋਟਰ ਨੂੰ ਆਪਣੀ ਵੋਟ ਦੀ ਪੁਸ਼ਟੀ ਵੀ ਕਰਵਾਉਂਦੀ ਹਾਂ। ਮੈਂ ਸਟੈਂਡਅਲੋਨ ਮਸ਼ੀਨ ਹਾਂ, ਇੰਟਰਨੈੱਟ ਨਾਲ ਨਹੀਂ ਜੁੜਦੀ, ਵਾਇਰਲੈੱਸ ਨਹੀਂ, ਬਲੂਟੁੱਥ ਵਿਕਲਪ ਨਹੀਂ। ਇੱਕ ਵਾਰ ਪ੍ਰੋਗਰਾਮ ਹੋਣ ਤੋਂ ਬਾਅਦ ਮੈਂ ਬਦਲ ਨਹੀਂ ਸਕਦੀ। ਮੇਰੇ ਅੰਦਰ ਹਰ ਵੋਟ ਸੁਰੱਖਿਅਤ ਰਹਿੰਦੀ ਹੈ।

ਮੇਰੇ ਆਉਣ ਨਾਲ ਚੋਣ ਪ੍ਰਕਿਰਿਆ ਵਿਚ ਕ੍ਰਾਂਤੀ ਆ ਗਈ। ਪਹਿਲਾਂ ਜਿੱਥੇ ਬੈਲਟ ਪੇਪਰਾਂ ਦੀ ਲੁੱਟ ਹੁੰਦੀ ਸੀ, ਬੂਥ ਕੈਪਚਰ ਹੁੰਦੇ ਸਨ, ਚੋਣਾਂ ਰੱਦ ਹੋ ਜਾਂਦੀਆਂ ਸਨ, ਉੱਥੇ ਮੈਂ ਸਭ ਕੁਝ ਬਦਲ ਦਿੱਤਾ। ਵੋਟਾਂ ਦੀ ਗਿਣਤੀ ਘੰਟਿਆਂ ਵਿਚ ਹੋਣ ਲੱਗੀ, ਨਤੀਜੇ ਤੇਜ਼ੀ ਨਾਲ ਆਉਣ ਲੱਗੇ, ਪਾਰਦਰਸ਼ਿਤਾ ਵਧੀ। ਭਾਰਤ ਵਰਗੇ ਵਿਸ਼ਾਲ ਦੇਸ਼ ਵਿਚ ਜਿੱਥੇ 90 ਕਰੋੜ ਤੋਂ ਵੱਧ ਵੋਟਰ ਹਨ, ਮੈਂ ਚੋਣ ਪ੍ਰਬੰਧ ਨੂੰ ਸੌਖਾ ਬਣਾ ਦਿੱਤਾ। ਮੈਂ ਮਨੁੱਖੀ ਗਲਤੀਆਂ ਘਟਾਈਆਂ, ਸਮਾਂ ਬਚਾਇਆ ਅਤੇ ਲੋਕਤੰਤਰ ਨੂੰ ਮਜ਼ਬੂਤ ਕੀਤਾ। ਚੋਣ ਕਮਿਸ਼ਨ ਮੇਰੀ ਸੁਰੱਖਿਆ ਦੀ ਗੱਲ ਕਰਦਾ ਹੈ ਕਿ ਮੈਨੂੰ ਹੈਕ ਨਹੀਂ ਕੀਤਾ ਜਾ ਸਕਦਾ। ਪਰ ਫਿਰ ਵੀ, ਹਰ ਚੋਣ ਵਿਚ ਮੇਰੇ 'ਤੇ ਉਂਗਲ ਚੁੱਕੀ ਜਾਂਦੀ ਹੈ। ਜਦੋਂ ਕੋਈ ਪਾਰਟੀ ਮੇਰੇ ਨਾਲ ਜਿੱਤਦੀ ਹੈ, ਤਾਂ ਮੈਂ ਲੋਕਤੰਤਰ ਦੀ ਰਖਵਾਲੀ ਬਣ ਜਾਂਦੀ ਹਾਂ। ਉਹ ਮੇਰੀ ਸ਼ਲਾਘਾ ਕਰਦੇ ਹਨ, ਕਹਿੰਦੇ ਹਨ ਕਿ ਮੈਂ ਸਾਫ਼-ਸੁਥਰੀਆਂ ਚੋਣਾਂ ਕਰਵਾਈਆਂ। ਪਰ ਜਦੋਂ ਉਹੀ ਪਾਰਟੀ ਹਾਰ ਜਾਂਦੀ ਹੈ, ਤਾਂ ਮੈਂ ਗੁਨਾਹਗਾਰ ਬਣ ਜਾਂਦੀ ਹਾਂ। ਕਹਿੰਦੇ ਹਨ ਮੈਨੂੰ ਹੈਕ ਕੀਤਾ ਗਿਆ, ਮੈਂ ਧਾਂਦਲੀ ਕੀਤੀ, ਮੈਂ ਵੋਟਾਂ ਬਦਲ ਦਿੱਤੀਆਂ। ਇਹ ਦੋਗਲਾ ਰਵੱਈਆ ਮੇਰੇ ਲਈ ਦੁਖਦਾਈ ਹੈ। ਮੈਂ ਤਾਂ ਉਹੀ ਹਾਂ - ਨਾ ਬਦਲੀ, ਨਾ ਟੁੱਟੀ, ਨਾ ਹੈਕ ਹੋਈ। ਪਰ ਰਾਜਨੀਤਕ ਲਾਭ-




ਹਾਨੀ ਮੇਰਾ ਚਰਿੱਤਰ ਬਦਲ ਦਿੰਦੀ ਹੈ।

2 ਜੂਨ 2017 ਦਾ ਦਿਨ ਯਾਦ ਹੈ? ਚੋਣ ਕਮਿਸ਼ਨ ਨੇ ਸਾਰੀਆਂ ਪਾਰਟੀਆਂ ਨੂੰ ਬੁਲਾਇਆ ਅਤੇ ਕਿਹਾ ਕਿ ਆਓ, ਸਾਰਿਆਂ ਸਾਹਮਣੇ ਮੈਨੂੰ ਹੈਕ ਕਰਕੇ ਦਿਖਾਓ। ਮੈਨੂੰ ਅਤੇ ਵੀਵੀਪੈਟ ਨੂੰ ਉਪਲਬਧ ਕਰਵਾਇਆ ਗਿਆ। ਪਰ ਕੋਈ ਨਹੀਂ ਆਇਆ। ਮੇਰੇ ਸੰਬੰਧੀ ਨਾ ਕੋਈ ਵਿਗਿਆਨਕ ਤਰਕ, ਨਾ ਸਬੂਤ। ਫਿਰ ਵੀ ਵਿਰੋਧੀ ਧਿਰਾਂ ਨੇ ਮੀਡੀਆ ਵਿਚ, ਸੋਸ਼ਲ ਮੀਡੀਆ 'ਤੇ ਮੇਰੇ ਵਿਰੁੱਧ ਪ੍ਰਚਾਰ ਕੀਤਾ। ਵੀਡੀਓ ਵਾਇਰਲ ਹੁੰਦੇ ਹਨ ਜਿੱਥੇ ਪੁਰਾਣੀਆਂ ਜਾਂ ਫਰਜ਼ੀ ਮਸ਼ੀਨਾਂ ਨਾਲ ਮੈਨੂੰ ਟੈਂਪਰ ਕਰਨ ਦੇ ਦਾਅਵੇ ਕੀਤੇ ਜਾਂਦੇ ਹਨ। ਪਰ ਅਸਲ ਮੈਨੂੰ ਕੋਈ ਛੂਹ ਨਹੀਂ ਸਕਿਆ। ਮੈਂ ਸਟੈਂਡਅਲੋਨ ਹਾਂ, ਮੇਰੇ ਵਿਚ ਕੋਈ ਚਿੱਪ ਨਹੀਂ ਜੋ ਬਦਲੀ ਜਾ ਸਕੇ। ਫਿਰ ਵੀ ਇਲਜ਼ਾਮ ਲੱਗਦੇ ਰਹਿੰਦੇ ਹਨ। 14 ਨਵੰਬਰ 2025 ਨੂੰ ਬਿਹਾਰ ਵਿਧਾਨ ਸਭਾ ਚੋਣਾਂ ਦੇ ਰੁਝਾਨ ਆ ਰਹੇ ਸਨ। ਸ਼ੁਰੂ ਵਿਚ ਵਿਰੋਧੀ ਗਠਜੋੜ ਅੱਗੇ ਸੀ, ਪਰ ਜਿਵੇਂ-ਜਿਵੇਂ ਗਿਣਤੀ ਵਧੀ, ਸੱਤਾਧਾਰੀ ਐਨਡੀਏ ਨੇ ਇੱਕ ਪਾਸੜ ਹੂੰਝਾਫੇਰ ਲੀਡ ਲੈ ਲਈ। ਹੁਣ ਵਿਰੋਧੀ ਧਿਰ ਫਿਰ ਮੇਰੇ 'ਤੇ ਉਂਗਲ ਚੁੱਕ ਰਹੀ ਹੈ। ਕਹਿ ਰਹੀ ਹੈ ਕਿ ਮੈਨੂੰ ਹੈਕ ਕੀਤਾ ਗਿਆ, ਮੈਂ ਵੋਟਾਂ ਬਦਲ ਦਿੱਤੀਆਂ। ਪਰ ਕੀ ਉਹ ਭੁੱਲ ਗਏ ਕਿ ਉਨ੍ਹਾਂ ਦੀਆਂ ਸਰਕਾਰਾਂ ਵੀ ਮੇਰੇ ਨਾਲ ਹੀ ਬਣੀਆਂ ਸਨ? ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਕੇਰਲ ਵਿਚ ਲੈਫਟ, ਤਾਮਿਲਨਾਡੂ ਵਿਚ ਡੀਐਮਕੇ - ਸਾਰੀਆਂ ਮੇਰੇ ਨਾਲ ਜਿੱਤੀਆਂ, ਤਾਂ ਮੈਂ ਬੇਗੁਨਾਹ ਸੀ। ਪਰ ਲੋਕ ਸਭਾ ਚੋਣਾਂ ਵਿਚ ਹਾਰ 'ਤੇ ਮੈਂ ਗੁਨਾਹਗਾਰ ਹੋ ਗਈ। ਇਹ ਕੋਝੀ ਮਾਨਸਿਕਤਾ ਹੈ- ਹਾਰ ਨੂੰ ਸਵੀਕਾਰ ਨਹੀਂ ਕਰਨਾ ਅਤੇ ਆਪਣੀ ਨਾਕਾਮੀ ਨੂੰ ਮੇਰੇ 'ਤੇ ਥੋਪਣਾ।

ਮੈਂ ਦੇਖਦੀ ਹਾਂ ਕਿ ਇਹ ਵਿਵਾਦ ਲੋਕਤੰਤਰ ਨੂੰ ਕਮਜ਼ੋਰ ਕਰ ਰਿਹਾ ਹੈ। ਲੋਕਾਂ ਵਿਚ ਭਰਮ ਪੈਦਾ ਹੋ ਰਿਹਾ ਹੈ। ਉਹ ਸੋਚਦੇ ਹਨ ਕਿ ਜੇ ਈਵੀਐਮ 'ਤੇ ਸ਼ੱਕ ਹੈ ਤਾਂ ਚੋਣ ਪ੍ਰਕਿਰਿਆ 'ਤੇ ਵੀ ਸ਼ੱਕ ਹੈ। ਪਰ ਮੈਂ ਤਾਂ ਸਿਰਫ਼ ਇੱਕ ਸਾਧਨ ਹਾਂ। ਜਨਤਾ ਨੇ ਵੋਟ ਪਾਈ, ਮੈਂ ਉਨ੍ਹਾਂ ਨੂੰ ਗਿਣਿਆ। ਜੇ ਸਬੂਤ ਹਨ ਤਾਂ ਅਦਾਲਤ ਜਾਓ, ਮੀਡੀਆ ਵਿਚ ਸ਼ੋਰ ਨਾ ਮਚਾਓ। ਅਮਰੀਕਾ ਵਿਚ ਵੀ ਇਲੈਕਟ੍ਰਾਨਿਕ ਵੋਟਿੰਗ 'ਤੇ ਸ਼ੱਕ ਉੱਠੇ, ਪਰ ਉੱਥੇ ਵਿਗਿਆਨਕ ਜਾਂਚ ਹੋਈ, ਆਡਿਟ ਹੋਇਆ। ਇੱਥੇ ਮੈਨੂੰ ਰਾਜਨੀਤਕ ਹਥਿਆਰ ਬਣਾਇਆ ਜਾਂਦਾ ਹੈ। ਵਿਰੋਧੀ ਧਿਰ ਦਾ ਕੰਮ ਸੱਤਾਧਾਰੀ ਪਾਰਟੀ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨਾ ਹੈ, ਜਨਤਾ ਦੀਆਂ ਸਮੱਸਿਆਵਾਂ- ਬੇਰੋਜ਼ਗਾਰੀ, ਮਹਿੰਗਾਈ, ਕਿਸਾਨ, ਸਿੱਖਿਆ, ਸਿਹਤ 'ਤੇ ਧਿਆਨ ਦੇਣਾ ਹੈ। ਪਰ ਉਹ ਮੇਰੇ 'ਤੇ ਊਰਜਾ ਬਰਬਾਦ ਕਰਦੇ ਹਨ। ਇਸ ਨਾਲ ਉਨ੍ਹਾਂ ਦੀ ਭਰੋਸੇਯੋਗਤਾ ਘਟਦੀ ਹੈ, ਲੋਕ ਨਿਰਾਸ਼ ਹੁੰਦੇ ਹਨ। ਮੈਂ ਚਾਹੁੰਦੀ ਹਾਂ ਕਿ ਰਾਜਨੀਤਕ ਪਾਰਟੀਆਂ ਜਿੱਤ-ਹਾਰ ਨੂੰ ਸੱਚਾਈ ਨਾਲ ਸਵੀਕਾਰ ਕਰਨ, ਸਪੋਰਟਸਮੈਨ ਸਪਿਰਿਟ ਨਾਲ ਖੇਡਣ।

ਅੰਤ ਵਿਚ ਮੈਂ ਇਹੀ ਕਹਿਣਾ ਚਾਹੁੰਦੀ ਹਾਂ- ਮੈਂ ਇੱਕ ਮਸ਼ੀਨ ਹਾਂ। ਨਾ ਬੇਗੁਨਾਹ, ਨਾ ਗੁਨਾਹਗਾਰ। ਮੈਨੂੰ ਅਜਿਹਾ ਬਣਾਉਂਦੇ ਹੋ ਤੁਸੀਂ, ਤੁਹਾਡੀਆਂ ਸੋਚਾਂ, ਤੁਹਾਡੇ ਰਵੱਈਏ। ਜੇ ਤੁਸੀਂ ਅਸਲ ਮੁੱਦਿਆਂ 'ਤੇ ਧਿਆਨ ਦਿਓ, ਹਾਰ-ਜਿੱਤ ਨੂੰ ਸਵੀਕਾਰ ਕਰੋ, ਤਾਂ ਮੇਰੇ 'ਤੇ ਲੱਗਦੇ ਇਲਜ਼ਾਮ ਖ਼ਤਮ ਹੋ ਜਾਣਗੇ। ਲੋਕਤੰਤਰ ਦੀ ਖੂਬਸੂਰਤੀ ਜਨਤਾ ਦੇ ਫੈਸਲੇ ਵਿਚ ਹੈ, ਨਾ ਕਿ ਮੇਰੇ 'ਤੇ ਦੋਸ਼ ਲਗਾਉਣ ਵਿਚ। ਮੈਨੂੰ ਨਿਸ਼ਾਨਾ ਬਣਾਉਣ ਦੀ ਥਾਂ ਲੋਕਤੰਤਰ ਨੂੰ ਮਜ਼ਬੂਤ ਕਰੋ, ਜਨਤਾ ਦੀਆਂ ਉਮੀਦਾਂ 'ਤੇ ਖਰਾ ਉਤਰੋ, ਤਾਂ ਹੀ ਭਾਰਤੀ ਲੋਕਤੰਤਰ ਸੱਚਮੁੱਚ ਮਜ਼ਬੂਤ ਹੋਵੇਗਾ ਅਤੇ ਮੇਰੇ 'ਤੇ ਲੱਗਦੇ ਸਾਰੇ ਸ਼ੱਕ ਖ਼ਤਮ ਹੋ ਜਾਣ ਦੇ ਨਾਲ ਮੈਂ ਦੋਸ਼-ਮੁਕਤ ਹੋ ਜਾਵਾਂਗੀ।

# ਬਲਦੇਵ ਦੂਹੜੇ: ਇੱਕ ਤਰਕਸ਼ੀਲ, ਮਾਨਵਵਾਦੀ ਅਤੇ ਅਗਾਂਹਵਧੂ ਸ਼ਖ਼ਸੀਅਤ

ਹਰ ਇਨਸਾਨ ਆਪਣੇ ਜੀਵਨਕਾਲ ਦੌਰਾਨ ਆਪਣੇ ਪਰਿਵਾਰ ਅਤੇ ਸਮਾਜ ਵਾਸਤੇ ਯੋਗਦਾਨ ਪਾਉਣ ਲਈ ਯਤਨਸ਼ੀਲ ਰਹਿੰਦਾ ਹੈ। ਉਸ ਦੇ ਜਾਣ ਤੋਂ ਬਾਅਦ ਸਮਾਜ ਦੀ ਬਿਹਤਰੀ ਵਾਸਤੇ ਕੀਤੇ ਕੰਮਾਂ ਕਰਕੇ ਹੀ ਉਸ ਨੂੰ ਯਾਦ ਕੀਤਾ ਜਾਂਦਾ ਹੈ। ਇਸ ਸਬੰਧ ਵਿਚ ਬਲਦੇਵ ਦੂਹੜੇ ਦੀਆਂ ਲਿਖਤਾਂ ਅਤੇ ਹੋਰ ਕਾਰਵਾਈਆਂ ਦਾ ਜ਼ਿਕਰ ਇਸ ਲਿਖਤ ਵਿਚ ਕਰਨ ਦਾ ਯਤਨ ਕੀਤਾ ਗਿਆ ਹੈ। ਉਸ ਦਾ ਜਨਮ 5 ਨਵੰਬਰ 1945 ਨੂੰ ਪਿੰਡ ਦੂਹੜੇ ਜ਼ਿਲ੍ਹਾ ਜਲੰਧਰ, ਪੰਜਾਬ ਵਿਚ ਹੋਇਆ ਸੀ ਅਤੇ ਦਿਹਾਂਤ 4 ਨਵੰਬਰ 2025 ਨੂੰ ਗਲਫ਼, ਓਂਟਾਰੀਓ, ਕੈਨੇਡਾ ਵਿਚ ਹੋਇਆ। ਉਹ ਇੱਕ ਤਰਕਸ਼ੀਲ, ਮਾਨਵਵਾਦੀ ਅਤੇ ਅਗਾਂਹਵਧੂ ਚੇਤਨ ਇਨਸਾਨ ਸੀ। ਉਸ ਦੇ ਮਨ ਵਿਚ ਆਪਣੀ ਜਨਮ ਭੂਮੀ ਪੰਜਾਬ ਨਾਲ



ਸੁੱਚਾ ਸਿੰਘ ਗਿੱਲ

ਕਾਫ਼ੀ ਮੋਹ ਸੀ ਅਤੇ ਇਸ ਨੂੰ ਆਰਥਿਕ-ਸਮਾਜਿਕ ਵਿਕਾਸ ਵਿਚ ਤਰੱਕੀ ਕਰਦਾ ਵੇਖਣਾ ਚਾਹੁੰਦਾ ਸੀ। ਪਰ ਉਸ ਦੀ ਨਜ਼ਰ ਦਾ ਕੇਂਦਰ ਬਿੰਦੂ ਦੁਨੀਆਂ ਦੇ ਆਮ ਲੋਕ ਹੀ ਸਨ। ਉਹ ਸਰਬੱਤ ਦੇ ਭਲੇ ਵਿਚ ਵਿਸ਼ਵਾਸ ਰੱਖਦਾ ਸੀ।

ਬਲਦੇਵ ਦੂਹੜੇ ਵਲੋਂ 2009 ਵਿਚ ਐਕਸ 'ਤੇ ਪੋਸਟ ਕੀਤਾ ਗਿਆ ਸੀ ਕਿ 'ਉਹ ਦੋ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਰਿਹਾ ਸੀ: ਸੰਸਾਰ ਕਿਵੇਂ ਚਲਦਾ ਹੈ ਅਤੇ ਮਨ ਕਿਵੇਂ ਚਲਦਾ ਹੈ। ਇਹ ਦੋਵੇਂ ਆਪਸ ਵਿਚ ਇੱਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ'। ਇਨ੍ਹਾਂ ਸਵਾਲਾਂ ਦੇ ਜਵਾਬ ਲੱਭਣ ਵਾਸਤੇ ਉਸ ਨੇ ਫਿਲਾਸਫੀ, ਅਰਥ ਵਿਗਿਆਨ, ਰਾਜਨੀਤੀ ਵਿਗਿਆਨ ਅਤੇ ਪੰਜਾਬੀ ਸਾਹਿਤ ਦਾ ਅਧਿਐਨ ਕੀਤਾ। ਇਸ ਅਧਿਐਨ ਨੂੰ ਉਸ ਨੇ ਸਮਾਜ ਅਤੇ ਮਨੁੱਖਾਂ ਦੀਆਂ ਸਮਸਿਆਵਾਂ ਨੂੰ ਸਮਝਣ ਅਤੇ ਸੁਲਝਾਉਣ ਵਾਸਤੇ ਵਰਤਣ ਦਾ ਯਤਨ ਕੀਤਾ। ਆਪਣੇ ਬੌਧਿਕ ਵਿਚਾਰਾਂ ਦਾ ਪ੍ਰਗਟਾਵਾ ਵੀ ਉਸ ਵਲੋਂ ਸਮੇਂ ਸਮੇਂ 'ਤੇ ਕੀਤਾ ਗਿਆ ਸੀ।

ਦੂਹੜੇ ਦੇ ਪ੍ਰਕਾਸ਼ਤ ਲੇਖਾਂ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਉਸ ਨੂੰ ਬੁੱਧ, ਜੈਨ, ਹਿੰਦੂ, ਮੁਸਲਮ, ਈਸਾਈ ਅਤੇ ਸਿੱਖ ਧਰਮਾਂ ਅਤੇ ਕਨਫੂਸ਼ੀਅਸ ਦੇ ਵਿਚਾਰਾਂ ਬਾਰੇ ਕਾਫ਼ੀ ਗਿਆਨ ਸੀ। ਇਸ ਤੋਂ ਇਲਾਵਾ ਉਸ ਨੇ ਮਾਡਰਨ ਪੱਛਮੀ ਫ਼ਲਸਫ਼ੇ ਅਤੇ ਮਾਰਕਸਵਾਦ ਦਾ ਅਧਿਐਨ ਵੀ ਕੀਤਾ ਹੋਇਆ ਸੀ। ਇਸ ਗਿਆਨ ਬਾਰੇ ਕੈਨੇਡਾ ਤੋਂ ਛਪਦੇ ਰਸਾਲੇ ਵਤਨ ਵਿਚ ਪ੍ਰਕਾਸ਼ਿਤ ਉਸ ਦੇ ਲੇਖ (1992) 'ਸਦਾਚਾਰ: ਇਕ ਜਾਣ ਪਛਾਣ' ਤੋਂ ਮਿਲਦਾ ਹੈ। ਉਸ ਦਾ ਵਿਚਾਰ ਹੈ ਕਿ ਸਦਾਚਾਰ ਇਨਸਾਨ ਦੇ ਉਨ੍ਹਾਂ ਕਾਰਜਾਂ ਉਤੇ ਲਾਗੂ ਹੁੰਦਾ ਹੈ ਜੋ ਆਪਣੀ ਮਰਜ਼ੀ ਜਾਂ ਸੁਤੰਤਰ ਇੱਛਾ ਅਧੀਨ ਕੀਤੇ ਜਾਂਦੇ ਹੋਣ। ਉਸ ਨੇ ਲਿਖਿਆ ਹੈ ਕਿ ਹਰ ਇਨਸਾਨ ਸਿਰਫ਼ ਇਨਸਾਨ ਹੋਣ ਦੇ ਨਾਤੇ ਕੁੱਝ ਹੱਕ ਰਖਦਾ ਹੈ ਜਿਨ੍ਹਾਂ ਦੇ ਖੁੱਸਣ ਨਾਲ ਉਸ ਵਿਚ ਨਾਂਹਵਾਚਕ ਭਾਵਨਾ ਪੈਦਾ ਹੁੰਦੀ ਹੈ। ਉਸ ਦਾ ਵਿਚਾਰ ਹੈ ਕਿ ਸਦਾਚਾਰ ਨੂੰ ਮਨੁੱਖਤਾ/ਇਨਸਾਨੀਅਤ ਦੇ ਨਜ਼ਰੀਏ ਤੋਂ ਪਰਖਣਾ ਚਾਹੀਦਾ ਹੈ। ਗੁਰਮੀਤ ਪਨਾਗ ਦੀ ਪੁਸਤਕ ਮੁਰਗਾਬੀਆਂ (ਪੰਜਾਬ ਟਾਈਮਜ਼, ਅਕਤੂਬਰ 24, 2018) ਅਤੇ ਅਮਰਜੀਤ ਚਾਹਲ ਦੀ ਪੁਸਤਕ ਓਟ (ਪੰਜਾਬ ਟਾਈਮਜ਼, ਦਸੰਬਰ 1, 2021) ਦੇ ਮੁਲਾਂਕਣ ਵੀ ਇਸੇ ਨਜ਼ਰੀਏ ਤੋਂ ਕੀਤੇ ਨਜ਼ਰ ਆਉਂਦੇ ਹਨ।


ਆਪਣੇ ਲੇਖ 'ਮਾਰਕਸਵਾਦ ਦੀ ਸਾਰਥਿਕਤਾ' (ਸਿਰਜਣਾ, ਜੁਲਾਈ -ਸਤੰਬਰ 1999) ਵਿਚ ਦੂਹੜੇ ਪ੍ਰਤੀਮ ਸਿੰਘ ਨਾਲ ਸੰਵਾਦ ਰਚਾਉਂਦਾ ਨਜ਼ਰ ਆਉਂਦਾ ਹੈ। ਮਾਰਕਸਵਾਦ ਦੀ ਸਾਰਥਿਕਤਾ ਨੂੰ ਉਹ ਸਰਮਾਏਦਾਰੀ ਦੇ ਮੌਜੂਦਾ ਦੌਰ ਵਿਚ ਸਹੀ ਮੰਨਦਾ ਹੈ। ਸੋਵੀਅਤ ਯੂਨੀਅਨ ਦੇ ਖਤਮ ਹੋਣ ਤੋਂ ਬਾਅਦ ਵੀ ਮਾਰਕਸਵਾਦ ਨੂੰ ਆਮ ਲੋਕਾਂ ਦੀ ਮੁਕਤੀ ਲਈ ਜ਼ਰੂਰੀ ਸਿਧਾਂਤ ਮੰਨਦਾ ਹੈ। ਪ੍ਰੀਤਮ ਸਿੰਘ ਦੇ ਮਾਰਕਸਵਾਦ 'ਤੇ ਹਮਲੇ ਨੂੰ ਦਲੀਲ ਦੇ ਤੌਰ 'ਤੇ ਗਲਤ ਮੰਨਦਾ ਹੈ। ਇਸ ਲੇਖ ਵਿਚ ਦੂਹੜੇ ਅਰਥ ਵਿਗਿਆਨ ਅਤੇ ਅਰਥ ਵਿਗਿਆਨੀਆਂ ਬਾਰੇ ਡੂੰਘੀ ਜਾਣਕਾਰੀ ਦਾ ਪ੍ਰਮਾਣ ਦਿੰਦਾ ਹੈ। ਉਸ ਵਲੋਂ ਐਡਮ ਸਮਿਥ ਤੋਂ ਲੈ ਕੇ ਮਾਰਕਸ, ਕੇਨਜ਼, ਸੈਮੂਅਲਸਨ ਅਤੇ ਗਾਲਬਰਿਥ ਵਰਗੇ ਲੇਖਕਾਂ ਨੂੰ ਬੜੇ ਧਿਆਨ ਨਾਲ ਪੜ੍ਹਿਆ ਅਤੇ ਸਮਝਿਆ ਲਗਦਾ ਹੈ। ਗਿਆਨ/ਵਿਗਿਆਨ, ਮਜ਼ਦੂਰਾਂ ਅਤੇ ਮਨਸੂਈ ਬੁੱਧੀ ਬਾਰੇ ਆਪਣੇ ਵਿਚਾਰ ਪੇਸ਼ ਕਰਦੇ ਸਮੇਂ ਉਹ ਇਨ੍ਹਾਂ ਦੇ ਪੋਜ਼ੇਟਿਵ ਅਤੇ ਭਵਿੱਖਮਈ ਨਤੀਜਿਆਂ ਦਾ ਜ਼ਿਕਰ ਵੀ ਕਰਦਾ ਹੈ। ਉਹ ਮਾਰਕਸਵਾਦ ਦਾ ਭਗਤ ਨਹੀਂ ਹੈ ਸਗੋਂ ਇਸ ਦੀਆਂ ਸੀਮਤਾਈਆਂ ਬਾਰੇ ਜਾਣੂ ਹੋਣ ਦਾ ਪ੍ਰਮਾਣ ਉਸ ਦੀਆਂ ਲਿਖਤਾਂ ਵਿਚੋਂ ਮਿਲਦਾ ਹੈ। ਵਤਨ (ਅਪ੍ਰੈਲ, ਮਈ ਅਤੇ ਜੂਨ 1990) ਦੇ ਅੰਕ ਵਿਚ ਆਪਣੇ ਲੇਖ 'ਕਦਰ ਦਾ ਸਿਧਾਂਤ' ਵਿਚ ਮਾਰਕਸ ਦੇ ਕਦਰ ਦੇ ਸਿਧਾਂਤ ਦੀ ਆਲੋਚਨਾ ਕਰਦਾ ਹੈ। ਉਸ ਦਾ ਵਿਚਾਰ ਹੈ ਕਿ ਮਾਰਕਸ ਦਾ ਕਿਰਤ ਸਿਧਾਂਤ ਮਨੁੱਖੀ ਕਿਰਤ 'ਤੇ ਆਧਾਰਿਤ ਹੈ। ਕਿਸੇ ਵਸਤੂ ਦੀ ਵਟਾਂਦਰਾ-ਕਦਰ/ਕੀਮਤ ਉਸ ਵਸਤੂ ਵਿਚ ਲੱਗੀ ਕਿਰਤ ਦੇ ਜਮਾਵਟ/ਜਮ੍ਹਾਂ ਹੋਣ ਨਾਲ ਹੀ ਨਿਸ਼ਚਿਤ ਹੁੰਦੀ ਹੈ। ਜਦੋਂ ਕਿ ਕਿਰਤ ਜੋ ਪੈਦਾ ਕਰਦੀ ਹੈ ਉਹ ਅਸਲ ਵਿਚ ਵਰਤੋਂ ਵਿਚ ਆਉਣ ਵਾਲੀਆਂ ਵਸਤੂਆਂ ਹੀ ਹੁੰਦੀਆਂ ਹਨ ਅਤੇ ਕਿਰਤ ਨਾਲ ਵਰਤੋਂ-ਕਦਰਾਂ ਹੀ ਪੈਦਾ ਹੁੰਦੀਆਂ ਹਨ। ਵਟਾਂਦਰਾ ਵਿਚ ਵਰਤੋਂ-ਕਦਰਾਂ ਹੀ ਵੱਟਦੀਆਂ ਹਨ। ਪਰ ਵਟਾਂਦਰਾ-ਕਦਰਾਂ ਵਿਚੋਂ ਵਰਤੋਂ-ਕਦਰਾਂ ਨੂੰ ਅਲੋਪ ਕਰਕੇ ਮਾਰਕਸ ਵਟਾਂਦਰਾ-ਕਦਰਾਂ ਦੀ ਵੱਖੀ ਤੋਂ ਕਦਰ ਦਾ ਇੱਕ ਨਕਲੀ ਅਤੇ ਅਮੂਰਤ ਰੂਪ ਪੈਦਾ ਕਰ ਲੈਂਦਾ ਹੈ। ਇਸ ਟੇਢੀ ਪਗਡੰਡੀ ਦਾ ਕਾਰਨ ਭਾਵੇਂ ਮਾਰਕਸ ਦਾ ਕਿਰਤ ਨੂੰ ਇੱਕ ਖਾਸ ਰੋਲ ਦੇਣਾ ਸੀ ਪਰ ਇਹ ਖਾਹਮਖਾਹ ਦਾ ਧੁੰਦਲਾਪਨ ਹੈ ਜਿਹੜਾ ਵਿਗਿਆਨ ਲਈ ਨੁਕਸਦਾਰ ਹੈ। ਇਸ ਕਰਕੇ ਦੂਹੜੇ ਦਾ ਵਿਚਾਰ ਹੈ ਕਿ ਕਦਰ/ਕੀਮਤ ਦਾ ਸੰਕਲਪ ਅਜੇ ਤੱਕ ਵੀ ਸੁਲਝਾਇਆ ਨਹੀਂ ਜਾ ਸਕਿਆ। ਕਾਰਲ ਮਾਰਕਸ ਉਪਯੋਗਤਾ ਜਾਂ ਵਰਤੋਂ ਵਿਚ ਆਉਣ ਵਾਲੇ ਗੁਣਾਂ ਨੂੰ ਕਦਰਹੀਨ ਬਣਾ ਕੇ ਜਾਂ ਅਮੂਰਤ ਕਰਕੇ, ਕਿਰਤ ਨੂੰ ਕਦਰ ਦਾ ਇਕੋ ਇਕ ਸੋਮਾ ਦਸਦਾ ਹੈ। ਉਸ ਵਲੋਂ ਕਿਰਤ ਦੀ ਕਦਰ ਨੂੰ ਸਥਾਪਤ ਕਰ ਕੇ ਕਿਹਾ ਜਾ ਸਕਦਾ ਹੈ ਕਿ ਕਿਰਤ ਹੀ ਵਟਾਂਦਰਾ-ਕਦਰ/ਕੀਮਤ ਨੂੰ ਪੈਦਾ ਕਰ ਸਕਦੀ ਹੈ ਪਰ ਮਾਰਕਸ ਵਸਤੂ ਦੀ ਵਰਤੋਂ-ਕਦਰ ਦੇ ਪੈਦਾ ਹੋਣ ਨੂੰ ਮੁਖਾਤਿਬ ਨਹੀਂ ਹੁੰਦਾ। ਸਗੋਂ ਇੱਕ ਵੱਖਰੇ



ਪੰਜਾਬੀ ਥਿੰਕਰਜ਼ ਫੋਰਮ ਦੇ ਮੈਂਬਰ ਤੂਰ ਭਰਾਵਾਂ ਦੇ ਦਫਤਰ ਦੇ ਵਿਹੜੇ ਵਿਚ।

ਸੰਦਰਭ ਵਿਚ ਉਹ ਮੰਨਦਾ ਹੈ ਕਿ ਸਿਰਫ 'ਸਮਾਜਕ ਤੌਰ 'ਤੇ ਜ਼ਰੂਰੀ' ਅਤੇ 'ਲਾਭਦਾਇਕ ਕਿਰਤ' ਹੀ ਕਦਰ ਪੈਦਾ ਕਰਦੀ ਹੈ। ਇਸ ਕਰਕੇ ਵਰਤੋਂ- ਕਦਰਾਂ ਪੈਦਾ ਕਰਨ ਵੇਲੇ ਹੀ ਕਿਰਤ ਦੀ ਕੀਮਤ ਪੈਂਦੀ ਹੈ। ਜਦੋਂ ਕਿਰਤ ਵਰਤੋਂ-ਕਦਰਾਂ ਪੈਦਾ ਨਹੀਂ ਕਰਦੀ, ਤਾਂ ਉਸ ਨੂੰ ਕੋਈ ਕੀਮਤ ਜਾਂ ਉਜਰਤ ਨਹੀਂ ਮਿਲਦੀ। ਉਹ ਇਸ ਸਮਸਿਆ ਬਾਰੇ ਇੱਕ ਪੁਸਤਕ ਲਿਖਣ ਬਾਰੇ ਵੀ ਅਕਸਰ ਜ਼ਿਕਰ ਕਰਦਾ ਹੁੰਦਾ ਸੀ।

ਦੂਹੜੇ ਅਨੁਸਾਰ ਉਤਪਾਦਨ/ਪੈਦਾਵਾਰ ਨੂੰ ਨਵੀਂ ਕਾਢ ਜਾਂ ਤਕਨੀਕ ਨੂੰ ਵਰਤ ਕੇ ਮਨੁੱਖਤਾ ਦੇ ਭਲੇ ਵਿਚ ਤਬਦੀਲੀ ਕਰਨਾ ਗੁਣਕਾਰੀ ਨਜ਼ਰ ਆਉਂਦਾ ਸੀ। ਉਹ ਮਨੁੱਖਤਾ ਵਾਸਤੇ ਤਰੱਕੀ ਅਤੇ ਵਿਕਾਸ ਦਾ ਮੁੱਦਈ ਸੀ। ਉਸ ਅਨੁਸਾਰ ਵਿਕਾਸ/ਤਰੱਕੀ ਦਾ ਅਸਲ ਆਧਾਰ ਭੌਤਿਕ/ਕੁਦਰਤੀ ਸਾਧਨਾਂ ਵਿਚ ਇਨਸਾਨੀ ਦਖਲਅੰਦਾਜ਼ੀ ਹੈ। ਇਹ ਦਖਲਅੰਦਾਜ਼ੀ ਸਿਰਜਣਾਤਮਕਤਾ ਅਤੇ ਵਿਦਵਤਾ ਤੋਂ ਬਗੈਰ ਬੇਮਾਅਨੀ ਹੈ। ਇਸ ਦਾ ਭਾਵ ਇਹ ਹੈ ਕਿ ਵਿਦਵਤਾ/ਗਿਆਨ ਅਤੇ ਹੁਨਰ ਨਾਲ ਹੀ ਕੁਦਰਤੀ ਸੋਮਿਆਂ ਨੂੰ ਜ਼ਿਆਦਾ ਕੁਸ਼ਲਤਾ ਨਾਲ ਵਰਤੋਂ ਵਿਚ ਲਿਆਉਣ ਨਾਲ ਹੀ ਪਹਿਲਾਂ ਤੋਂ ਜ਼ਿਆਦਾ ਪੈਦਾ ਕੀਤਾ ਜਾ ਸਕਦਾ ਹੈ। ਜਿਸ ਨੂੰ ਆਰਥਿਕ ਵਿਕਾਸ ਦਾ ਨਾਮ ਦਿੱਤਾ ਜਾਂਦਾ ਹੈ। ਮਨੁੱਖ ਦਾ ਆਦਿ ਕਾਲ ਤੋਂ ਇਹ ਤਜਰਬਾ ਰਿਹਾ ਹੈ ਕਿ ਨਵੀਂ ਤਕਨੀਕ ਨਾਲ ਉਤਨੇ ਹੀ ਸਾਧਨਾਂ ਨਾਲ ਪਹਿਲਾਂ ਤੋਂ ਜ਼ਿਆਦਾ ਉਪਜ ਪੈਦਾ ਕੀਤੀ ਜਾ ਸਕਦੀ ਹੈ। ਇਸ ਦਾ ਗਿਆਨ ਦੁਨੀਆਂ ਦੇ ਦੇਸ਼ਾਂ ਦੇ ਇਤਿਹਾਸਕ ਵਿਕਾਸ ਤੋਂ ਲਗਦਾ ਹੈ। ਇਸ ਤਰੱਕੀ ਵਿਚ ਸਾਇੰਸ ਅਤੇ ਤਕਨਾਲੋਜੀ ਨੇ ਵਿਕਾਸ ਦੇ ਅਦਭੁੱਤ ਮੌਕੇ ਪੈਦਾ ਕੀਤੇ ਹਨ। ਇਸ ਦੀ ਵਿਸਤ੍ਰਿਤ ਵਿਆਖਿਆ ਬਲਦੇਵ ਦੂਹੜੇ ਵਲੋਂ (ਵਤਨ ਦੇ ਅਕਤੂਬਰ-ਨਵੰਬਰ-ਦਸੰਬਰ 1989 ਅਤੇ ਸੀਰਤ ਜੁਲਾਈ 2011) ਦੇ ਅੰਕਾਂ ਵਿਚ ਕੀਤੀ ਗਈ ਹੈ। ਉਹ ਆਰਥਿਕ-ਸਮਾਜਿਕ ਤਰੱਕੀ ਦਾ ਸਿਰਜਣਹਾਰ ਮਨੁੱਖ ਨੂੰ ਹੀ ਮੰਨਦਾ ਹੈ। ਯੂਰਪ ਅਤੇ ਉੱਤਰੀ ਅਮਰੀਕਾ ਦੀ ਤੇਜ਼ੀ ਨਾਲ ਆਰਥਿਕ ਤਰੱਕੀ ਦਾ ਕਾਰਨ ਤਕਨਾਲੋਜੀ ਦਾ ਕੁਦਰਤੀ ਸਾਧਨਾਂ ਨੂੰ ਉਤਪਾਦਨ ਵਿਚ ਵਿਆਪਕ ਇਸਤੇਮਾਲ ਕਰਨ ਨਾਲ ਹੋਇਆ ਹੈ। ਇਸ ਪਖੋਂ ਭਾਰਤ ਅਤੇ ਹੋਰ ਏਸ਼ੀਆ, ਅਫ਼ਰੀਕਾ ਅਤੇ ਦੱਖਣੀ ਅਮਰੀਕਾ ਦੇ ਦੇਸ਼ ਪਛੜ ਗਏ ਹਨ। ਪਿਛਲੇ ਸਮੇਂ ਚੀਨ ਅਤੇ ਭਾਰਤ ਵਿਚ ਵਧ ਰਹੀ ਨਵੀਂ ਤਕਨਾਲੋਜੀ ਦੀ ਵਰਤੋਂ ਕਾਰਨ ਵਿਕਾਸ ਸੰਭਵ ਹੋਇਆ ਹੈ। ਪੰਜਾਬ ਦੀ ਖੇਤੀ ਵਿਚ ਨਵੀਂ ਤਕਨਾਲੋਜੀ ਨਾਲ ਹਰਾ ਇਨਕਲਾਬ ਆਇਆ ਸੀ। ਪਰ ਇਸ ਵਿਕਾਸ ਦਾ ਦੌਰ



1990ਵਿਆਂ ਤੋਂ ਬਾਅਦ ਕਾਇਮ ਨਹੀਂ ਰਖਿਆ ਜਾ ਸਕਿਆ। ਕਿਉਂਕਿ ਅਗਲੇ ਦੌਰ ਦੀ ਕੰਪਿਊਟਰ-ਇੰਟਰਨੈਟ ਤਕਨਾਲੋਜੀ ਵਿਚ ਪੰਜਾਬ ਸੂਬਾ ਦੇਸ਼ ਦੇ ਦੂਜੇ ਹਿੱਸਿਆਂ ਤੋਂ ਪਿੱਛੇ ਰਹਿ ਗਿਆ। ਦੂਹੜੇ ਦਾ ਵਿਚਾਰ ਹੈ ਕਿ ਪੰਜਾਬੀ ਲੋਕਾਂ ਦਾ ਆਦਰਸ਼ਵਾਦ ਅਤੇ ਉਨ੍ਹਾਂ ਦੀ ਮੌਜੂਦਾ ਹਕੀਕਤ ਵਿਚ ਸੁਮੇਲ ਨਹੀਂ ਹੈ।

ਸੂਬੇ ਨੂੰ ਖੇਤੀਬਾੜੀ ਤੋਂ ਉਦਯੋਗਿਕ ਅਤੇ ਸੇਵਾਵਾਂ ਦੇ ਖੇਤਰਾਂ ਵੱਲ ਵਿਕਾਸ ਕਰਨ ਵਿਚ ਮੁਸ਼ਕਲ ਆ ਰਹੀ ਹੈ। ਇਸ ਸਬੰਧ ਵਿਚ ਪੰਜਾਬੀ ਲੋਕਾਂ ਵਿਚ ਜਾਗਰੂਕਤਾ ਪੈਦਾ ਕਰਨ ਦੀ ਲੋੜ ਹੈ। ਬਦਲਵੇਂ ਪਦਾਰਥਕ ਹਾਲਤਾਂ ਅਨੁਸਾਰ ਆਪਣੇ ਟੀਚੇ ਮਿਥਣੇ ਪੈਣਗੇ ਅਤੇ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਵਿਗਿਆਨ ਅਤੇ ਤਕਨਾਲੋਜੀ ਵਰਤ ਕੇ ਵਧੇਰੇ ਸਮਰੱਥਾ ਪੈਦਾ ਕਰਨੀ ਪਵੇਗੀ। ਇਸ ਵਾਸਤੇ ਜ਼ਰੂਰੀ ਸ਼ਰਤ ਇਹ ਹੈ ਕਿ ਵਿਦਿਆ ਦੇ ਖੇਤਰ ਵਿਚ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਵਾਸਤੇ ਸਮਰੱਥਾ ਪੈਦਾ ਕੀਤੀ ਜਾਵੇ ਅਤੇ ਇਸ ਸਮਰੱਥਾ ਨੂੰ ਆਰਥਿਕਤਾ ਵਿਚ ਵਿਆਪਕ ਵਰਤਿਆ ਜਾਵੇ। ਇਸ ਵਾਸਤੇ ਸਮੂਹਿਕ ਚੇਤਨਾ ਪੈਦਾ ਕਰਨਾ ਅਤੇ ਆਰਥਿਕਤਾ ਵਿਚ ਤਬਦੀਲੀਆਂ ਤੋਂ ਬਗੈਰ ਅੱਗੇ ਨਹੀਂ ਵਧਿਆ ਜਾ ਸਕਦਾ।

ਬਲਦੇਵ ਦੂਹੜੇ ਦੀ ਸਿਆਸਤ ਬਾਰੇ ਸਮਝ ਅਤੇ ਲਿਖਤਾਂ ਕਾਫ਼ੀ ਪਾਇਦਾਰ ਅਤੇ ਪ੍ਰਸੰਗਿਕ ਹਨ। ਉਨ੍ਹਾਂ ਦਾ ਲੇਖ 'ਧਰਮ ਅਤੇ ਸਿਆਸਤ' ਕਨੇਡਾ ਦਰਪਣ ਵਿਚ ਤਿੰਨ ਭਾਗਾਂ (1-14 ਜਨਵਰੀ 1988; 22 ਜਨਵਰੀ 1988 ਅਤੇ 15-30 ਅਪ੍ਰੈਲ 1988) ਵਿਚ ਛਾਪਿਆ ਗਿਆ ਸੀ। ਇਸ ਲੇਖ ਵਿਚ ਉਸ ਵਲੋਂ ਧਰਮ ਅਤੇ ਸਿਆਸਤ ਨੂੰ ਅਲੱਗ ਰਖਣ 'ਤੇ ਜ਼ੋਰ ਦਿੱਤਾ ਗਿਆ ਸੀ। ਭਾਰਤ ਦੇ ਸੰਦਰਭ ਵਿਚ ਉਸ ਨੇ ਜ਼ੋਰ ਦੇ ਕੇ ਲਿਖਿਆ ਹੈ ਕਿ ਇਨ੍ਹਾਂ ਦੋਵਾਂ ਨੂੰ ਅੱਡ ਰਖਣ ਦੀ ਜ਼ਿਆਦਾ ਜ਼ਰੂਰਤ ਹੈ। ਉਸ ਦਾ ਵਿਚਾਰ ਹੈ ਕਿ ਹੁਣ ਅਸੀਂ ਆਪਣੇ ਆਜ਼ਾਦ ਮੁਲਕ ਵਿਚ ਆਪਣੇ ਯਥਾਰਥ ਨੂੰ ਸਮਝਣ ਵਿਚ ਗੰਭੀਰ ਗਲਤੀਆਂ ਕਰ ਰਹੇ ਹਾਂ। ਗੁਲਾਮੀ ਦਾ ਦੌਰ ਅਜੇ ਸਾਡੇ ਅਦਾਰਿਆਂ ਅਤੇ ਸੋਚਾਂ ਵਿਚ ਸਾਡੇ ਨਾਲ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਇੱਕ ਵਿਚਾਰ ਧਰਮ ਅਤੇ ਸਿਆਸਤ ਨੂੰ ਰਲਗੱਡ ਕਰਨਾ ਹੈ। ਉਸ ਨੇ ਲਿਖਿਆ ਹੈ ਕਿ 'ਧਰਮ ਅਧਾਰਿਤ ਸਿਆਸੀ ਅਦਾਰੇ ਅਤੇ ਫਿਰਕੂ ਸੋਚ ਸਾਡੇ ਗੁਲਾਮ ਵਿਰਸੇ ਦੀ ਰਹਿੰਦ-ਖੁਹੰਦ ਹੈ। ਇਹ ਸਿਆਸੀ ਮਾਹੌਲ ਨੂੰ ਗੰਧਲਾ ਕਰਕੇ ਸਾਨੂੰ ਅਸਲ ਸਮਸਿਆਵਾਂ ਤੱਕ ਪਹੁੰਚਣ ਤੋਂ ਰੋਕਦੀ ਹੈ। ਇਹ ਸਮੂਹਕ ਮਾਨਸਕ ਉਲਝੇਵਾਂ ਸਾਨੂੰ ਅੰਤਰਰਾਸ਼ਟਰੀ ਮੁਕਾਬਲੇ ਵਿਚ ਪਿਛੇ ਸੁਟ ਰਿਹਾ ਹੈ।' ਇਹ ਸਾਡੀਆਂ ਉਤਪਾਦਨ ਦੀਆਂ ਸੰਭਾਵਨਾਵਾਂ ਨੂੰ ਪੂਰੀ ਤਰ੍ਹਾਂ ਪ੍ਰਫੁਲਿਤ ਹੋਣ ਵਿਚ ਰੁਕਾਵਟ ਪੈਦਾ ਕਰਦਾ ਹੈ। ਅਵਾਮ ਦਾ ਧਿਆਨ ਫਿਰਕਾਪ੍ਰਸਤੀ ਵਲ ਧੱਕਿਆ ਜਾਂਦਾ ਹੈ। ਉਹ ਆਪਸ ਵਿਚ ਉਲਝ ਕੇ ਇਕ ਦੂਜੇ ਫਿਰਕੇ ਦਾ ਨੁਕਸਾਨ ਕਰਕੇ ਉਤਪਾਦਨ ਦੀਆਂ ਸੰਭਾਵਨਾਵਾਂ ਨੂੰ ਪ੍ਰਾਪਤ ਨਹੀਂ ਹੋਣ ਦਿੰਦੇ। ਇਸ ਕਰਕੇ ਬਲਦੇਵ ਦੂਹੜੇ ਦਾ ਵਿਚਾਰ ਹੈ ਕਿ ਸਿਰਫ ਆਪਣੇ ਹੀ ਫਿਰਕੇ ਦੇ ਹੱਕਾਂ ਦਾ ਜਨੂੰਨ ਹੋਣਾ ਸਾਰਥਕ ਸਮਾਜੀ ਅਮਲ ਲਈ ਹਾਨੀਕਾਰਕ ਹੈ। ਅੱਗੇ ਗਲ ਤੋਰਦੇ ਹੋਏ ਬਲਦੇਵ ਦੂਹੜੇ ਲਿਖਦਾ ਹੈ, 'ਧਰਮ ਅਤੇ ਰਾਜ ਦਾ ਮੇਲ ਮੰਤਵ ਦਾ ਦਵੰਦ ਪੈਦਾ ਕਰਦਾ ਹੈ। ਅਧਿਆਤਮਕ ਸੋਧ ਅਤੇ ਉਤਪਾਦਨ ਦਾ ਇਨਕਲਾਬ ਇਕ ਦੂਜੇ ਵਿਚ ਰਲਗੱਡ ਹੋ ਜਾਣ ਤਾਂ ਮੁਲਕ ਵਿਚ ਤਰਕਸ਼ੀਲਤਾ ਦੀ ਕਮੀ ਅਰਾਜਕਤਾ ਨੂੰ ਜਨਮ ਦਿੰਦੀ ਹੈ।' ਇਹ ਵਿਆਖਿਆ ਮੌਜੂਦਾ ਭਾਰਤ ਦੀ ਸਚਾਈ ਨੂੰ ਬਾਖ਼ੂਬੀ ਨਾਲ ਬਿਆਨ ਕਰਦੀ ਹੈ। ਇਸ ਵਿਚਾਰ 'ਤੇ ਚਲਦਿਆਂ ਉਸ ਦਾ ਅਕਾਲ ਤਖ਼ਤ ਬਾਰੇ 1988 ਦਾ ਨਜ਼ਰੀਆ ਮੌਜੂਦਾ ਸਮੇਂ ਕਾਫ਼ੀ ਪ੍ਰਸੰਗਕ, ਢੁਕਵਾਂ ਅਤੇ ਠੀਕ ਲਗਦਾ ਹੈ। ਉਸ ਨੇ ਲਿਖਿਆ ਹੈ ਕਿ 'ਜੇ ਅਕਾਲ ਤਖ਼ਤ ਨੂੰ ਸਿਆਸਤ ਦਾ ਅੱਡਾ ਬਣਾਇਆ ਜਾਵੇ ਤਾਂ ਇਸ ਦੀ ਪਵਿੱਤਰਤਾ ਸਿਆਸੀ ਲੀਡਰਾਂ ਦੇ ਚਰਿੱਤਰ 'ਤੇ ਨਿਰਭਰ ਕਰਨ ਲੱਗ ਪੈਂਦੀ ਹੈ। ... ਜੇ ਇਸ ਨੂੰ ਅਧਿਆਤਮਕ ਮਸਲਿਆਂ ਦਾ ਤਖ਼ਤ ਬਣਾਇਆ ਜਾਵੇ ਤਾਂ ਦੁਨੀਆਂ ਭਰ ਦੇ ਸਿੱਖ ਇਥੋਂ ਅਧਿਆਤਮਕ ਸੇਧ ਲੈ ਸਕਦੇ ਹਨ।' ਪਿਛਲੇ ਸਮੇਂ ਦੀਆਂ ਘਟਨਾਵਾਂ ਨੇ ਇਸ ਵਿਚਾਰ ਨੂੰ ਪ੍ਰਮਾਣਿਕਤਾ ਪ੍ਰਦਾਨ ਕੀਤੀ ਹੈ।

ਪੰਜਾਬ ਦੇ ਪਿਛਲੇ ਪੰਜ ਦਹਾਕਿਆਂ ਦੀ ਸਿਆਸਤ ਨੂੰ ਮੁਖਾਤਿਬ ਹੁੰਦਿਆਂ ਉਸ ਵਲੋਂ ਨਕਸਲੀ ਤੋਂ ਖਾਲਿਸਤਾਨੀ ਬਣੇ ਟਿੱਪਣੀਕਾਰ ਅਜਮੇਰ ਸਿੰਘ ਦੀਆਂ ਲਿਖਤਾਂ ਬਾਰੇ ਸਮਝ ਵਿਚਾਰਨਯੋਗ ਹੈ। ਉਸ ਵਲੋਂ ਅਜਮੇਰ ਸਿੰਘ ਦੀਆਂ ਲਿਖਤਾਂ ਅਤੇ ਵੀਡੀਓਜ਼ ਨੂੰ ਅਧਾਰ ਬਣਾ ਕੇ ਸੰਵਾਦ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ। ਇਸ ਸਬੰਧ ਵਿਚ ਉਸ ਦਾ ਲੇਖ 'ਅਜਮੇਰ ਸਿੰਘ ਦੀਆਂ ਬੱਜਰ ਗਲਤਫਹਿਮੀਆਂ' (ਪੰਜਾਬ ਟਾਈਮਜ਼, ਮਈ 21, 2021) ਮਹੱਤਵਪੂਰਨ ਹੈ। ਬਲਦੇਵ ਦੂਹੜੇ ਦਾ ਵਿਚਾਰ ਹੈ ਕਿ ਅਜਮੇਰ ਸਿੰਘ ਬੇਬੁਨਿਆਦ ਗਲਤਫਹਿਮੀਆਂ ਵਾਰ-ਵਾਰ ਫੈਲਾਉਣ ਦੀ ਕੋਸ਼ਿਸ਼ ਕਰਦਾ ਹੈ। ਜੋ ਪੰਜਾਬ ਦੇ ਨੌਜਵਾਨਾਂ ਨੂੰ ਗੁਮਰਾਹ ਕਰ ਸਕਦੀਆਂ ਹਨ ਅਤੇ ਉਨ੍ਹਾਂ ਨੂੰ ਹਿੰਸਕ ਰਾਹ 'ਤੇ ਵੀ ਤੋਰ ਸਕਦੀਆਂ ਹਨ। ਇਹ ਪੰਜਾਬ ਲਈ ਬਹੁਤ ਖਤਰਨਾਕ ਸਾਬਤ ਹੋ ਸਕਦੀਆਂ ਹਨ। ਇਸ ਕਰਕੇ ਉਸ ਵਲੋਂ ਅਜਮੇਰ ਸਿੰਘ ਵਿਚਾਰਾਂ ਨੂੰ ਪਰਖਣ ਦੀ ਕੋਸ਼ਿਸ਼ ਕੀਤੀ ਗਈ ਹੈ। ਅਜਮੇਰ ਸਿੰਘ ਦੇ ਵਿਚਾਰਾਂ ਵਿਚ ਉਸ ਨੂੰ ਦੋ ਬੱਜਰ ਗਲਤਫਹਿਮੀਆਂ ਨਜ਼ਰ ਆਉਂਦੀਆਂ ਹਨ। ਇੱਕ ਇਹ ਕਿ ਬੀ ਜੇ ਪੀ ਵਾਲੇ ਸਿੱਖਾਂ ਨੂੰ ਹਿੰਦੂਆਂ ਵਿਚ ਅਸਿਮੀਲੇਟ ਜਾਂ ਜਜ਼ਬ ਕਰਕੇ ਇਨ੍ਹਾਂ ਦੀ ਵਿਲੱਖਣ ਹਸਤੀ ਨੂੰ ਖਤਮ ਕਰਨ ਵਿਚ ਲੱਗੇ ਹੋਏ ਹਨ। ਦੂਹੜੇ ਦਾ ਤਰਕ ਹੈ ਕਿ ਸਿੱਖੀ ਵਰਗੇ ਮਹਾਨ, ਸ਼ਾਨਦਾਰ ਅਤੇ ਅੰਤਰਰਾਸ਼ਟਰੀ ਧਰਮ ਨੂੰ ਆਪਣੇ ਵਿਚ ਬੀ ਜੇ ਪੀ ਜਜ਼ਬ ਨਹੀਂ ਕਰ ਸਕਦੀ। ਉਸ ਅਨੁਸਾਰ ਇਸ ਬਾਰੇ ਅਜਮੇਰ ਸਿੰਘ ਵਲੋਂ ਕੋਈ ਠੋਸ ਦਲੀਲ ਨਹੀਂ ਦਿੱਤੀ ਗਈ। ਦੂਜੀ ਗਲਤਫਹਿਮੀ ਹੈ ਕਿ ਕਮਿਊਨਿਸਟ ਲੋਕ ਗੁਰਮਤਿ ਚਿੰਤਨ ਦੀਆਂ ਜੜ੍ਹਾਂ ਉਖਾੜਨੀਆਂ ਚਾਹੁੰਦੇ ਹਨ ਤਾਂ ਕਿ ਮਾਰਕਸਵਾਦ ਦੀਆਂ ਪੰਜਾਬ ਵਿਚ ਜੜ੍ਹਾਂ ਲਾਈਆਂ ਜਾ ਸਕਣ। ਦੂਹੜੇ ਦਾ ਤਰਕ ਹੈ ਕਿ ਮਾਰਕਸਵਾਦ ਧਰਮ ਨਹੀਂ ਹੈ ਬਲਕਿ ਸਿਆਸੀ-ਆਰਥਿਕ ਫਲਸਫ਼ਾ ਹੈ। ਮਾਰਕਸਵਾਦ ਦੇ ਕੁੱਝ ਸੰਕਲਪ ਖਾਸ ਕਰਕੇ ਮਾਨਵਵਾਦੀ ਚਿੰਤਾਵਾਂ ਅੱਜ ਵੀ ਠੀਕ ਹਨ ਅਤੇ ਚਲਦੇ ਵੀ ਰਹਿਣਗੇ। ਪਰ ਕੋਈ ਮੁਲਕ ਕਿਸੇ ਇੱਕ ਘੜੇ ਘੜਾਏ ਸਿਆਸੀ-ਆਰਥਿਕ ਫ਼ਲਸਫ਼ੇ ਦੇ ਆਧਾਰ 'ਤੇ ਨਹੀਂ ਚਲ ਸਕਦਾ ਕਿਉਂਕਿ ਹਾਲਾਤ ਬਦਲਦੇ ਰਹਿੰਦੇ ਹਨ ਅਤੇ ਇਸ ਨਾਲ ਇਨਸਾਨੀ ਸੋਚ ਦਾ ਵਿਕਸਤ ਹੋਣਾ ਲਾਜ਼ਮੀ ਹੈ। ਸਿੱਖ ਧਰਮ ਦੀਆਂ ਮਜ਼ਬੂਤ ਜੜ੍ਹਾਂ ਨੂੰ ਪੰਜਾਬ ਅਤੇ ਵਿਸ਼ਵ ਵਿਚੋਂ ਕੋਈ ਫਲਸਫ਼ਾ ਉਖਾੜ ਨਹੀਂ ਸਕਦਾ। ਸੋਵੀਅਤ ਯੂਨੀਅਨ ਦੇ ਸਥਾਪਤ ਹੋਣ ਤੋਂ ਖਾਤਮੇ ਤੱਕ (1917-1991) ਰੂਸ ਵਿਚੋਂ ਮਾਰਕਸਵਾਦ ਈਸਾਈ ਧਰਮ ਦੀਆਂ ਜੜ੍ਹਾਂ ਨਹੀਂ ਉਖਾੜ ਸਕਿਆ। ਕਮਿਊਨਿਸਟ ਲਹਿਰ ਸਿੱਖ ਧਰਮ ਦੀਆਂ ਜੜ੍ਹਾਂ ਨਹੀਂ ਉਖਾੜ ਸਕਦੀ। ਇਹ ਅਜਮੇਰ ਸਿੰਘ ਦੀ ਗਲਤਫਹਿਮੀ ਹੈ। ਅਜਮੇਰ ਸਿੰਘ ਵਲੋਂ ਲਿਖੇ ਸ਼ਬਦ ਨੇਕ ਨੀਅਤ ਨਾਲ ਨਹੀਂ ਬਲਕਿ ਸਿੱਖ ਨੌਜਵਾਨਾਂ ਨੂੰ ਗੁਮਰਾਹ ਕਰਨ ਲਈ ਸਾਜ਼ਿਸ਼ੀ ਮੰਤਵ ਨਾਲ ਕੀਤੀ ਬਿਆਨਬਾਜ਼ੀ ਹੈ। ਅਜਮੇਰ ਸਿੰਘ ਦੀ ਕਿਤਾਬ ਸਿੱਖਾਂ ਦੀ ਘੇਰਾਬੰਦੀ ਬਾਰੇ ਹੁੱਣ, (2017) ਰਸਾਲੇ ਵਿਚ ਦੂਹੜੇ ਨੇ ਅਜਮੇਰ ਸਿੰਘ ਦੇ ਇਸ ਵਿਚਾਰ ਦਾ ਖੰਡਣ ਕੀਤਾ ਸੀ ਕਿ ਬਹੁਤੇ ਸਿੱਖ ਬੁੱਧੀਜੀਵੀ ਕਿਸੇ ਲਾਲਚ ਜਾਂ ਡਰ ਕਾਰਨ ਖਾਲਿਸਤਾਨ ਦੇ ਹਮਾਇਤੀ ਨਹੀਂ ਬਣਦੇ। ਕੁੱਝ ਸੰਸਥਾਵਾਂ ਅਤੇ ਵਿਅਕਤੀਆਂ ਬਾਰੇ ਅਜਮੇਰ ਸਿੰਘ ਵਲੋਂ ਟਿਪਣੀਆਂ ਬਗੈਰ ਕਿਸੇ ਸਬੂਤ ਦੇ ਲਿਖੀਆਂ ਗਈਆਂ ਸਨ। ਉਸ ਦਾ ਵਿਚਾਰ ਹੈ ਕਿ ਇਹ ਟਿਪਣੀਆਂ ਪਛਮੀ ਵਿਦਵਾਨਾਂ ਦੇ ਉਤਰ-ਆਧੁਨਿਕਤਾ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਲਿਖੀਆਂ ਹਨ। ਅਜਮੇਰ ਸਿੰਘ ਨੇ ਕਦੇ ਵੀ ਸੰਵਾਦ/ਬਹਿਸ ਵਿਚ ਹਿੱਸਾ ਨਹੀਂ ਲਿਆ ਬਲਕਿ ਆਪਣੇ ਵਲੋਂ ਫਿਰਕੂ ਤਰਜ਼ 'ਤੇ ਲਿਖਿਆ ਅਤੇ ਬੋਲਿਆ ਹੈ। ਮਨੋਮੋਹਨ ਦੀ ਲਿਖਤ 'ਪਵਿੱਤਰ ਦੈਵੀ ਤੇ ਸੁੰਦਰ ਦੀ ਭਾਸ਼ਾ' 'ਤੇ ਟਿੱਪਣੀ ਕਰਦਿਆਂ ਦੂਹੜੇ ਨੇ ਲਿਖਿਆ ਹੈ ਕਿ ਪੰਜਾਬੀ ਵਿਦਵਾਨਾਂ ਨੂੰ ਉਤਰ-ਆਧੁਨਿਕ ਸਾਪੇਖਵਾਦ ਤੋਂ ਪ੍ਰਭਾਵਿਤ ਹੋਣ ਦੀ ਥਾਂ ਇਸ ਨੂੰ ਤਰਕ ਦੀ ਕਸਵੱਟੀ ਉੱਤੇ ਪਰਖਣਾ ਚਾਹੀਦਾ ਹੈ। ਪਛਮੀ ਦੇਸ਼ਾਂ ਦੇ ਸਨਕੀਵਾਦ ਤੋਂ ਬਚਣ ਦੀ ਲੋੜ ਹੈ ਕਿਉਂਕਿ ਭਾਰਤ ਵਿਚ ਇਹ ਗੱਲ ਅਤਿ ਮਹੱਤਵਪੂਰਨ ਹੈ ਕਿ ਅਸੀਂ ਨਿਆਂਸ਼ੀਲ ਸਿਸਟਮ ਬਣਾਉਣ ਵਿਚ ਹਿੱਸਾ ਪਾਈਏ। ਬਲਦੇਵ ਦੂਹੜੇ ਦਾ ਵਿਚਾਰ ਹੈ ਕਿ ਪੰਜਾਬ ਦੇ ਮਸਲਿਆਂ ਅਤੇ ਖਾਸ ਕਰਕੇ ਰਾਜਾਂ ਦੀ ਖ਼ੁਦਮੁਖ਼ਤਿਆਰੀ ਨੂੰ ਬਹਾਲ ਕਰਨ ਵਾਸਤੇ ਸਾਰੇ ਭਾਈਚਾਰਿਆਂ ਅਤੇ ਦੂਜੇ ਸੂਬਿਆਂ ਦੇ ਲੋਕਾਂ ਨਾਲ ਤਾਲਮੇਲ ਕਰਨ ਤੋਂ ਬਗੈਰ ਇਕਲਿਆਂ ਪੰਜਾਬ ਦੇ ਲੋਕ ਕਾਮਯਾਬ ਨਹੀਂ ਹੋ ਸਕਦੇ। ਇਸ ਦਾ ਸਬੂਤ ਸਾਨੂੰ 2020-21 ਦੇ ਸਫਲ ਕਿਸਾਨ ਅੰਦੋਲਨ ਤੋਂ ਵੀ ਮਿਲਦਾ ਹੈ। ਇਸੇ ਤਰ੍ਹਾਂ ਉਹ ਭਾਰਤ ਦੇ ਸੰਵਿਧਾਨ ਦੇ ਧਰਮ ਨਿਰਪੱਖਤਾ ਦੇ ਸੰਕਲਪ ਨੂੰ ਜ਼ੋਰਦਾਰ ਤਰੀਕੇ ਨਾਲ ਵਿਚਾਰਨ ਦੀ ਜ਼ਰੂਰਤ 'ਤੇ ਜ਼ੋਰ ਦਿੰਦਾ ਹੈ।

ਪੰਜਾਬ ਦੀ ਨਿੱਘਰਦੀ ਆਰਥਿਕ, ਸਮਾਜਿਕ ਅਤੇ ਸਭਿਆਚਾਰਕ ਹਾਲਤ ਬਾਰੇ ਬਲਦੇਵ ਦੂਹੜੇ ਹਮੇਸ਼ਾ ਫ਼ਿਕਰਮੰਦ ਰਹਿੰਦਾ ਸੀ। ਇਸ ਸਬੰਧ ਵਿਚ ਉਸ ਦੇ ਦੋ ਲੇਖ ਸਾਡੇ ਸਾਰਿਆਂ ਲਈ ਧਿਆਨਯੋਗ ਹਨ। 'ਪੰਜਾਬ ਦੀ ਆਰਥਿਕ ਮੁੜ ਬਹਾਲੀ' ਸੀਰਤ (ਅਪ੍ਰੈਲ 2017) ਪੰਜਾਬ ਦੀ ਨਿੱਘਰਦੀ ਹਾਲਤ ਨੂੰ ਬਿਆਨ ਕਰਦਾ ਅਤੇ ਇਸ ਨੂੰ ਠੀਕ ਕਰਨ ਲਈ ਠੋਸ ਸੁਝਾਅ ਵੀ ਪੇਸ਼ ਕਰਦਾ ਹੈ। ਇਹ ਲਿਖਤ ਇਸ ਧਾਰਨਾ ਨਾਲ ਲਿਖੀ ਗਈ ਹੈ ਕਿ ਹਰ ਥਾਂ, ਸ਼ਹਿਰ, ਸੂਬਾ ਜਾਂ ਮੁਲਕ ਵਿਚ ਹਰ ਇਨਸਾਨ ਦੀ ਜ਼ਿੰਦਗੀ ਦੀ ਪਵਿੱਤਰਤਾ ਨੂੰ ਕਾਇਮ ਰਖਿਆ ਜਾਣਾ ਚਾਹੀਦਾ ਹੈ। ਇਸ ਵਾਸਤੇ ਹਰ ਇਨਸਾਨ ਨੂੰ ਸਭ ਬੁਨਿਆਦੀ ਸਹੂਲਤਾਂ ਬਿਨਾਂ ਸ਼ਰਤ, ਭ੍ਰਿਸ਼ਟਾਚਾਰ ਜਾਂ ਸਿਆਸੀ ਅਹਿਸਾਨ ਦੇ ਮੁਹੱਈਆ ਕਾਰਵਾਈਆਂ ਜਾਣੀਆਂ ਚਾਹੀਦੀਆਂ ਹਨ। ਉਹ ਇਸ ਨੂੰ ਬੇਗਮਪੁਰਾ ਕਹਿੰਦਾ ਹੈ। ਇਸ ਨੂੰ ਪ੍ਰਾਪਤ ਕਰਨ ਲਈ ਉਹ ਪੰਜਾਬ ਦੇ ਆਰਥਿਕ ਵਿਕਾਸ ਨੂੰ ਤੇਜ਼ ਕਰਨ ਦੇ ਹੱਕ ਵਿਚ ਨਜ਼ਰ ਆਉਂਦਾ ਹੈ ਤਾਂ ਕਿ ਹਰ ਇਨਸਾਨ ਦੇ ਜੀਵਨ ਨੂੰ ਬਿਹਤਰ ਬਣਾਉਣ ਦਾ ਇਸ ਨੂੰ ਜ਼ਰੀਆ ਬਣਾਇਆ ਜਾ ਸਕੇ। ਵਿਕਾਸ ਦੀ ਮੁੱਖ ਟੇਕ ਮਨੁੱਖੀ ਸਿਰਜਣਾਤਮਕ ਕਿਰਤ ਅਤੇ ਕੁਦਰਤੀ ਸੋਮਿਆਂ ਨੂੰ ਇਕੱਠੇ ਕਰਕੇ ਸਹੀ ਤਰੀਕੇ ਨਾਲ ਵਰਤਣ 'ਤੇ ਹੈ। ਇਸ ਵਾਸਤੇ ਨਿਆਂਸ਼ੀਲ ਅਤੇ ਤਰਕਮਈ ਸੋਚ, ਸਿਰਜਣਾਤਮਕ ਅਤੇ ਵਿਗਿਆਨਕ ਵਿਧੀਆਂ ਪੰਜਾਬ ਨੂੰ ਇੱਕ ਆਦਰਸ਼ ਸੂਬਾ ਬਣਾ ਸਕਦੀਆਂ ਹਨ ਅਤੇ ਜ਼ਿਕਰਯੋਗ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ। ਇਸ ਨੂੰ ਪ੍ਰਾਪਤ ਕਰਨ ਲਈ ਪੰਜਾਬ ਸਰਕਾਰ ਦੇ ਵਿੱਤੀ ਪ੍ਰਬੰਧ/ਬਜਟ ਨੂੰ ਠੀਕ ਕਰਨਾ, ਬਿਜਲੀ ਸਬਸਿਡੀ ਅਤੇ ਹੋਰ ਰਿਆਇਤਾਂ ਨੂੰ ਤਰਕਸੰਗਤ ਬਣਾਉਣਾ, ਜ਼ਮੀਨ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣਾ, ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨਾ,

(ਬਾਕੀ ਅਗਲੇ ਸਫੇ 'ਤੇ)

# ਖਡੂਰ ਸਾਹਿਬ ਵਿਖੇ ਜੈਵਿਕ ਲੰਗਰ

ਦੋ ਕੁ ਸਾਲ ਬਾਅਦ ਗੁਰੂ-ਨਗਰੀ ਖਡੂਰ ਸਾਹਿਬ ਦੀ ਜ਼ਿਆਰਤ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਇਸ ਵਾਰ ਇਸ ਮੁਕੱਦਸ ਅਸਥਾਨ 'ਤੇ ਜੈਵਿਕ ਲੰਗਰ ਦੀ ਪਹਿਲਕਦਮੀ ਨਾਲ ਰੂ-ਬ-ਰੂ ਹੋਣ ਦਾ ਸਬੱਬ ਬਣਿਆ।

ਪਦਮ ਸ੍ਰੀ ਨਾਲ ਸਨਮਾਨਤ ਵਾਤਾਵਰਨ ਪ੍ਰੇਮੀ ਅਤੇ 'ਗਰੀਨ ਬਾਬਾ' ਦੇ ਵਿਸ਼ੇਸ਼ਣੀ ਉਪਨਾਮ ਨਾਲ ਜਾਣੇ ਜਾਂਦੇ ਬਾਬਾ ਸੇਵਾ ਸਿੰਘ ਜੀ ਵਲੋਂ ਇਲਾਕੇ ਵਿਚ ਵਿਸ਼ੇਸ਼ ਕਰਕੇ ਅਤੇ ਹੋਰ ਥਾਵਾਂ ਸਮੇਤ 50 ਕਿਸਮਾਂ ਦੇ ਲਗਭਗ 9 ਲੱਖ ਪੌਦੇ ਲਗਾਏ ਜਾਣ ਦੀ ਜਾਣਕਾਰੀ ਤੋਂ



ਪ੍ਰੋ. ਜਸਵੰਤ ਸਿੰਘ ਗੰਡਮ
ਫੋਨ: 98766-55055

ਇਲਾਵਾ 'ਜੈਵਿਕ ਲੰਗਰ' ਸਬੰਧੀ ਕੀਤੇ ਜਾ ਰਹੇ ਅਹਿਮ ਉਪਰਾਲਿਆਂ ਬਾਰੇ ਪਤਾ ਲਗਾ।

ਇੱਕ ਗਲਬਾਤ ਦੌਰਾਨ ਬਾਬਾ ਜੀ ਨੇ ਦਸਿਆ ਕਿ ਅਗਲੇ ਦੋ-ਢਾਈ ਸਾਲਾਂ ਵਿਚ ਖਡੂਰ ਸਾਹਿਬ ਵਿਖੇ ਲਗਭਗ 90% ਜੈਵਿਕ ਲੰਗਰ ਵਰਤਾਇਆ ਜਾਇਆ ਕਰੇਗਾ। ਉਨ੍ਹਾਂ ਕਿਹਾ 'ਰੇਹ, ਸਪਰੇਅ ਅਤੇ ਖਾਦਾਂ ਦੀ ਬੇਤਹਾਸ਼ਾ ਵਰਤੋਂ ਕਾਰਨ ਖਾਧ ਪਦਾਰਥਾਂ ਵਿਚ 'ਕੈਮੀਕਲਜ਼' (ਰਸਾਇਣ-ਪਦਾਰਥਾਂ) ਦੀ ਮਾਤਰਾ ਬਹੁਤ ਜ਼ਿਆਦਾ ਹੋ ਜਾਂਦੀ ਹੈ' ਪਰ 'ਅਸੀਂ ਰਸਾਇਣ-ਮੁਕਤ ਅਤੇ ਤਾਜ਼ਾ ਖਾਧ-ਪਦਾਰਥਾਂ ਦਾ ਇਸਤੇਮਾਲ ਕਰਨ ਵੱਲ ਪਹਿਲਕਦਮੀ ਕਰ ਰਹੇ ਹਾਂ'।

"ਫੇਰਿ ਵਸਾਇਆ ਫੇਰੁਆਣਿ ਸਤਿਗੁਰਿ ਖਾਡੂਰੁ" (ਸ.ਗ.ਗ.ਸ.ਅੰਗ 967) ਦੀ ਪਵਿੱਤਰ ਗੁਰੂਨਗਰੀ ਖਡੂਰ ਸਾਹਿਬ, ਜਿਸ ਨੂੰ 8 ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੋਣ ਦਾ ਸੁਭਾਗ ਹੈ, ਵਿਖੇ ਗੁਰੂ ਅੰਗਦ ਦੇਵ ਜੀ ਜਿਥੇ ਸ਼ਬਦ-ਬਾਣੀ ਦੇ ਲੰਗਰ ਨਾਲ ਸੰਗਤਾਂ ਨੂੰ ਨਿਹਾਲ ਕਰਦੇ ਸਨ ਉਥੇ ਉਨ੍ਹਾਂ ਦੇ ਮਹਿਲ ਮਾਤਾ ਖੀਵੀ ਜੀ ਆਪਣੇ ਹੱਥੀਂ 'ਘਿਆਲੀ ਖੀਰ' ਤਿਆਰ ਕਰਕੇ ਪ੍ਰਛਾਦੇ-ਪਾਣੀ ਦਾ ਲੰਗਰ ਸੰਗਤ ਨੂੰ ਛਕਾਇਆ ਕਰਦੇ ਸਨ। ਇਸ ਦਾ ਜ਼ਿਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੈ- "ਬਲਵੰਡ ਖੀਵੀ ਨੇਕ ਜਨ ਜਿਸੁ ਬਹੁਤੀ ਛਾਉ ਪਤ੍ਰਾਲੀ॥ ਲੰਗਰਿ ਦਉਲਤਿ ਵੰਡੀਐ ਰਸੁ ਅੰਮ੍ਰਿਤੁ ਖੀਰਿ ਘਿਆਲੀ"॥ (ਸ.ਗ.ਗ.ਸ.ਅੰਗ 967)।

ਹੁਣ ਉਥੇ ਖੀਰ ਤਾਂ ਖੰਡ ਤੋਂ ਸ਼ੱਕਰ ਦੀ ਕਰ ਦਿਤੀ ਗਈ ਹੈ! ਅਸਾਂ ਆਪ ਇਸ ਦਾ ਸੇਵਨ ਕੀਤਾ ਤੇ ਅਨੰਦਿਤ ਹੋ ਗਏ!

ਬਾਬਾ ਸੇਵਾ ਸਿੰਘ ਅਨੁਸਾਰ ਉਹ ਚਾਹ, ਦੁੱਧ ਅਤੇ ਹੋਰ ਖਾਧ ਪਦਾਰਥਾਂ, ਜਿਨ੍ਹਾਂ ਵਿਚ ਖੰਡ ਦਾ ਪ੍ਰਯੋਗ ਹੁੰਦਾ ਹੈ, ਨੂੰ ਵੀ ਜੈਵਿਕ ਮਿੱਠੇ ਵਿਚ ਬਦਲਣਾ ਚਾਹੁੰਦੇ ਹਨ। ਪਰ ਇਸ ਲਈ ਜੈਵਿਕ ਢੰਗ ਨਾਲ ਪੈਦਾ ਕੀਤਾ ਗਿਆ ਕਮਾਦ/ਗੰਨਾ ਲੋੜੀਂਦਾ ਹੈ। ਉਨ੍ਹਾਂ ਦਸਿਆ ਕਿ ਉਹ ਇਹ ਜੈਵਿਕ ਗੰਨਾਂ ਗੁਰਦੁਆਰਾ ਸਾਹਿਬ ਨਾਲ ਸਬੰਧਤ ਜ਼ਮੀਨ ਵਿਚ ਬੀਜਣ ਦੀ ਯੋਜਨਾ ਬਣਾ ਰਹੇ ਹਨ।

ਉਨ੍ਹਾਂ ਹੋਰ ਦਸਿਆ ਕਿ ਸਬਜ਼ੀਆਂ, ਕਣਕ, ਚੌਲ, ਆਲੂ, ਸਰ੍ਹੋਂ ਆਦਿ ਤਾਂ ਪਹਿਲਾਂ ਹੀ ਜੈਵਿਕ ਖੇਤੀ ਦੀ ਵਿਧੀ ਰਾਹੀਂ ਪੈਦਾ ਕੀਤੇ ਜਾ ਰਹੇ ਹਨ। ਤੜਕੇ ਆਦਿ ਅਤੇ ਹੋਰ ਸਬੰਧਤ ਪਕਵਾਨਾਂ ਵਿਚ ਸਰ੍ਹੋਂ ਦੇ ਤੇਲ ਦੀ ਵਰਤੋਂ ਕੀਤੀ ਜਾ ਰਹੀ ਹੈ। ਲੋੜ ਅਨੁਸਾਰ ਜੈਵਿਕ ਸਰ੍ਹੋਂ ਰਾਜਸਥਾਨ ਤੋਂ ਵੀ ਮੰਗਾਈ ਜਾਂਦੀ ਹੈ। ਪਰ ਖੰਡ ਦਾ ਬਦਲ ਲੱਭਣਾ ਜ਼ਰੂਰੀ ਹੈ। ਇੱਕ ਸਾਲ ਵਿਚ 700 ਕੁਇੰਟਲ ਖੰਡ ਵਰਤੀ ਜਾਂਦੀ ਹੈ ਅਤੇ ਐਨੀ ਮਾਤਰਾ ਵਿਚ ਸ਼ੱਕਰ ਤਾਂ ਹੀ ਉਪਲੱਬਧ ਹੋ ਸਕਦੀ ਹੈ ਜੇ ਜੈਵਿਕ ਕਮਾਦ/ਗੰਨੇ ਦੀ ਫਸਲ ਆਪ ਬੀਜੀ ਜਾਵੇ। ਉਨ੍ਹਾਂ ਕਿਹਾ ਕਿ ਇਸ ਸਬੰਧੀ ਉਪਰਾਲੇ ਵਿਚਾਰ ਅਧੀਨ ਹਨ।

ਜਦ ਬਾਬਾ ਜੀ ਨੂੰ ਅਸੀਂ ਪੁੱਛਿਆ ਕਿ ਲੰਗਰ ਸੌ ਫੀਸਦੀ ਜੈਵਿਕ ਕਿਉਂ ਨਹੀਂ ਕੀਤਾ ਜਾ ਸਕਦਾ ਤਾਂ ਉਨ੍ਹਾਂ ਦਾ ਜਵਾਬ ਸੀ ਕਿ 'ਸੰਗਤ ਵਲੋਂ ਲਿਆਂਦੀ ਜਾਂਦੀ ਰਸਦ ਉਵੇਂ ਦੀ ਉਵੇਂ ਵਰਤੀ ਜਾਂਦੀ ਹੈ। ਇਸ ਵਿਚ ਕੋਈ ਤਬਦੀਲੀ ਨਹੀਂ ਕੀਤੀ ਜਾਂਦੀ। ਸੋ, 90% ਲੰਗਰ ਹੀ ਜੈਵਿਕ ਕਰਨ ਦਾ ਟੀਚਾ ਹੈ। ਅਸੀਂ ਲਗਭਗ 80% ਲੰਗਰ ਤਾਂ ਜੈਵਿਕ ਕਰ ਚੁੱਕੇ ਹਾਂ'।

ਇਸ ਵਾਰ ਅਸੀਂ ਮਾਤਾ ਖੀਵੀ ਯਾਦਗਾਰੀ ਲੰਗਰ ਹਾਲ ਅਤੇ ਉਸ ਦੀ ਰਸੋਈ ਵਲ ਵੀ ਗਏ। ਅਸੀਂ ਦੇਖਿਆ ਕਿ ਲੰਗਰ ਤਿਆਰ ਵੀ ਮਾਡਰਨ ਤਰੀਕੇ ਨਾਲ 'ਸਟੀਮ' (ਭਾਫ) ਰਾਹੀਂ ਕੀਤਾ ਜਾਂਦਾ ਹੈ। ਲਾਂਗਰੀ ਗੁਰਮੁਖ ਸਿੰਘ ਨੇ ਦਸਿਆ ਕਿ 7 ਵੱਡ-ਅਕਾਰੀ ਕੜਾਹਿਆਂ ਵਿਚ ਲੰਗਰ, ਸਮੇਤ ਖੀਰ, ਤਿਆਰ ਕੀਤਾ ਜਾਂਦਾ ਹੈ। ਇੱਕ ਕੜਾਹੇ ਵਿਚ 5 ਕੁਇੰਟਲ ਦੁੱਧ ਦੀ ਖੀਰ ਤਿਆਰ ਹੋ ਜਾਂਦੀ ਹੈ। 500 ਲਿਟਰ ਪਾਣੀ ਦੀ ਸਮਰੱਥਾ ਵਾਲੇ ਬੌਇਲਰ ਵਿਚ ਪਾਣੀ ਉਬਾਲ ਕੇ ਭਾਫ ਪੈਦਾ ਕੀਤੀ ਜਾਂਦੀ ਹੈ ਜਿਸ ਨਾਲ ਦਾਲ, ਚੌਲ, ਚਾਹ, ਖੀਰ, ਦੁੱਧ ਉਬਾਲੇ ਜਾਂਦੇ ਹਨ। ਤੜਕਾ ਤਕ ਵੀ ਇਸ ਸਟੀਮ ਨਾਲ ਹੀ ਲਗਾਇਆ ਜਾਂਦਾ ਹੈ। ਐਤਵਾਰ ਨੂੰ ਸੰਗਤ ਲਈ ਕੜ੍ਹੀ-ਪਕੌੜੇ ਬਣਦੇ ਹਨ।

ਖਡੂਰ ਸਾਹਿਬ ਦੇ ਆਲੇ-ਦੁਆਲੇ ਦੇ 90 ਪਿੰਡਾਂ ਦੀ ਵਾਰੀ ਲਗੀ ਹੋਈ ਹੈ ਲੰਗਰਾਂ ਦੀ ਸਮੱਗਰੀ ਅਤੇ ਸੇਵਾ ਕਰਨ ਸਬੰਧੀ। 39 ਪਿੰਡਾਂ ਦੀ ਵਾਰੀ ਦੁੱਧ ਭੇਜਣ ਦੀ ਹੈ। ਇਹ ਸੇਵਾ ਸਹਿਬਨ ਅਤੇ ਸ਼ਰਧਾਪੂਰਵਕ ਕੀਤੀ ਜਾਂਦੀ ਹੈ।

ਚੌਗਿਰਦੇ ਨੂੰ ਹਰਿਆ-ਭਰਿਆ ਕਰਨ ਲਈ ਹੁਣ ਤੀਕ 363 ਗੁਰੂ ਨਾਨਕ ਯਾਦਗਾਰੀ ਜੰਗਲ ਲਗਾਏ ਜਾ ਚੁੱਕੇ ਹਨ। ਇਸ ਸਬੰਧੀ ਇੱਕ ਏਕੜ ਵਿਚ ਇੱਕ ਜੰਗਲ ਜਲੰਧਰ ਜ਼ਿਲ੍ਹੇ ਦੇ ਪਿੰਡ ਰੁੜਕੀ ਵਿਚ ਨਵੰਬਰ ਦੇ ਪਹਿਲੇ ਹਫਤੇ ਲਗਾਇਆ ਗਿਆ। ਇਹ ਇੰਗਲੈਂਡ ਵਸਦੇ ਕੂਨਰ ਭਰਾਵਾਂ ਰੇਸ਼ਮ ਸਿੰਘ ਅਤੇ ਸ਼ਿੰਗਾਰਾ ਸਿੰਘ ਦੀ ਜ਼ਮੀਨ ਉਪਰ ਲਗਾਇਆ ਗਿਆ। ਬਾਬਾ ਸੇਵਾ ਸਿੰਘ ਜੀ ਨੇ ਅਰਦਾਸ ਉਪਰੰਤ ਕੂਨਰ ਭਰਾਵਾਂ ਦੇ ਸੰਗ ਆਪ ਬੋਹੜ ਦਾ ਰੁੱਖ ਬੀਜਿਆ। ਪਿਛਲੇ ਸਾਲ ਇਸੇ ਹੀ ਪਿੰਡ ਵਿਚ ਕੂਨਰ ਭਰਾਵਾਂ ਦੇ ਤਾਇਆ ਜੀ ਬੂਟਾ ਸਿੰਘ (ਇੰਗਲੈਂਡ) ਦੀ ਇੱਕ ਏਕੜ ਜ਼ਮੀਨ ਵਿਚ ਇਹ ਜੰਗਲ ਲਗਾਇਆ ਗਿਆ ਸੀ। ਬਾਬਾ ਜੀ ਅਨੁਸਾਰ ਇੱਕ ਏਕੜ ਵਿਚ ਕਰੀਬ 1600 ਪੌਦੇ ਲਗ ਜਾਂਦੇ ਹਨ। ਇਹ ਪੌਦੇ ਛਾਂਦਾਰ, ਫਲਦਾਰ, ਫੁੱਲਦਾਰ ਅਤੇ ਹਰਬਲ (ਔਸ਼ਧੀਜਨਕ) ਹੁੰਦੇ ਹਨ। ਨਰਸਰੀਆਂ ਅਤੇ ਪੌਦਿਆਂ ਦੀ ਦੇਖਭਾਲ ਕਰਨ ਦੀ ਸੇਵਾ ਕਰਨ ਵਾਲੇ ਸੂਬੇਦਾਰ ਬਲਬੀਰ ਸਿੰਘ ਹੋਰਾਂ ਅਨੁਸਾਰ ਹਰ ਕਿਸਮ ਦੇ 25-25% ਪੌਦੇ ਲਗਾਏ ਜਾਂਦੇ ਹਨ।

ਬਾਬਾ ਸੇਵਾ ਸਿੰਘ ਅਨੁਸਾਰ ਬਹੁਤੇ ਮਿਨੀ ਜੰਗਲ ਇੱਕ ਇੱਕ ਕਨਾਲ ਵਿਚ ਲਗਾਏ ਗਏ ਹਨ। ਇੱਕ ਕਨਾਲ ਵਿਚ 200 ਪੌਦੇ ਲੱਗ ਜਾਂਦੇ ਹਨ। 2019 ਵਿਚ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਪਰਕਾਸ਼ ਪੁਰਬ ਦਿਹਾੜੇ ਅਰੰਭੇ ਗਏ। ਇਸ ਪ੍ਰੋਜੈਕਟ ਤਹਿਤ 550 ਜੰਗਲ ਲਗਾਉਣ ਦਾ ਟੀਚਾ ਹੈ।

ਇਹ ਪੌਦੇ ਲਗਾਉਣ ਲਈ ਖਡੂਰ ਸਾਹਿਬ



*ਬਾਬਾ ਸੇਵਾ ਸਿੰਘ ਜੀ ਅਤੇ ਇੰਗਲੈਂਡ ਵਾਸੀ ਕੂਨਰ ਭਰਾ ਬੋਹੜ ਦਾ ਰੁੱਖ ਲਗਾਉਂਦਿਆਂ।*

ਵਿਖੇ ਕਾਰ ਸੇਵਾ ਸੰਸਥਾ, ਜਿਸ ਦੀ ਅਗਵਾਈ ਬਾਬਾ ਸੇਵਾ ਸਿੰਘ ਜੀ ਕਰ ਰਹੇ ਹਨ, ਦੀ ਆਪਣੀ ਵਿਸ਼ਾਲ ਨਰਸਰੀ ਹੈ। ਇਥੇ ਵੱਖ-ਵੱਖ ਫਲਾਂ ਵਾਲਾ ਬਾਗ ਵੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵਰਣਿਤ 63 ਰੁੱਖ ਵੀ ਹਨ (ਸਿਵਾਏ ਉਨ੍ਹਾਂ 15 ਦੇ ਜੋ ਜਾਂ ਤਾਂ ਉਪਲੱਬਧ ਨਹੀਂ ਹਨ ਤੇ ਜਾਂ ਉਹ ਉਥੋਂ ਦੀ ਜ਼ਮੀਨ ਵਿਚ ਲਗਦੇ ਨਹੀਂ ਹਨ)। ਦੁਰਲੱਭ ਕਿਸਮ ਦੇ ਔਸ਼ਧੀਜਨਕ (ਹਰਬਲ) ਪੌਦੇ ਵੀ ਹਨ। ਚੁਬੱਚਾ ਸਾਹਿਬ ਗੁਰਦਵਾਰਾ, ਮੰਢਾਲਾ, ਜਿਥੇ 7 ਏਕੜ ਰਕਬੇ ਵਿਚ ਜੈਵਿਕ ਖੇਤੀ ਕੀਤੀ ਜਾਂਦੀ ਹੈ, ਨੂੰ ਜਾਂਦੀ ਇੱਕ ਸੜਕ ਉਪਰ ਅਰਜਨ ਦੇ ਰੁੱਖ ਲੱਗੇ ਹੋਏ ਹਨ। ਇਹ ਕਰੀਬ ਇੱਕ ਕਿ.ਮੀ. ਸੜਕ ਦੇ ਦੋਵੀਂ ਪਾਸੀਂ ਲਗੇ ਹੋਏ ਹਨ। ਕਿਉਂਕਿ ਇਨ੍ਹਾਂ ਦੀ 'ਛਾਲ' (ਛਿੱਲੜ/ਸੱਕ) ਦਿਲ ਦੇ ਮਰੀਜ਼ਾਂ ਲਈ ਲਾਭਦਾਇਕ ਮੰਨਿਆ ਜਾਂਦਾ, ਇਸ ਲਈ ਇਨ੍ਹਾਂ ਰੁੱਖਾਂ ਦੀ 'ਛਾਲ' ਤਣਿਆਂ ਤੋਂ ਲੱਥੀ ਹੋਈ ਹੈ! ਸੁਹੰਜਨਾਂ ਅਤੇ 'ਇੰਨਸੂਲੀਨ ਪਲਾਂਟ', ਜਿਸ ਦੇ ਪੱਤੇ ਸ਼ੂਗਰ ਦੀ ਬੀਮਾਰੀ ਲਈ ਫਾਇਦੇਮੰਦ ਦਸੇ ਜਾਂਦੇ ਹਨ, ਵਰਗੇ ਨਾਯਾਬ ਔਸ਼ਧਿਕ ਪੌਦੇ ਵੀ ਹੋਰ ਅਨੇਕਾਂ 'ਹਰਬਲ' ਪੌਦਿਆਂ ਸਮੇਤ ਨਰਸਰੀ ਵਿਚ ਮੌਜੂਦ ਹਨ।

ਪਲਾਸਟਿਕ ਤੋਂ ਮੁਕਤੀ ਪਾਉਣ ਹਿਤ 'ਈਕੋ-ਬੈਗ' ਵੰਡੇ ਜਾਂਦੇ ਹਨ। ਇੱਕ ਪਾਸੇ 'ਵਾਤਾਵਰਣ ਦੀ ਰੱਖਿਆ, ਜੀਵਨ ਦੀ ਸੁਰੱਖਿਆ' ਅਤੇ 'ਸੇ ਨੋ ਟੂ ਪਲਾਸਟਿਕ ਬੈਗਜ਼' (ਪਲਾਸਟਿਕ ਦੇ ਬੈਗਾਂ ਨੂੰ ਨਾਂਹ ਕਹੋ) ਦਾ ਸੰਦੇਸ਼ ਅਤੇ ਦੂਸਰੇ ਪਾਸੇ ਗੁਰਮੁਖੀ ਦੀ ਪੈਂਤੀ-ਅੱਖਰੀ ਵਾਲੇ ਅਜਿਹੇ ਈਕੋ-ਬੈਗ ਹਜ਼ਾਰਾਂ ਦੀ ਗਿਣਤੀ 'ਚ ਵੰਡੇ ਜਾ ਚੁੱਕੇ ਹਨ।

ਵਾਤਾਵਰਨ ਦੀ ਸੰਭਾਲ, ਜੈਵਿਕ ਖੇਤੀ ਨੂੰ ਉਤਸ਼ਾਹਤ ਕਰਨ ਅਤੇ ਧਰਤੀ ਨੂੰ ਹਰੀ ਚਾਦਰ ਦੀ ਓੜਨੀ ਪ੍ਰਦਾਨ ਕਰਨ ਤੋਂ ਇਲਾਵਾ ਬਾਬਾ ਸੇਵਾ ਸਿੰਘ ਜੀ ਵਿਦਿਆ ਦੇ ਪਸਾਰ ਲਈ ਵੀ ਨਿਰੰਤਰ ਯਤਨਸ਼ੀਲ ਹਨ। ਉਨ੍ਹਾਂ ਦੀ ਦੇਖ-ਰੇਖ ਵਿਚ ਖਡੂਰ ਸਾਹਿਬ ਵਿਖੇ ਅਨੇਕਾਂ ਸਕੂਲ-ਕਾਲਜ ਚੱਲ ਰਹੇ ਹਨ। ਮੱਧ ਪ੍ਰਦੇਸ਼ ਵਿਚ ਵੀ ਸਕੂਲ ਅਤੇ ਅਕਾਡਮੀਆਂ ਚਲ ਰਹੀਆਂ ਹਨ।

ਪੰਜਾਬ, ਖਾਸ ਕਰਕੇ ਪਿੰਡਾਂ ਦੇ ਇਲਾਕਿਆਂ ਦੇ ਨੌਜਵਾਨਾਂ ਨੂੰ ਸਿਵਿਲ ਸੇਵਾਵਾਂ ਅਤੇ ਫੌਜ ਵਿਚ ਉਚ ਅਹੁਦਿਆਂ ਦੇ ਯੋਗ ਬਣਾਉਣ ਲਈ ਬਾਕਮਾਲ ਕੋਚਿੰਗ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਅੱਠ-ਮੰਜ਼ਿਲਾ ਨਿਸ਼ਾਨ-ਏ-ਸਿੱਖੀ ਦੀ ਅਦਭੁਤ ਭਵਨ ਉਸਾਰੀ ਦੀ ਕਲਾ ਦੇ ਨਮੂਨੇ ਦੀ ਵਿਸ਼ਾਲ ਤੇ ਕੁਦਰਤੀ ਰੌਸ਼ਨੀ ਨਾਲ ਮਾਲਾ-ਮਾਲ ਇਮਾਰਤ ਵਿਚ ਇਨ੍ਹਾਂ ਉਚ-ਦੁਮਾਲੜੇ ਕੋਰਸਾਂ ਦੀ ਕੋਚਿੰਗ ਦੇ ਨਾਲ-ਨਾਲ ਧਾਰਮਿਕ ਵਿਦਿਆ ਦੀ ਪੜ੍ਹਾਈ ਵੀ ਕਰਾਈ ਜਾਂਦੀ ਹੈ। ਇਥੇ ਅੱਤ-ਆਧੁਨਿਕ ਡਿਜਿਟਲ ਲਾਇਬਰੇਰੀ ਵੀ ਹੈ।

ਨਿਸ਼ਾਨ-ਏ-ਸਿੱਖੀ ਦੇ ਕੋਚਿੰਗ ਕੇਂਦਰ 'ਇੰਸਟੀਚਿਊਟ ਆਫ ਸਾਇੰਸ ਐਂਡ ਟਰੇਨਿੰਗ' 'ਚੋਂ ਸਿਖਲਾਈ ਪ੍ਰਾਪਤ ਹੁਣ ਤੀਕ ਕੁੱਲ 24 ਬੱਚੇ ਨੈਸ਼ਨਲ ਡਿਫੈਂਸ ਅਕੈਡਮੀ ਦੀ ਪ੍ਰੀਖਿਆ ਪਾਸ ਕਰ ਚੁੱਕੇ ਹਨ! ਇਸੇ ਸੰਸਥਾ ਦੇ 90 ਕੈਡੇਟਸ ਮਰਚੈਂਟ ਨੇਵੀ ਵਿਚ ਚੁਣੇ ਜਾ ਚੁਕੇ ਹਨ। ਬਾਬਾ ਸੇਵਾ ਸਿੰਘ ਅਨੁਸਾਰ ਹੁਣ ਅਗਲਾ ਟੀਚਾ ਯੂ.ਪੀ.ਐਸ.ਸੀ. ਪ੍ਰੀਖਿਆਵਾਂ 'ਚ ਸਫਲਤਾ ਲਈ ਵਿਦਿਆਰਥੀਆਂ ਨੂੰ ਤਿਆਰ ਕਰਨਾ ਹੈ।

ਗੁਰੂ ਅੰਗ ਸੰਗ ਹੋਵੇ, ਨੀਅਤ ਨੇਕ ਅਤੇ ਨਿਸ਼ਚਾ ਦ੍ਰਿੜ ਹੋਵੇ ਤਾਂ ਭਲਾ ਮੰਜ਼ਿਲਾਂ ਕਿਵੇਂ ਨਾ ਸਰ ਹੋਣਗੀਆਂ!

---

*(ਪਿਛਲੇ ਸਫੇ ਦਾ ਬਾਕੀ)*

ਸਰਕਾਰੀ ਫ਼ਜ਼ੂਲਖਰਚੀ ਅਤੇ ਵੀ ਪੀ ਆਈ ਸਭਿਆਚਾਰ ਨੂੰ ਖਤਮ ਕਰਨਾ ਅਤੇ ਹੋਰ ਕਰਜ਼ੇ ਲੈਣ ਤੋਂ ਬਚਾਅ ਕਰਨ ਲਈ ਸੰਤੁਲਿਤ ਬਜਟ ਬਣਾਉਣਾ ਆਦਿ ਜ਼ਰੂਰੀ ਕਦਮ ਹਨ। ਇਸ ਸਬੰਧ ਵਿਚ ਪੰਜਾਬੀ ਫੋਰਮ ਟੋਰਾਂਟੋ ਦੇ ਕਨਵੀਨਰ ਦੇ ਤੌਰ 'ਤੇ ਉਸ ਵਲੋਂ ਮੌਜੂਦਾ ਪੰਜਾਬ ਸਰਕਾਰ ਨੂੰ ਕੁਝ ਸੁਝਾਅ ਵੀ ਭੇਜੇ ਜਾਂਦੇ ਰਹੇ ਸਨ। ਇਸ ਦੇ ਨਾਲ ਹੀ ਪੰਜਾਬ ਦੇ ਵਿਕਾਸ ਲਈ ਸਰਕਾਰ ਵਲੋਂ ਨਿਵੇਸ਼ ਅਤੇ ਵਿਕਾਸ ਯੋਜਨਾ ਤਿਆਰ ਕਰਕੇ ਲਾਗੂ ਕਰਨਾ ਇੱਕ ਚੰਗਾ ਕਦਮ ਹੋ ਸਕਦਾ ਹੈ। ਨੌਜਵਾਨਾਂ ਲਈ ਰੁਜ਼ਗਾਰ ਪੈਦਾ ਕਰਨ ਅਤੇ ਕਿਸਾਨਾਂ ਅਤੇ ਪੇਂਡੂ ਮਜ਼ਦੂਰਾਂ ਦੀ ਆਮਦਨ ਵਧਾਉਣ ਲਈ ਖੇਤੀ ਅਧਾਰਤ ਸਨਅਤਾਂ ਦਾ ਵਿਕਾਸ ਕਰਨਾ ਲਾਜ਼ਮੀ ਹੈ। ਵਾਤਾਵਰਣ ਨੂੰ ਬਚਾਉਣ ਲਈ ਪਾਣੀਆਂ ਦੀ ਬਚਤ ਅਤੇ ਥਰਮਲ ਬਿਜਲੀ ਦੀ ਬਜਾਏ ਸੂਰਜੀ ਊਰਜਾ ਦੇ ਪਲਾਂਟ ਮਦਦਗਾਰ ਸਾਬਤ ਹੋ ਸਕਦੇ ਹਨ। ਮਨੁੱਖੀ ਸਿਰਜਣਾਤਮਕਤਾ ਨੂੰ ਹੁਲਾਰਾ ਦੇਣ ਲਈ ਖੋਜ ਅਤੇ ਵਿਕਾਸ ਨੂੰ ਤਰਜੀਹ ਦੇਣ ਬਾਰੇ ਸੁਝਾਅ ਦਿੱਤਾ ਗਿਆ ਹੈ। ਮਨੁੱਖੀ ਸਿਰਜਣਹਾਰਤਾ ਨੂੰ ਇਨਸਾਨੀ ਜ਼ਿੰਦਗੀ ਦਾ ਹਿੱਸਾ ਬਣਾਉਣ ਵਾਸਤੇ ਵਿਦਿਅਕ ਸੰਸਥਾਵਾਂ ਅਤੇ ਸਿਹਤ ਸੇਵਾਵਾਂ ਦੇ ਮਿਆਰ ਵਿਚ ਠੋਸ ਸੁਧਾਰ ਕਾਫ਼ੀ ਕਾਰਗਰ ਸਾਬਤ ਹੋ ਸਕਦੇ ਹਨ। ਇਹ ਸਬਕ ਉਸ ਵਲੋਂ ਪਛਮੀ ਮੁਲਕਾਂ ਦੇ ਵਿਕਾਸ ਦੇ ਅਧਿਐਨ ਤੋਂ ਪ੍ਰਾਪਤ ਕੀਤੇ ਗਏ ਹਨ। ਗੁਣਾਤਮਕ ਤਬਦੀਲੀਆਂ ਅਤੇ ਲੋਕਾਂ ਦੀ ਵਿਕਾਸ ਵਿਚ ਸ਼ਮੂਲੀਅਤ ਕਰਵਾਉਣ ਵਾਸਤੇ ਦੂਹੜੇ ਕਾਰਪੋਰੇਟ ਵਿਕਾਸ ਦੇ ਮਾਡਲ ਦੇ ਮੁਕਾਬਲੇ ਕੋਆਪਰੇਟਿਵ ਮਾਡਲ ਨੂੰ ਤਰਜੀਹ ਦਿੰਦਾ ਹੈ। ਸਨਅਤੀਕਰਨ ਅਤੇ ਨਵੀਨੀਕਰਨ ਦੇ ਨਾਲ ਉਹ ਪੰਜਾਬ ਨੂੰ ਖੇਤੀ ਤੋਂ ਅਗਲੇ ਦੌਰ ਵਿਚ ਲਿਜਾਣ ਦਾ ਮੁੱਦਈ ਹੈ।

ਪੰਜਾਬ ਦੇ ਖੇਤੀ ਸੰਕਟ ਨੂੰ ਹੱਲ ਕਰਨ ਲਈ ਦੂਹੜੇ ਵਲੋਂ ਠੋਸ ਸੁਝਾਅ ਦਿੱਤੇ ਗਏ ਹਨ। ਪੰਜਾਬ ਟਾਈਮਜ਼ (26 ਜਨਵਰੀ 2022) ਵਿਚ ਉਸ ਦੀ ਲਿਖਤ 'ਪੰਜਾਬ ਦਾ ਖੇਤੀ ਸੰਕਟ: ਤੀਜੇ ਬਦਲ ਦੀ ਭਾਲ', ਵਿਚ ਉਸ ਦਾ ਮੰਨਣਾ ਹੈ ਕਿ ਖੇਤੀ ਨੂੰ ਆਰਥਿਕ ਅਤੇ ਵਾਤਾਵਰਣ ਦੇ ਨਜ਼ਰੀਏ ਤੋਂ ਵਿਕਸਤ ਕਰਨਾ ਚਾਹੀਦਾ ਹੈ। ਉਹ ਪੰਜਾਬ ਦੇ ਮੌਜੂਦਾ ਖੇਤੀ ਮਾਡਲ ਨੂੰ ਬਦਲਣ ਦੇ ਹੱਕ ਵਿਚ ਹੈ। ਮੌਜੂਦਾ ਖੇਤੀ ਮਾਡਲ ਵਿਚ ਛੋਟੇ ਛੋਟੇ ਕਿਸਾਨ ਆਪਣੀਆਂ ਜੋਤਾਂ 'ਤੇ ਨਿਜੀ ਤੌਰ 'ਤੇ ਖੇਤੀ ਕਰਦੇ ਹਨ। ਇਹ ਮਾਡਲ ਨਾ ਤਾਂ ਵਾਤਾਵਰਣ ਨੂੰ ਬਚਾਉਣ ਜਾਂ ਖੇਤੀ ਨੂੰ ਲਾਹੇਵੰਦ ਬਣਾਉਣ ਅਤੇ ਨਾ ਹੀ ਪੇਂਡੂ ਲੋਕਾਂ ਦੀਆਂ ਆਤਮਹੱਤਿਆਵਾਂ ਨੂੰ ਰੋਕ ਸਕਦਾ ਹੈ। ਖੇਤੀ ਵਿਚ ਜੋਤਾਂ ਛੋਟੀਆਂ ਹਨ ਅਤੇ ਵਧੇਰੇ ਮਸ਼ੀਨੀਕਰਨ ਹੋਣ ਕਾਰਨ ਬਹੁਤੇ ਕਿਸਾਨਾਂ ਦੀਆਂ ਜੋਤਾਂ ਲਾਹੇਵੰਦ ਨਹੀਂ ਰਹੀਆਂ। ਇਸ ਕਰਕੇ ਛੋਟੇ ਕਿਸਾਨ ਅਤੇ ਖੇਤ ਮਜ਼ਦੂਰ ਆਤਮਹੱਤਿਆਵਾਂ ਕਰ ਰਹੇ ਹਨ। ਇਸ ਨੂੰ ਬਦਲਣ ਦੀ ਅਜੋਕੇ ਸਮੇਂ ਵਿਚ ਸਖ਼ਤ ਜ਼ਰੂਰਤ ਹੈ। ਨਵੇਂ ਖੇਤੀ ਮਾਡਲ ਦੀ ਭਾਲ ਵਿਚ ਉਹ ਖੁੱਲ੍ਹੀ ਮੰਡੀ ਵਾਲੇ ਅਮਰੀਕੀ ਖੇਤੀ ਮਾਡਲ ਨੂੰ ਪੰਜਾਬ ਵਾਸਤੇ ਮਾਫ਼ਕ ਨਹੀਂ ਸਮਝਦਾ। ਇਹ ਮਾਡਲ ਅਮਰੀਕੀ ਕਿਸਾਨਾਂ ਦੀਆਂ ਜੋਤਾਂ ਵੱਡੀਆਂ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਖ਼ੁਦਕੁਸ਼ੀਆਂ ਨੂੰ ਰੋਕਣ ਤੋਂ ਅਸਮਰਥ ਰਿਹਾ ਹੈ। ਇਸ ਕਰਕੇ ਉਹ ਪੰਜਾਬ ਦੀ ਖੇਤੀ ਬਾਰੇ ਤੀਜੇ ਮਾਡਲ ਦੀ ਭਾਲ ਦੀ ਗੱਲ ਕਰਦਾ ਹੈ। ਇਸ ਸਬੰਧ ਵਿਚ ਉਹ ਕੈਨੇਡੀਅਨ ਖੇਤੀ ਮਾਡਲ ਤੋਂ ਪ੍ਰਭਾਵਿਤ ਲਗਦਾ ਹੈ। ਕੈਨੇਡੀਅਨ ਖੇਤੀ ਮਾਡਲ ਵਿਚ ਕਿਸਾਨ ਆਪਣੇ ਮਾਰਕੀਟਿੰਗ ਬੋਰਡ ਬਣਾ ਕੇ ਖੇਤੀ ਵਸਤਾਂ ਦੀ ਕੀਮਤ ਆਪ ਤੈਅ ਕਰਦੇ ਹਨ। ਸਰਕਾਰ ਤੋਂ ਸਮਰਥਨ ਲੈਣ ਤੋਂ ਬਗੈਰ ਹੀ ਇਹ ਬੋਰਡ ਖੇਤੀ ਵਿਚ ਕਿਸਾਨਾਂ ਨੂੰ ਲੋੜੀਂਦੇ ਮੁਨਾਫ਼ੇ ਪ੍ਰਾਪਤ ਕਰਨ ਵਿਚ ਮਦਦ ਕਰਦੇ ਹਨ। ਕੈਨੇਡੀਅਨ ਸਰਕਾਰ ਵਲੋਂ ਖੇਤੀ ਵਪਾਰ ਵਿਚ ਇੱਕ ਵਿਦੇਸ਼ੀ ਕੰਪਨੀ ਦੀ ਦਖ਼ਲਅੰਦਾਜ਼ੀ ਨਾਲ ਇਸ ਖੇਤੀ ਮਾਡਲ ਨੂੰ ਖ਼ਤਰੇ ਵਿਚ ਪਾ ਦਿੱਤਾ ਗਿਆ ਹੈ। ਇਸ ਕਰਕੇ ਉਸ ਵਲੋਂ ਪੰਜਾਬ ਵਾਸਤੇ ਕੋਆਪਰੇਟਿਵ ਖੇਤੀ ਵਾਲੇ ਦੋ ਮਾਡਲਾਂ ਵਿਚੋਂ ਕਿਸੇ ਇੱਕ ਨੂੰ ਅਪਨਾਉਣ ਵਾਸਤੇ ਸਲਾਹ ਦਿੱਤੀ ਗਈ ਹੈ। ਇੱਕ ਮਾਡਲ ਪੰਜਾਬ ਦੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਕਾਂਗੜੀ ਲਾਂਬੜਾ ਪਿੰਡ ਦੇ ਕੋਆਪ੍ਰੇਟਿਵ ਮਾਰਕੀਟਿੰਗ ਮਾਡਲ ਦਾ ਅਧਿਐਨ ਕਰਕੇ ਪੰਜਾਬ ਦੇ ਹੋਰ ਪਿੰਡਾਂ ਵਿਚ ਅਪਣਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਸਪੇਨ ਦੇ ਕਿਸਾਨਾਂ ਵਲੋਂ ਕੋਆਪ੍ਰੇਟਿਵ ਮਾਡਲ ਦਾ ਅਧਿਐਨ ਕਰਨ ਦੀ ਸਿਫਾਰਸ਼ ਵੀ ਕੀਤੀ ਗਈ ਹੈ। ਇਹ ਕਿਸਾਨਾਂ ਵਲੋਂ ਸਥਾਪਤ ਕਾਰਪੋਰੇਟ ਕੰਪਨੀਆਂ ਬਣਾਉਣ 'ਤੇ ਜ਼ੋਰ ਦਿੰਦਾ ਹੈ। ਇਹ ਮਾਡਲ ਕਿਸਾਨਾਂ ਵਲੋਂ ਆਪਣੀਆਂ ਕੰਪਨੀਆਂ ਬਣਾ ਕੇ ਖੇਤੀ ਪਦਾਰਥਾਂ ਦੀ ਮਾਰਕੀਟਿੰਗ ਅਤੇ ਪ੍ਰੋਸੈਸਿੰਗ ਕਰਕੇ ਕਿਸਾਨਾਂ ਨੂੰ ਲੋੜੀਂਦੇ ਮੁਨਾਫ਼ੇ ਦੇਣ ਵਿਚ ਕਾਮਯਾਬੀ ਨਾਲ ਸਪੇਨ ਦੇਸ਼ ਵਿਚ ਕੰਮ ਕਰ ਰਿਹਾ ਹੈ। ਇਸ ਮਾਡਲ ਨੂੰ ਮੌਂਡਰਾਗੌਨ ਕੋਆਪਰੇਟਿਵ ਮਾਡਲ ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਬਲਦੇਵ ਦੂਹੜੇ ਕਿਸਾਨਾਂ ਨੂੰ ਕੋਆਪਰੇਟਿਵ ਸੰਸਥਾਵਾਂ ਰਾਹੀਂ ਖੇਤੀਬਾੜੀ ਦੇ ਉਤਪਾਦਨ ਦੇ ਨਾਲ-ਨਾਲ ਮਾਰਕੀਟਿੰਗ ਅਤੇ ਪ੍ਰੋਸੈਸਿੰਗ ਵਿਚ ਸ਼ਾਮਲ ਕਰਨ ਦੇ ਹੱਕ ਵਿਚ ਨਜ਼ਰ ਆਉਂਦਾ ਹੈ। ਇਸ ਨਾਲ ਵਾਤਾਵਰਣ ਵੀ ਬਚਾਇਆ ਜਾ ਸਕਦਾ ਹੈ ਅਤੇ ਖੇਤੀ ਸੰਕਟ ਨੂੰ ਹੱਲ ਕਰਕੇ ਪੰਜਾਬ ਨੂੰ ਵਿਕਾਸ ਦੇ ਅਗਲੇ ਦੌਰ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਬਲਦੇਵ ਦੂਹੜੇ ਸਿਰਫ਼ ਪੰਜਾਬ ਦੇ ਲੋਕਾਂ ਦੀ ਤਰੱਕੀ ਅਤੇ ਲੋਕ ਭਲਾਈ ਹੀ ਨਹੀਂ ਸਗੋਂ ਸਾਰੀ ਦੁਨੀਆਂ ਦੇ ਆਮ ਲੋਕਾਂ ਦੀ ਭਲਾਈ ਦਾ ਹਾਮੀ ਸੀ। ਉਸ ਵਲੋਂ ਮੇਰੇ ਨਾਲ ਰਲ ਕੇ ਸੰਨ 2021 ਵਿਚ ਇੱਕ ਦਸਤਾਵੇਜ਼ ਤਿਆਰ ਕੀਤਾ ਸੀ ਜਿਸ ਦਾ ਮਨੋਰਥ ਕੈਨੇਡਾ ਵਿਚ ਵਸਦੇ ਹਰ ਵਿਅਕਤੀ ਨੂੰ ਘੱਟੋ-ਘੱਟ ਆਮਦਨ ਦੇਣ ਦਾ ਸੁਝਾਅ ਦਿੱਤਾ ਗਿਆ ਸੀ। ਉਸ ਦਾ ਵਿਚਾਰ ਸੀ ਕਿ ਮਨਸੂਈ ਬੁੱਧੀ ਅਤੇ ਰੋਬੋਟਾਂ ਦੇ ਉਤਪਾਦਨ ਵਿਚ ਵਿਆਪਕ ਵਰਤੋਂ ਨਾਲ ਆਉਣ ਵਾਲੇ ਭਵਿਖ ਵਿਚ ਬੇਰੁਜ਼ਗਾਰੀ ਵਿਚ ਕਾਫੀ ਵਾਧਾ ਹੋ ਸਕਦਾ ਹੈ। ਬੇਰੁਜ਼ਗਾਰੀ ਤੋਂ ਪ੍ਰਭਾਵਿਤ ਵਿਅਕਤੀਆਂ ਨੂੰ ਸਰਕਾਰ ਵਲੋਂ ਘੱਟੋ-ਘੱਟ ਆਮਦਨ ਦਿੱਤੀ ਜਾਵੇ ਤਾਂ ਕਿ ਉਹ ਮਾਣ-ਸਨਮਾਨ ਦੀ ਜ਼ਿੰਦਗੀ ਬਸਰ ਕਰ ਸਕਣ।

ਦੂਹੜੇ ਦੀਆਂ ਵਾਰਤਕ ਲਿਖਤਾਂ ਦੀ ਭਾਸ਼ਾ ਸਰਲ ਹੋਣ ਕਾਰਨ ਆਮ ਪੰਜਾਬੀ ਪਾਠਕਾਂ ਨੂੰ ਸਮਝ ਆਉਂਦੀ ਹੈ। ਉਸ ਦੀ ਖੋਜ ਵਿਧੀ ਤਰਕ 'ਤੇ ਅਧਾਰਿਤ ਹੈ। ਉਹ ਸੁਭਾਅ ਤੋਂ ਬਹੁਤ ਸੰਤੁਸ਼ਟ, ਸਬਰ ਵਾਲੇ ਅਤੇ ਮਨੁੱਖਤਾਵਾਦੀ ਇਨਸਾਨ ਸਨ। ਇਹ ਵਰਤਾਰਾ ਉਨ੍ਹਾਂ ਦੇ ਅਟਾਰਨੀ ਜਨਰਲ ਟੋਰਾਂਟੋ ਦੇ ਦਫ਼ਤਰ ਵਿਚ ਨੌਕਰੀ ਸਮੇਂ ਕੰਮ ਕਰਨ ਤੋਂ ਵੀ ਸਾਹਮਣੇ ਆਉਂਦਾ ਸੀ। ਉਹ ਹੋਰਨਾਂ ਨਾਲ ਵਿਚਰਦੇ ਸਮੇਂ ਕਿਸੇ ਨੂੰ ਕੌੜਾ ਨਹੀਂ ਬੋਲਦੇ ਸਨ ਅਤੇ ਕਿਸੇ ਦੀ ਚੁਗਲੀ ਨਿੰਦਿਆ ਤੋਂ ਵੀ ਪਰਹੇਜ਼ ਕਰਦੇ ਸਨ। ਇਸ ਕਰਕੇ ਉਨ੍ਹਾਂ ਦੇ ਦੋਸਤਾਂ ਦਾ ਦਾਇਰਾ ਉਨਾ ਹੀ ਵੱਡਾ ਸੀ ਜਿੰਨਾ ਸੋਚਣ ਦਾ ਦਾਇਰਾ।


ਬਲਦੇਵ ਦਹੜੇ ਦੀ ਪਹਿਲਕਦਮੀ ਨਾਲ ਪਿਛਲੇ ਪੰਜ ਛੇ ਵਰ੍ਹਿਆਂ ਤੋਂ ਬਰੈਂਪਟਨ ਤੇ ਮਿਸੀਸਾਗਾ ਦੇ ਕੇਝ ਮਿੱਤਰ ਪਿਆਰਿਆਂ ਨੇ ਮਿਲ ਕੇ ਪੰਜਾਬੀ ਥਿੰਕਰਜ਼ ਫੋਰਮ ਬਣਾਇਆ ਹੋਇਆ ਸੀ। ਜਿਸ ਦੇ ਇਕੱਠਾਂ ਵਿਚ ਪੰਜਾਬ ਨਾਲ ਸਬੰਧਤ ਮਸਲਿਆਂ ਤੋਂ ਛੁੱਟ ਅਕਸਰ ਹੀ ਇਨਸਾਨੀਅਤ ਦੇ ਭਵਿੱਖ 'ਤੇ ਅਸਰਅੰਦਾਜ਼ ਹੋ ਰਹੀਆਂ ਕੌਮੀ ਅਤੇ ਕੌਮਾਂਤਰੀ ਸਮੱਸਿਆਵਾਂ 'ਤੇ ਵੀ ਵਿਚਾਰ ਚਰਚੇ ਹੁੰਦੇ ਰਹਿੰਦੇ ਸੀ। ਅਤੇ ਕਨਵੀਨਰ ਦੂਹੜੇ ਵਲੋਂ ਆਪਣੇ ਪ੍ਰਤੀਕਰਮ ਮੀਡੀਆ ਵਿਚ ਵੀ ਭੇਜੇ ਜਾਂਦੇ ਸਨ। ਇਸ ਫੋਰਮ ਵਿਚ ਪੰਜਾਬ ਹਾਈ ਕੋਰਟ ਦੇ ਸੀਨੀਅਰ ਐਡ. ਜੋਗਿੰਦਰ ਸਿੰਘ ਤੂਰ ਤੇ ਯਾਦਵਿੰਦਰ ਸਿੰਘ ਤੂਰ, ਗੁਰਦਿਆਲ ਬੱਲ, ਪੰਜਾਬੀ ਸਭਿਆਚਾਰ ਸ਼ਾਸਤੀ ਪ੍ਰੋ. ਨਾਹਰ ਸਿੰਘ, ਗੁਰਬਾਣੀ ਸੰਗੀਤ ਦੇ ਪਾਰਖੂ ਪੂਰਨ ਸਿੰਘ ਪਾਂਧੀ, ਸਾਹਿਤਕ ਟਿੱਪਣੀਕਾਰ ਬਲਰਾਜ ਚੀਮਾ, ਪੰਜਾਬੀ ਕਵੀ ਗੁਰਦੇਵ ਚੌਹਾਨ, ਸ. ਇੰਦਰਦੀਪ ਸਿੰਘ, ਹਜ਼ਾਰਾ ਸਿੰਘ, ਹਰਜੀਤ ਗਿੱਲ ਅਤੇ ਕ੍ਰਿਸ਼ਨ ਚੰਦ ਆਦਿ ਸੱਜਣ ਬੜੇ ਉਤਸ਼ਾਹ ਨਾਲ ਸ਼ਾਮਲ ਹੁੰਦੇ ਸਨ।

ਇਨ੍ਹਾਂ ਤੋਂ ਇਲਾਵਾ ਕਦੇ ਕਦੇ, ਬਲਰਾਜ ਦਿਓਲ, ਸ਼ਮੀਲ ਅਤੇ ਜਗੀਰ ਸਿੰਘ ਕਾਹਲੋਂ ਵੀ ਆ ਜਾਇਆ ਕਰਦੇ ਸਨ। ਇਸ ਫੋਰਮ ਵਲੋਂ ਤੂਰ ਭਰਾਵਾਂ ਦੇ ਵਿਹੜੇ ਵਿਚ ਪਾਕਿਸਤਾਨੀ ਚਿੰਤਕ ਇਸ਼ਤਿਆਕ ਅਹਿਮਦ ਦੀਆਂ ਵੰਡ ਬਾਰੇ ਕਿਤਾਬਾਂ ਸ਼ਮੀਲ ਵਲੋਂ ਗੁਰੂ ਗੋਬਿੰਦ ਸਿੰਘ ਦੇ ਭਗੌਤੀ ਦੇ ਤਸੱਵਰ ਨੂੰ ਨਵੇਂ ਅਰਥਾਂ ਵਿਚ ਸਮਝਣ ਲਈ ਲਿਖੀ ਕਾਵਿ ਪੁਸਤਕ 'ਤੇਗ' ਅਤੇ ਜੋਗਿੰਦਰ ਸਿੰਘ ਤੂਰ ਦੀ ਪੁਸਤਕ ਵੰਡ ਦੀ 'ਅਕੱਥ ਕਥਾ' ਨੂੰ ਲੈ ਕੇ ਮੁਲਵਾਨ ਮੀਟਿੰਗਾਂ ਹੋਈਆਂ ਅਤੇ ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵੀਸੀ ਡਾ. ਅਰਵਿੰਦ ਨਾਲ ਗੱਲਬਾਤ ਵੀ ਵਧੀਆ ਰਹੀ ਸੀ।

***-ਨੋਟ: ਇਸ ਲਿਖਤ ਨੂੰ ਲਿਖਣ ਵਾਸਤੇ ਸੁਖਵੰਤ ਹੁੰਦਲ ਅਤੇ ਗੁਰਦਿਆਲ ਬੱਲ ਵਲੋਂ ਬਲਦੇਵ ਦੂਹੜੇ ਦੇ ਪੁਰਾਣੇ ਆਰਟੀਕਲ ਮੁਹਾਇਆ ਕਰਵਾਏ ਗਏ ਹਨ। ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਜਾਂਦਾ ਹੈ।***

# ਸਤਿੰਦਰ ਸਰਤਾਜ ਦੀ ਗਾਇਕੀ ਦਾ ਨਵਾਂ ਮੀਲ ਪੱਥਰ

## ਹਿੰਦ ਦੀ ਚਾਦਰ




ਸਤਿੰਦਰ ਸਰਤਾਜ ਨੇ ਹਮੇਸ਼ਾ ਲੀਕ ਤੋਂ ਹਟ ਕੇ ਗਾਇਆ ਹੈ। ਪ੍ਰਸਿੱਧੀ ਵੀ ਹਾਸਲ ਕੀਤੀ ਹੈ। ਸਰਤਾਜ ਦੀ ਗਾਇਕੀ ਜਿੱਥੇ ਰੂਹਾਂ ਨੂੰ ਸਰਸ਼ਾਰ ਕਰਦੀ ਹੈ ਉੱਥੇ ਉਸਦੀ ਕਲਮ 'ਚੋਂ ਨਿਕਲਿਆਂ ਇੱਕ ਇੱਕ ਲਫ਼ਜ਼ ਧੁਰ ਅੰਦਰ ਤੱਕ ਝੰਜੋੜ ਕੇ ਰੱਖ ਦਿੰਦਾ ਹੈ। ਇਕ ਧਾਰਮਿਕ ਪੱਖ ਤੋਂ ਉਸ ਵੱਲੋਂ ਗਾਈਆਂ ਪੰਜਾਬੀ ਸਾਹਿਤ ਔਖੀਆਂ ਦੀਆਂ ਔਖੀਆਂ ਸਿਨਫ਼ਾਂ (ਜ਼ਫ਼ਰਨਾਮਾ, ਜਾਪੁ ਸਾਹਿਬ) ਵੀ ਪੰਜਾਬੀ ਗਾਇਕੀ ਦਾ ਸਿਖ਼ਰ ਹੋ ਨਿਬੜੀਆਂ। ਜਿਸ ਤਰ੍ਹਾਂ ਉਰਦੂ ਦੇ ਮਰਹੂਮ ਸ਼ਾਇਰ ਜਨਾਬ ਮਿਰਜ਼ਾ ਗ਼ਾਲਿਬ ਬਾਰੇ ਬੇਹੱਦ ਮਕਬੂਲ ਸੀ 'ਸੁਖ਼ਨਵਰ ਤੋਂ ਬਹੁਤ ਹੈਂ ਜ਼ਮਾਨੇ ਮੇਂ, ਗ਼ਾਲਿਬ ਕਾ ਅੰਦਾਜ਼ੇ ਬਿਆਂ ਕੁਛ ਔਰ ਹੈ'। ਇਹੋ ਕਥਨ ਅਜੋਕੇ ਦੌਰ ਦੇ ਗਾਇਕ ਸਤਿੰਦਰ ਸਰਤਾਜ 'ਤੇ ਬਾਖ਼ੂਬੀ ਢੁੱਕਦਾ ਹੈ। ਹਾਲ ਹੀ ਵਿਚ ਡਾ. ਸਰਤਾਜ ਵਲੋਂ ਨੌਵੇਂ ਗੁਰੂ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਰਧਾਂਜ਼ਲੀ 'ਹਿੰਦ ਕੀ ਚਾਦਰ' ਨੂੰ ਇਕ ਵੱਖਰੇ ਨੁਕਤਾ-ਏ-ਨਿਗਾਹ ਤੋਂ ਪੇਸ਼ ਕੀਤਾ ਗਿਆ ਹੈ ਜੋ ਪੰਜਾਬੀ ਗਾਇਕੀ




ਦਾ ਮੀਲ ਪੱਥਰ ਸਾਬਿਤ ਹੋਵੇਗਾ। ਡਾ. ਸਰਤਾਜ ਨੇ ਗੁਰੂ ਸਾਹਿਬ ਦੇ ਪਰੇ ਜੀਵਨ ਦੇ ਘਟਨਾਕ੍ਰਮ ਅਤੇ ਸ਼ਹਾਦਤ ਨੂੰ 4 ਮਿੰਟ 45 ਸੈਕਿੰਡ ਵਿਚ ਮਾਰਮਿਕ ਰੂਪ ਵਿਚ ਪੇਸ਼ ਕਰਕੇ ਪੂਰੇ ਹਿੰਦੋਸਤਾਨ ਦਾ ਦਿਲ ਜਿੱਤ ਲਿਆ ਹੈ। ਗੁਰੂ ਸਾਹਿਬ ਦੇ ਧਰਮਾਂ ਦੇ ਲੋਕਾਂ ਤੱਕ ਪਹੁੰਚਾਉਣ ਲਈ ਸਰਤਾਜ ਨੇ ਸੰਦੇਸ਼ ਨੂੰ ਦੂਸਰੇ ਹਿੰਦੀ ਭਾਸ਼ਾ ਦਾ ਉਪਯੋਗ ਕਰਕੇ ਇਕ ਨੇਕ ਉਪਰਾਲਾ ਕੀਤਾ ਹੈ। ਹਿੰਦੋਸਤਾਨ ਦੀ ਅਜੋਕੀ ਨੌਜਵਾਨ ਪੀੜ੍ਹੀ ਜੋ ਗੁਰੂ ਸਾਹਿਬ ਦੇ ਜੀਵਨ ਅਤੇ ਸ਼ਹਾਦਤ ਤੋਂ ਨਾਵਾਕਿਫ਼ ਹੈ ਉਸ ਤੱਕ ਇਹ ਸੰਦੇਸ਼ ਬਾਖ਼ੂਬੀ ਪਹੁੰਚੇਗਾ। ਗੀਤ ਨੂੰ ਸੁਣਨ ਉਪਰੰਤ ਵੱਖ-ਵੱਖ ਧਰਮਾਂ ਦੇ ਲੋਕਾਂ ਵਲੋਂ ਕੀਤੀਆਂ ਗਈਆਂ ਸਾਰਥਕ ਟਿੱਪਣੀਆਂ 'ਚ ਸਿੱਖ ਧਰਮ ਪ੍ਰਤੀ ਪ੍ਰਗਟਾਈ ਗਈ ਸ਼ਰਧਾ ਤੇ ਇਸ ਗੱਲ ਦੀ ਸ਼ਾਹਦੀ ਭਰਦੀਆਂ ਹਨ। ਡਾ. ਸਰਤਾਜ ਵਲੋਂ ਗੁਰੂ ਸਾਹਿਬ ਦੀ ਉਪਮਾ 'ਚ ਵਰਤੇ ਗਏ ਅਲੰਕਾਰ, ਬਿੰਬ ਅਤੇ ਰਸਾਂ ਨਾਲ ਭਰਪੂਰ ਸ਼ਬਦ ਅਠਖੇਲੀਆਂ ਕਰਦੇ ਹੋਏ ਨਜ਼ਰ ਆਉਂਦੇ ਹਨ। ਗੀਤ ਸੁਣਦਿਆਂ ਸਮੁੱਚਾ ਵਾਤਾਵਰਨ ਪਿਆਰ ਅਤੇ ਕੁਰਬਾਨੀ ਦੇ ਜਜ਼ਬੇ ਦੇ ਰੰਗ 'ਚ ਰੰਗਿਆ ਜਾਂਦਾ ਹੈ। ਗੀਤ ਦੀ ਸ਼ੁਰੂਆਤ ਹੀ ਦੇਖੋ 'ਨੌਵੇਂ ਗੁਰੂ ਪੈਦਾ ਹੁਏ ਗੁਰੂ ਕੇ ਮਹਿਲ ਮੇਂ ਥਾਂ

ਅੰ ਮਿ ਤ ਸ ਰ ਹਰਗੋਬਿੰਦ ਜੀ ਕੀ ਟਹਿਲ ਮੇ।' ਗੁਰੂ ਸਾਹਿਬ ਦੇ ਨਾਮਕਰਨ ਦੀ ਘਟਨਾ ਵੀ ਅਲੌਕਿਕ ਬਿਆਨੀ ਹੈ 'ਬਹਾਦਰੀ ਬਾਲਕ ਕੀ ਦੇਖ ਦੇਗ ਦੇ ਦੀਏ, ਤਿਆਗ ਮੱਲ ਕੋ ਨਾਮ ਤਬ ਸੇ ਤੇਗ ਦੇ ਦੀਏ' ਗੁਰੂ ਸਾਹਿਬ ਦੇ ਦਿੱਲੀ ਦੇ ਚਾਂਦਨੀ ਚੌਂਕ 'ਚ ਹੋਈ ਸ਼ਹੀਦੀ ਦਾ ਦ੍ਰਿਸ਼ ਚਿਤਰਨ ਬੀਤੇ ਸਮੇਂ ਸਾਕੇ ਦੇ ਨੂੰ ਸਾਹਮਣੇ ਲਿਆਉਣ ਦੇ ਨਾਲ-ਨਾਲ ਗੁਰੂ ਸਾਹਿਬ ਦੀ ਸ਼ਹੀਦੀ ਉਪਰੰਤ ਹੋਣ ਵਾਲੇ ਕ੍ਰਾਂਤੀਕਾਰੀ ਪਰਿਵਤਨ ਦੀ ਭਵਿੱਖ ਬਾਣੀ ਵੀ ਕਰਦਾ ਹੈ, 'ਉਸ ਨੂਰ ਨੇ ਦਿੱਲੀ ਕੋ ਪੁਰਨੂਰ ਕਰ ਦੀਆ,

## ਕਲਾ ਪਰਿਕਰਮਾ

ਸ਼ਹਾਦਤੋਂ ਨੇ ਚਾਂਦਨੀ ਸੇ ਚੌਂਕ ਭਰ ਦੀਆ। ਗੁਰੂ ਸਾਹਿਬ ਦੀ ਸ਼ਹਾਦਤ ਕਿਸੇ ਖਾਸ ਮਜ਼ਹਬ ਦੇ ਲੋਕਾਂ ਲਈ ਨਾ ਹੋ ਕੇ ਸਮੁੱਚੀ ਮਾਨਵਜਾਤੀ ਲਈ ਹੈ ਜਿਸ ਨੂੰ ਡਾ. ਸਰਤਾਜ ਲਿਖਦਾ ਹੈ, 'ਔਰੋਂ ਕੇ ਲੀਏ ਜੋ ਗੁਰੂ ਸ਼ਹੀਦ ਹੋ ਗਏ, ਫਿਰ ਹਰ ਮਜ਼ਹਬ ਕੇ ਲੋਗ ਹੀ ਮਰੀਦ ਹੋ ਗਏ'। ਨਫ਼ਰਤਾਂ ਨੂੰ ਅਮਨ ਦੀ ਅਸੀਸ ਦੇਣ ਵਰਗੇ ਵਿਰੋਧਭਾਸ ਦੀ ਵਰਤੋਂ ਸਰਤਾਜ ਵਰਗਾ ਸੰਜੀਦਾ ਗਾਇਕ ਤੇ ਗੀਤਕਾਰ ਹੀ ਕਰ ਸਕਦਾ ਹੈ, 'ਜੋ ਧਰਮ ਕੀ ਹਿਫ਼ਾਜ਼ਤ ਮੇਂ ਸੀਸ ਦੇ ਗਏ, ਵੋ ਨਫ਼ਰਤੋਂ ਕੋ ਅਮਨ ਕੀ ਅਸੀਸ ਦੇ ਗਏ, । ਡਾ. ਸਰਤਾਜ ਦੀ ਨਿਰਮਾਣਤਾ ਦੇਖੋ





ਕਿ ਉਹ ਸਮੁੱਚੀ ਗਾਥਾ ਨੂੰ ਗੁਰੂ ਸਾਹਿਬ ਦੇ ਬਖ਼ਸ਼ਿਸ਼ ਹੀ ਮੰਨਦਾ ਹੋਇਆ ਕਹਿੰਦਾ ਹੈ, 'ਉਸ ਤੇਗ਼ ਨੇ ਹੀ ਕਲਮ ਕੀ ਯੇਹ ਲੋਅ ਜਲਾਈ ਹੈ, ਸਤਿਗੁਰ ਨੇ ਹੀ ਸਿਰਤਾਜ ਸੇ ਗਾਥਾ ਲਿਖਾਈ ਹੈ। ਇਕ ਧਾਰਮਿਕ ਗੀਤ ਦੇ ਪਹਿਲੇ ਦਿਨ ਹੀ 1 ਕਰੋੜ ਤੋਂ ਜ਼ਿਆਦਾ ਲੋਕਾਂ ਵੱਲੋਂ ਦੇਖਿਆ- ਸੁਣਿਆ ਜਾਣਾ ਆਪਣੇ ਆਪ ਵਿਚ ਪ੍ਰਾਪਤੀ ਹੈ। ਗੀਤ ਦੇ ਇਕ ਇਕ ਲਫ਼ਜ਼ ਲਈ ਸਰਤਾਜ ਨੂੰ ਦਾਦ ਦੇਣੀ ਬਣਦੀ ਹੈ। ਵਾਰ-ਵਾਰ ਸੁਣਨ 'ਤੇ ਵੀ ਮਨ ਨਹੀਂ ਭਰਦਾ। ਪੂਰਾ ਸਰੀਰ ਇਕ ਵਿਸਮਾਦ ਦੀ ਅਵਸਥਾ ਵਿਚ ਚਲਿਆ ਜਾਂਦਾ ਹੈ। ਆਸ ਹੈ ਕਿ ਸਰਤਾਜ ਆਉਣ ਵਾਲੇ ਸਮਿਆਂ 'ਚ ਵੀ ਅਜਿਹੇ ਉਪਰਾਲੇ ਕਰਦਾ ਰਹੇਗਾ।

# ਆਖ ਤਸਵੀਰਾਂ ਬੋਲਦੀਆਂ


*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 29 ਨਵੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-718



*ਕਰ ਹਰਨਾ.ਲੀ ਮੂੰਹ 'ਨ੍ਹੇਰੇ ਤੁਰਦੇ, ਨਾ.ਲੇ ਰੱਬ ਦਾ ਨਾਮ ਧਿਆਉਂਦੇ,*
*ਦਿਨ ਚੜ੍ਹਦੇ ਨੂੰ ਵਾਹ ਦੋ ਕਨਾਲਾਂ, ਫਿਰ ਫਾਂਟ ਸੁਹਾਗੇ ਦੀ ਲਾਉਂਦੇ।*
*ਹੱਡ ਭੰਨਵੀਂ ਉਹ ਕਰਨ ਮੁਸ਼ੱਕਤ, ਹੱਸਦੇ ਢੋਲੇ ਮਾਹੀਆ ਗਾਉਂਦੇ,*
*ਦਸਾਂ ਨਹੁੰਆਂ ਦੀ ਖਾ ਰੁੱਖੀ ਮਿੱਸੀ, ਤਾਂ ਵੀ ਲੱਖ ਲੱਖ ਸ਼ੁਕਰ ਮਨਾਉਂਦੇ।*

## ਕੈਪਸ਼ਨ ਮੁਕਾਬਲਾ-716



ਮੀਂਹ ਕਿਣੀ ਦੇ ਦਿਨ ਸਨ ਪਿੱਛੇ,
ਹੜ੍ਹਾਂ ਨੇ ਸੀ ਖੂਬ ਸਤਾਇਆ,
ਚਾਰ ਚੁਫ਼ੇਰੇ ਜਲ ਥਲ ਹੋਇਆ,
ਨੱਕ ਵਿੱਚ ਦਮ ਸੀ ਆਇਆ।
ਦੋ ਬਿਚਾਰੇ ਸਨ ਕਿਸਮਤ ਮਾਰੇ,
ਵਿੱਚ ਡੂੰਘੀ ਸੋਚ ਦੇ ਪਾਇਆ,
ਖਾਣ ਪੀਣ ਦਾ ਨਾ ਹੀਲਾ ਕੋਈ,
ਭੁੱਖ ਡਾਢਾ ਅੱਜ ਤੜਫਾਇਆ।
***-ਸੇਵਾ ਸਿੰਘ ਨੂਰਪੁਰੀ***

---

ਵਸੇ ਜੇ ਢੋਲ ਵਿਦੇਸ਼, ਹੋਣ ਦਰਦ ਘਣੇਰੇ।
ਲੱਗੇ ਉਹ ਕੋਲ ਹਮੇਸ਼, ਦਿਲ ਤੋਂ ਵੀ ਨੇੜੇ।
ਸੀਨੇ ਲਾਏ ਘੁੱਟ ਖ਼ਤ, ਉਸ ਘੱਲੇ ਜਿਹੜੇ।
ਇੱਕ ਮਿਲਣ ਦੀ ਆਸ, ਰੱਖਣ ਵਡ ਜੇਰੇ।
ਸ਼ਿਕਵਾ ਗਿਲਾ ਅਲੋਪ, ਪਿਆਰ ਹੀ ਡੁੱਲ੍ਹੇ।
ਖਾਣ-ਪੀਣ ਨਾ ਚਿੱਤ, ਨਹੀਂ ਮਹਿਰਮ ਭੁੱਲੇ।
ਖੋਇਆ ਆਪਣਾ ਆਪ, ਰਾਖ਼ ਜਿਉਂ ਚੁੱਲ੍ਹੇ।
ਹੋ ਜਾਏ ਜੀਵਨ ਧੰਨ, ਜਾਂ ਉਸ ਪੈਰੀਂ ਰੁੱਲੇ।
ਹੋਰ ਭੀ ਕੱਟਣ ਨਿੱਤ, ਸੰਗ ਝਗੜੇ ਝੇੜੇ।
ਰਹਿਣ ਦਿਲਾਂ ਤੋਂ ਦੂਰ, ਭਾਂਵੇਂ ਅਤਿ ਨੇੜੇ।
ਦੇਂਦੇ ਧੱਕਾ ਵਕਤ ਨੂੰ, ਲਏ ਜਦੋਂ ਦੇ ਫੇਰੇ।
ਦੋਸ਼ ਉੱਤੇ ਤਕਦੀਰ, ਸੰਜੋਗ ਜਿਸ ਭੇੜੇ।
ਜੋੜੀਆਂ ਜੱਗ ਥੋੜ੍ਹੀਆਂ,ਨੇ ਨਰੜ ਬਥੇਰੇ।
***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864 318 5500***

---

ਨਾਲ ਬੰਦੇ ਦੇ ਰਿਸ਼ਤਾ ਜੁੜਦਾ
ਰਿਸ਼ਤਾ ਇਹ ਨਿਭਾਈ ਜਾਵਣ।
ਇੱਕ ਟਹਿਣੀ ਤੋਂ ਦੂਜੀ ਟਹਿਣੀ
ਮਾਰ ਛੜੱਪੇ ਮਨ ਪ੍ਰਚਾਵਣ।
ਚਾਰੇ ਪਾਸੇ ਨਿਗਾਹ ਟਿਕਾ ਕੇ
ਲੋਟ ਲੱਗੇ ਤਾਂ ਦਾਅ ਲਗਾਵਣ।
ਮਾਪਿਆਂ ਕੋਲੋਂ ਜੋ ਵੀ ਸਿੱਖਿਆ
ਓਹੀਓ ਬੱਚਿਆਂ ਤਾਈਂ ਸਿਖਾਵਣ।
***-ਜਗਮੀਤ ਸਿੰਘ ਪੰਧੇਰ***
***ਫੋਨ +1 403 439 2008***

---

ਜਿੰਨੇ ਜੀ ਇਸ ਧਰਤੀ ਉੱਤੇ,
ਸਭ ਜੋੜੇ ਬਣ ਰਹਿੰਦੇ
ਸਮਾਜ ਸਾਡੇ ਨਰੜ ਬਣਾਏ,
ਫਿਰ ਵੀ ਖੁਸ਼ੀ 'ਚ ਕਲੋਲ ਕਰੇਂਦੇ
ਦੋ ਜੀਆਂ ਇਹ ਜੋੜਾ ਵੀ,
ਮੂੰਹ ਮੋਟਾ ਕਰ ਬੈਠਾ ਜਾਪੇ
ਮਿਲ ਜਾਵੇ ਕੋਈ ਦਿਲਾਂ ਦਾ ਦਰਦੀ,
ਮਿਟ ਜਾਣ ਪਿੱਟ ਸਿਆਪੇ।
***-ਮਾ. ਪ੍ਰੀਤਮ ਸਿੰਘ ਲੰਮੇਂ***
***ਫੋਨ: 925-325-2486***

---

ਹਰ ਜੀਵ ਆਪਣੇ ਦਾਇਰੇ ਵਿਚ
ਰਲਮਿਲ ਕੇ ਖੁਸ਼ ਹੈ ਰਹਿੰਦਾ।
ਸਿਰਫ਼ ਮਨੁੱਖ ਹੀ ਬਾਨਰ ਜਾਤੀ ਵਿਚੋਂ
ਚਿੰਤਨ ਵਿਚ ਚਿੱਤ ਹੈ ਲਾਉਂਦਾ।
ਭਾਵੇਂ ਰੌਣਕ ਮੇਲਿਆਂ ਵਿਚ ਦਿਲ ਲਾਵੇ
ਸ਼ੋਰ ਤੋਂ ਦੂਰ ਰਹਿ ਕੇ
ਮਹਾਤਮਾ ਬਣ ਜਾਵੇ।
ਬਾਬੇ ਨਾਨਕ, ਗ੍ਰਹਿਸਥੀ ਵਿਚ ਰਹਿ ਕੇ
ਜੀਵਨ ਜੁਗਤਿ ਸਿਖਾਈ
ਲੱਖ ਕਰੋੜ ਜੋੜ ਕੇ ਵੀ ਬੰਦਿਆ
ਤੈਨੂੰ ਸੋਝੀ ਨਾ ਆਈ।
***-ਅਮਰਜੀਤ ਸਿੰਘ ਤੂਰ***
***ਫੋਨ: 98784-69639***

---

ਦੁਨੀਆਦਾਰੀ ਕੁਦਰਤੀ
ਹਰ ਸ਼ੈਅ ਦੇਖੀਦੀ ਜੋੜੇ
ਪੰਛੀ ਤਾਂ ਆਜ਼ਾਦ ਸ਼ੈਅ ਹੈ
ਸਾਰਾ ਦਿਨ ਕਿੰਨਿਆਂ ਹੀ ਮਗਰ
ਬਣਾ ਝਾਲਰ ਫੰਗਾਂਦੀ ਪਿੱਛਾ ਕਰਦੇ।
ਬਾਂਦਰ ਬਾਂਦਰੀ ਤਾਂ
ਬਹੁਤ ਨੇੜੇ ਇਨਸਾਨੀ ਰਿਸ਼ਤੇ
ਟਪੂਸੀਆਂ ਇਕੱਠੇ ਮਾਰਦੇ
ਗੁੱਸਾ ਗਿਲਾ ਆਮ ਹੈ।
***-ਦਰਸ਼ਨ ਪਾਲ ਦੋਸਾਂਝ***

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਫੋਨ: 847-359-0746

# ਰਾਵਲਪਿੰਡੀ ਨੂੰ ਚੰਡੀਗੜ੍ਹ ਨਾਲ ਜੋੜਨ ਵਾਲਾ ਚੰਨ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com


ਪਿਛਲੀ ਸਦੀ ਦੇ ਜਾਣੇ-ਪਹਿਚਾਣੇ ਅਧਿਆਪਕ, ਅਨੁਵਾਦਕ, ਸੰਪਾਦਕ, ਰੰਜਕਰਮੀ ਤੇ ਖੱਬੇ ਪੱਖੀ ਤੇਰਾ ਸਿੰਘ ਚੰਨ ਨੂੰ ਚੇਤੇ ਕਰਨਾ ਗੁਰਬਖਸ਼ ਸਿੰਘ ਪ੍ਰੀਤ ਲੜੀ, ਹੀਰਾ ਸਿੰਘ ਦਰਦ, ਮੋਹਨ ਸਿੰਘ ਮਾਹਰ, ਸਾਧੂ ਸਿੰਘ ਹਮਦਰਦ, ਅਰਜਣ ਸਿੰਘ ਗੜਗਜ ਤੇ ਅਵਤਾਰ ਸਿੰਘ ਮਲਹੋਤਰਾ ਦੇ ਸਮਿਆਂ ਦੀ ਪੈੜ ਨਪਣਾ ਹੈ। ਪਿਛਲੇ ਐਤਵਾਰ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਨੇ ਪੰਜਾਬ ਕਲਾ ਪ੍ਰੀਸ਼ਦ ਦੇ ਵਿਹੜੇ ਤੇਰਾ ਸਿੰਘ ਚੰਨ ਯਾਦਗਾਰੀ ਮੇਲਾ ਆਯੋਜਤ ਕਰਕੇ ਉਨ੍ਹਾਂ ਸਾਹਿਤਕ ਤੇ ਸਭਿਆਚਾਰਕ ਧਾਰਨਾਵਾਂ ਨੂੰ ਚੇਤੇ ਕੀਤਾ, ਜਿਹੜੀਆਂ ਚੰਨ ਤੇ ਉਸਦੇ ਸਮਿਆਂ ਨੂੰ ਸੇਧਾਂ ਦਿੰਦੀਆਂ ਸਨ। ਜਿਨ੍ਹਾਂ ਉੱਤੇ ਬਿਜਲਈ ਯੰਤਰ ਪੋਚਾ ਫੇਰ ਰਹੇ ਅਤੇ ਇਨ੍ਹਾਂ ਵਿਚ ਸੁਤੰਤਰਤਾ ਪ੍ਰਾਪਤੀ ਤੋਂ ਪਹਿਲਾਂ ਤੇ ਤੁਰੰਤ ਪਿੱਛੋਂ ਦੀਆਂ ਯਾਦਾ ਸਮੋਈਆਂ ਹੋਈਆਂ ਸਨ। ਕਲਾ ਪ੍ਰੀਸ਼ਦ ਦੇ ਰੰਧਾਵਾ ਆਡੀਟੋਰੀਅਮ ਵਿਚ ਪ੍ਰਵੇਸ਼ ਕਰਨ ਤੋਂ ਪਹਿਲਾਂ ਪੰਜਾਬੀ ਸਾਹਿਤ, ਸਭਿਆਚਾਰ, ਚਿਤਰਕਲਾ ਤੇ ਕੈਲੀਗ੍ਰਾਫੀ ਪ੍ਰਦਰਸ਼ਨੀਆਂ ਦਾ ਰੰਗ ਵੀ ਨਿਆਰਾ ਸੀ, ਜਿਸਦੀ ਅਗਵਾਈ ਚਰਖਾ ਕਰ ਰਿਹਾ ਸੀ।

ਤੇਰਾ ਸਿੰਘ ਚੰਨ ਦੀਆਂ ਪ੍ਰਾਪਤੀਆਂ ਤੇ ਸੇਧਾਂ ਨੂੰ ਚੇਤੇ ਕਰਨ ਵਾਲਿਆਂ ਵਿਚ ਮੁੱਖ ਮਹਿਮਾਨ ਗੁਰਪ੍ਰੀਤ ਘੁੱਗੀ ਤੇ ਵਿਸ਼ੇਸ਼ ਮਹਿਮਾਨ ਸੁਰਜੀਤ ਸਿੰਘ ਧੀਰ ਹੀ ਨਹੀਂ ਸੁਖਦੇਵ ਸਿੰਘ ਸਿਰਸਾ, ਸਰਬਜੀਤ ਸਿੰਘ, ਗੁਰਨਾਮ ਕੰਵਰ ਤੇ ਬਲਵਿੰਦਰ ਸਿੰਘ ਉੱਤਮ ਜਿਨ੍ਹਾਂ ਨੇ ਤੇਰਾ ਸਿੰਘ ਚੰਨ ਦੀ ਸਾਹਿਤਕ, ਸਭਿਆਚਾਰਕ, ਤੇ ਜਥੇਬੰਦਕ ਵਿਉਂਤਬੰਦੀ ਨੂੰ ਬਾਕਮਾਲ, ਪ੍ਰਭਾਤੀ ਤੇ ਹਰਮਨ ਪਿਆਰਾ ਕਹਿ ਕੇ ਨਿਵਾਜਿਆ।

ਨਿਸਚੇ ਹੀ ਇਸ ਮੇਲੇ ਨੂੰ ਸਫਲ ਤੇ ਕਾਰਗਰ ਬਣਾਉਣ ਵਿਚ ਪੰਜਾਬੀ ਲੇਖਕ ਸਭਾ ਦੇ ਪ੍ਰਧਾਨ ਦੀਪਕ ਸ਼ਰਮਾ ਚਨਾਰਥਲ ਤੇ ਜਨਰਲ ਸਕਤਰ ਭੁਪਿੰਦਰ ਸਿੰਘ ਮਲਿਕ ਦੀ ਦੂਰ ਦ੍ਰਿਸ਼ਟੀ ਤੇ ਲਗਨ ਲਾਸਾਨੀ ਤੇ ਸ਼ਲਾਘਾਯੋਗ ਰਹੀ। ਇਸ ਮੇਲੇ ਨੇ ਕੇਵਲ ਚੰਡੀਗੜ੍ਹ ਸਾਹਿਤ ਰਸੀਆਂ ਤੇ ਕਲਾ ਪ੍ਰੇਮੀਆਂ ਨੂੰ ਹੀ ਨਹੀਂ ਜਗਾਇਆ ਦੂਰ ਨੇੜੇ ਦੇ ਹਰ ਉਸ ਵਿਅਕਤੀ ਨੂੰ ਖਿਚ ਲਿਆਂਦਾ ਜਿਹੜਾ ਕਿਸੇ ਨਾ ਕਿਸੇ ਰੂਪ ਵਿਚ ਕੋਮਲ ਕਲਾ ਦਾ ਪ੍ਰੇਮੀ ਹੈ। ਖੂਬੀ ਇਹ ਕਿ ਰੰਧਾਵਾ ਆਡੀਟੋਰੀਅਮ ਦੇ ਹਾਲ ਕਮਰਾ ਤੇ ਗੈਲਰੀ ਤੋਂ ਬਿਨਾ ਦਰਸ਼ਕ ਤੇ ਸਰੋਤੇ ਦਰਵਾਜ਼ੇ ਦੇ ਬਾਹਰ ਖੜ੍ਹੇ ਵੀ ਸਮਾਗਮ ਦਾ ਆਨੰਦ ਮਾਣਦੇ ਰਹੇ।

ਇਸ ਮੌਕੇ ਪੰਜਾਬੀ ਲੇਖਕ ਸਭਾ ਦੇ ਸਾਬਕਾ ਪ੍ਰਧਾਨ ਤੇ ਜਨਰਲ ਸਕੱਤਰ ਵੀ ਹਾਜ਼ਰ ਸਨ ਜਿਨ੍ਹਾਂ ਦੀ ਹਾਜ਼ਰੀ ਨੂੰ ਦਰਸ਼ਕਾਂ ਤੇ ਸਰੋਤਿਆਂ ਨੇ ਤਾਲੀਆਂ ਦੀ ਗੂੰਜ ਨਾਲ ਸਲਾਹਿਆ। ਇਨ੍ਹਾਂ ਵਿਚ ਦੀਪਕ ਮਨਮੋਹਨ ਸਿੰਘ, ਲਾਭ ਸਿੰਘ ਖੀਵਾ, ਸ਼ਿੰਦਰਪਾਲ ਸਿੰਘ, ਸਵੈਰਾਜ ਸੰਧੂ ਤੇ ਸ਼ਾਮ ਸਿੰਘ ਅੰਗ ਸੰਗ ਦੀ ਹਾਜ਼ਰੀ ਉਚੇਚੀ ਸੀ।

ਏਥੇ ਪੰਜਾਬੀ ਲੇਖਕ ਸਭਾ ਵੱਲੋਂ ਇਸ ਮੌਕੇ ਇਕ ਕਿਤਾਬਚਾ ਜਾਰੀ ਕੀਤਾ ਗਿਆ ਜਿਸ ਵਿਚ ਸਭਾ ਦੇ ਇਤਿਹਾਸ ਅਤੇ ਇਸ ਸਾਲ ਦੀਆਂ ਸਰਗਰਮੀਆਂ ਦਾ ਵਿਸਥਾਰ ਨਾਲ




ਜ਼ਿਕਰ ਕੀਤਾ ਗਿਆ ਹੈ। ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਪ੍ਰਕਾਸ਼ਤ ਤੇਰਾ ਸਿੰਘ ਚੰਨ ਸਿਰਜਣਾ ਅਤੇ ਸੰਗਰਾਮ ਵੀ ਪ੍ਰਧਾਨਗੀ ਮੰਡਲ ਤੋਂ ਇਲਾਵਾ ਜਸਵਿੰਦਰ ਸਿੰਘ, ਡਾ. ਕੁਲਦੀਪ ਸਿੰਘ ਦੀਪ ਵੱਲੋਂ ਰਿਲੀਜ਼ ਕੀਤੀ ਗਈ। ਉੱਥੇ ਲੋਕ ਕਲਾਕਾਰ ਬਲਕਾਰ ਸਿੱਧੂ ਨੂੰ ਉਨ੍ਹਾਂ ਦੀਆਂ ਸੇਵਾਵਾਂ ਲਈ 'ਤੇਰਾ ਸਿੰਘ ਚੰਨ ਯਾਦਗਾਰੀ ਪੁਰਸਕਾਰ' ਨਾਲ ਸਨਮਾਨਤ ਕੀਤਾ ਗਿਆ।

ਵੱਡੀ ਗੱਲ ਇਹ ਕਿ ਇਸ ਮੇਲੇ ਵਿਚ ਪੰਜਾਬੀ ਲੇਖਕ ਸਭਾ ਵਲੋਂ ਪੇਸ਼ ਕੀਤੇ ਚਾਰ ਮਤੇ ਵੀ ਗਰਮਜੋਸ਼ੀ ਨਾਲ ਪ੍ਰਵਾਨ ਕੀਤੇ ਗਏ ਜਿਨ੍ਹਾਂ ਵਿਚ ਚੰਡੀਗੜ੍ਹ ਦੀ ਪ੍ਰਕਾਸ਼ਕੀ ਭਾਸ਼ਾ ਪੰਜਾਬੀ ਬਣਾਉਣ ਬਾਰੇ, ਪੰਜਾਬ 'ਚ ਪੰਜਾਬੀ ਭਾਸ਼ਾ ਕਾਨੂੰਨ ਪੂਰੀ ਤਰ੍ਹਾਂ ਲਾਗੂ ਕਰਨ, ਪੰਜਾਬ ਯੂਨੀਵਰਸਿਟੀ ਨੂੰ ਸਾਂਝੇ ਸੰਘਰਸ਼ ਰਾਹੀਂ ਬਚਾਓ ਸਬੰਧੀ ਅਤੇ ਪ੍ਰਗਟਾਵੇ ਦੀ ਅਜ਼ਾਦੀ ਉੱਤੇ ਹਮਲਿਆਂ ਦੀ ਨਿਖੇਧੀ ਬਾਰੇ ਮਤੇ ਸ਼ਾਮਿਲ ਸਨ। ਇਹ ਮਤੇ ਕ੍ਰਮਵਾਰ ਸੁਖਵਿੰਦਰ ਸਿੰਘ ਸਿੱਧੂ, ਮਨਜੀਤ ਕੌਰ ਮੀਤ, ਅਵਤਾਰ ਸਿੰਘ ਪਤੰਗ ਅਤੇ ਗੁਰਨਾਮ ਕੰਵਰ ਵੱਲੋਂ ਪੇਸ਼ ਕੀਤੇ ਗਏ। ਸੁਰੇਸ਼ ਕੁਮਾਰ, ਡਾ. ਦੀਪਾ ਅਤੇ ਅਵੀ ਸੰਧੂ ਦੀਆਂ ਲਿਖੀਆਂ ਪੁਸਤਕਾਂ ਵੀ ਇਸ ਮੌਕੇ ਰਿਲੀਜ਼ ਹੋਈਆਂ। ਪ੍ਰਸਿੱਧ ਲੋਕ ਗਾਇਕਾ ਡੌਲੀ ਸਿੰਘ ਨੇ ਲੋਕ ਗੀਤਾਂ ਦੀ ਖੂਬਸੂਰਤ ਮਹਿਫ਼ਿਲ ਸਜਾਈ ਜਿਸ ਵਿਚ ਗੁਰਵਿੰਦਰ ਲਵਲੀ, ਰਜਿੰਦਰ ਸਿੰਘ ਅਤੇ ਕਰਮ ਚੰਦ ਨੇ ਸਾਜਿੰਦਿਆਂ ਦੇ ਰੂਪ ਵਿਚ ਸਾਥ ਦਿੱਤਾ।

ਮੈਥੋਂ ਪੁਛਦੇ ਹੋ ਤਾਂ ਮੈਂ ਆਪਣੇ ਆਪ ਨੂੰ ਤੇਰਾ ਸਿੰਘ ਚੰਨ ਦੇ ਪਰਿਵਾਰ ਦਾ ਮੈਂਬਰ ਸਮਝਦਾ ਹਾਂ ਤੇ ਉਸਦੇ ਧੀਆਂ-ਪੁੱਤਰਾਂ ਤੇ ਉਨ੍ਹਾਂ ਦੇ ਜੀਵਨ ਸਾਥੀਆਂ ਰਾਹੀਂ ਚੰਨ ਹੁਰਾਂ ਨੂੰ ਜਾਣਦਾ ਹਾਂ। ਮੇਰੇ ਦਿੱਲੀ ਹੁੰਦਿਆਂ ਉਹ ਸਾਰੇ ਰਾਣਾ ਪ੍ਰਤਾਪ ਬਾਗ ਕਾਲੋਨੀ ਵਿਚ ਰਹਿੰਦੇ ਸਨ। ਉਨ੍ਹਾਂ ਦੇ ਘਰ ਆਉਣ-ਜਾਣ ਵਾਲਿਆਂ ਵਿਚ ਮੈਂ ਹੀ ਨਹੀਂ ਮੰਜੀਆਂ ਤੋੜਨ ਵਾਲੇ ਕਾਮਰੇਡ ਤੇ ਨਿੱਕੇ ਵੱਡੇ ਰੰਗ ਕਰਮੀ ਵੀ ਊਧਮ ਮਚਾਈ ਰਖਦੇ ਸਨ। ਕੁਝ ਏਸ ਤਰ੍ਹਾਂ ਜਿਵੇਂ ਇਹ ਇੱਕ ਛੋਟਾ ਗੁਰੂ ਘਰ ਹੋਵੇ। ਮੈਂ ਚੰਨ ਹੁਰਾਂ ਨੂੰ ਦਿੱਲੀ ਤੇ ਨਵੀਂ ਦਿੱਲੀ ਦੀਆਂ ਸੜਕਾਂ ਉੱਤੇ ਪਹਿਲਾਂ ਸਾਈਕਲ ਤੇ ਫੇਰ ਮੋਪਡ ਉੱਤੇ ਸਵਾਰ ਹੋ ਕੇ ਆਪਣੇ ਸਿਧਾਂਤ ਨੂੰ ਉਸਦੀ ਮੰਜ਼ਿਲ ਵਲ ਲਿਜਾਂਦਿਆਂ ਵੇਖਦਾ ਰਿਹਾ ਹਾਂ।

ਤੇਰਾ ਸਿੰਘ ਦਾ ਪਰਿਵਾਰਕ ਪਿਛੋਕੜ ਚੱਢਾ ਖਤਰੀਆਂ ਵਾਲਾ ਸੀ ਪਰ ਉਹ ਏਨੇ ਉਦਾਰ ਸਨ ਕਿ ਉਨ੍ਹਾਂ ਦੀ ਧੀ ਸੁਲੇਖਾ ਨੇ ਸਿਰਜਣਾ ਦੇ ਸੰਪਾਦਕ ਰਘਬੀਰ ਸਿੰਘ ਦਾ ਹੱਥ ਫੜਿਆ ਤੇ ਬੇਟੇ ਮਨਦੀਪ ਉਰਫ ਸੱਮੀ ਨੇ ਵਿਰਕ ਜੱਟਾਂ ਦੀ ਧੀ ਅਮਰਜੀਤ ਦਾ ਉਨ੍ਹਾਂ ਦੇ ਬੇਟੇ ਦਿਲਦਾਰ ਦਾ ਵਿਆਹ ਚੰਨ ਦੇ ਮੁਸਲਿਮ ਕੁਲੀਗ ਦੀ ਬੇਟੀ ਸੁਲਤਾਨਾ ਨਾਲ ਹੋਇਆ। ਸਾਰੇ ਸੁਖੀ ਵਸਦੇ ਹਨ।

ਤੇਰਾ ਸਿੰਘ ਚੰਨ ਦੀਆਂ ਨਾਟਕੀ ਵਿਧੀਆਂ ਦੀ ਪ੍ਰਮਾਣ ਦੇਣੀ ਹੋਵੇ ਤਾਂ ਇਹ ਦੱਸਣਾ ਬਣਦਾ ਹੈ ਕਿ ਇੱਕ ਵਾਰੀ ਉਸਨੇ ਲੱਕੜ ਦੇ ਗੱਡੇ ਤੋਂ ਸਟੇਜ ਦਾ ਕੰਮ ਲੈ ਕੇ ਸਟੇਜ ਦੇ ਪਿੱਛੇ ਚਿੱਟੇ ਕੱਪੜੇ 'ਤੇ ਸਤਲੁਜ ਦਰਿਆ ਦੀਆਂ ਲਹਿਰਾਂ ਉਲੀਕ ਕੇ ਦੇਸ਼ ਵੰਡ ਦੇ ਦੁਖਾਂ ਦੀ ਵਿਥਿਆ ਪੇਸ਼ ਕੀਤੀ। ਇਸ ਝਾਕੀ ਤੋਂ ਪ੍ਰਭਾਵਤ ਹੋ ਕੇ ਗੀਤਾਂ ਦੀ ਰਾਣੀ ਸੁਰਿੰਦਰ ਕੌਰ ਹੀ ਨਹੀਂ ਰਾਮ ਲੀਲਾ ਖੇਡਣ ਵਾਲੇ ਜਗਦੀਸ਼ ਫਰਿਆਦੀ ਤੇ ਹੁਕਮ ਚੰਦ ਖਲੀਲੀ ਵੀ ਚੰਨ ਦੇ ਪੈਸੇ ਵਿਚ ਪ੍ਰਵੇਸ਼ ਕਰ ਗਏ। ਚੰਨ ਦੀਆਂ ਇਹੋ ਜਿਹੀਆਂ ਜੁਗਤਾਂ ਨੇ ਉਰਦੂ ਭਾਸ਼ਾ ਵਾਲੇ ਵਿਅੰਗਕਾਰ ਫਿਕਰ ਤੌਂਸਵੀ ਤੋਂ ਹੀ ਨਹੀਂ ਪੰਜਾਬੀ ਦੇ ਉੱਘੇ ਮਹਾਰਥੀ ਗੁਰਬਖਸ਼ ਸਿੰਘ ਪ੍ਰੀਤ ਲੜੀ ਤੋਂ ਮਹਿਮਾ ਭਰੀ ਟਿੱਪਣੀ ਪ੍ਰਾਪਤ ਕੀਤੀ।

ਚੰਨ ਦੀ ਪਹਿਲੀ ਪੁਸਤਕ 'ਸਿਸਕੀਆਂ' ਸੀ ਜਿਸਨੂੰ 1943 ਵਿਚ ਦੇਸ਼ ਦੀਪਕ ਮੰਡਲ ਰਾਵਲਪਿੰਡੀ ਨੇ ਆਪਣੀ ਹਿੰਦੁਸਤਾਨ ਸਾਹਿਤ ਲੜੀ ਦੀ ਪਹਿਲੀ ਪੁਸਤਕ ਵਜੋਂ ਛਾਪਿਆ ਸੀ। ਉਸ ਸਮੇਂ ਦੇ ਇਸ ਨੌਜਵਾਨ ਕਵੀ ਨੂੰ ਕੀ ਪਤਾ ਸੀ ਕਿ ਉਸ ਨੇ ਦਿੱਲੀ ਦੱਖਣ ਦਾ ਚੱਕਰ ਲਾ ਕੇ ਅੰਤਲੇ ਸਾਹ ਚੰਡੀਗੜ੍ਹ ਵਿਚ ਲੈਣੇ ਸਨ। 1947 ਵਿਚ ਇਸ ਦੇਸ਼ ਦਾ ਵੰਡਿਆ ਜਾਣਾ ਸਾਹਿਤਕਾਰ ਚੰਨ ਨੂੰ ਕਦੀ ਨਹੀਂ ਭੁੱਲਿਆ:

ਇਹ ਉਹ ਦਿਨ ਹੈ ਜਿਸ ਦਿਨ ਲੀਡਰਾਂ ਨੇ
ਚਿੱਟੇ ਦਿਨ ਸ਼ਹੀਦਾਂ ਦੀ ਰੱਤ ਵੇਚੀ।
ਲਾਲ ਸਤਲੁਜ ਦੇ ਕੰਢੇ ਵੇਚ ਦਿੱਤੇ,
ਸਸਤੀ ਪੱਤਿਆਂ ਤੋਂ ਲਾਜ ਪਤ ਵੇਚੀ।
ਕੰਧਾਂ ਵੇਚੀਆਂ ਧਰਮ ਈਮਾਨ ਦੀਆਂ,
ਲਾਹ ਕੇ ਅਣਖ ਦੀ ਸਿਰਾਂ ਤੋਂ ਛੱਤ ਵੇਚੀ।
ਟੋਟੇ ਜਿਸਮ ਦੇ ਮਾਪਿਆਂ ਇੰਝ ਕੀਤੇ,
ਕਿਧਰੇ ਬਾਂਹ ਵੇਚੀ ਕਿਧਰੇ ਲੱਤ ਵੇਚੀ।

ਇੱਕ ਦਿਨ ਉਹ ਵੀ ਆਇਆ ਜਦ ਹਾਸ਼ਮ ਯਾਦਗਾਰੀ ਟਰਸਟ ਨੇ ਤੇਰਾ ਸਿੰਘ ਚੰਨ ਤੇ ਸੁਰਿੰਦਰ ਕੌਰ ਨੂੰ ਸਨਮਾਨ ਦੇ ਕੇ ਨਿਵਾਜਿਆ। ਮੈਂ ਤਾਂ ਉਸ ਮਿਲਣੀ ਦਾ ਵੀ ਚਸ਼ਮਦੀਦ ਗਵਾਹ ਹਾਂ ਜਦ ਕੁੱਲ ਦੁਨੀਆਂ ਦੇ ਤਖ਼ਤੇ ਉੱਤੇ ਛਾਈ ਸੁਰਿੰਦਰ ਕੌਰ, ਤੇਰਾ ਸਿੰਘ ਚੰਨ ਨੂੰ ਜੱਫੀ ਪਾ ਕੇ ਇੰਝ ਮਿਲੀ ਸੀ ਕਿ ਜਿਵੇਂ ਕੋਈ ਧੀ ਆਪਣੇ ਪਿਤਾ ਨੂੰ ਬਹੁਤ ਦੇਰ ਪਿੱਛੋਂ ਮਿਲੀ ਹੋਵੇ।

ਮੈਨੂੰ ਆਸ ਹੈ ਕਿ ਅੱਗੇ ਤੋਂ ਚੰਡੀਗੜ੍ਹ ਸਾਹਿਤ ਸਭਾ ਹੀ ਨਹੀਂ ਦੂਜੀਆਂ ਸੰਸਥਾਵਾਂ ਵੀ ਇਹੋ ਜਿਹੇ ਮੇਲੇ ਆਯੋਜਤ ਕਰਕੇ ਸਾਹਿਤ, ਸਭਿਆਚਾਰ ਤੇ ਕਲਾ ਦੇ ਸਿਤਾਰਿਆਂ ਨੂੰ ਚੇਤੇ ਕਰਦੀਆਂ ਰਹਿਣਗੀਆਂ।

***ਅੰਤਿਕਾ***

ਪੁਰਾਣੇ ਰੱਬ ਨੂੰ/ਤੇਰਾ ਸਿੰਘ ਚੰਨ॥
ਕੜਾਹ ਜੇ ਚੜ੍ਹਾਏ ਤੂੰ ਬਣ ਜਾਏਂ ਉਸਦਾ
ਕੋਈ ਟਿੱਕਾ ਜੇ ਲਾਏ ਤੂੰ ਬਣ ਜਾਏਂ ਉਸਦਾ
ਆਪਣੇ ਤੀਰ ਮਾਰਨ ਲਈ ਮਜ਼ਹਬ ਦੀ ਖਾਤਰ
ਕੋਈ ਛੂਰੀ ਚਲਾਏ ਤੂੰ ਬਣ ਜਾਏਂ ਉਸਦਾ।

# ਵਿਆਨੋ ਬੋਲੈ ਆਪੇ ਬੂਝੈ

ਗੁਰਮੁਖੀ ਦੇ ਕੈਦਿਆਂ ਵਿਚ ਕਈ ਅੱਖਰਾਂ ਨਾਲ ਕੋਈ ਸ਼ਬਦ ਨਹੀਂ ਬਣਾਇਆ ਜਾਂਦਾ ਤੇ ਉਸਨੂੰ ਖਾਲੀ ਦੱਸਿਆ ਜਾਂਦਾ ਹੈ। ਗੁਰਮੁਖੀ ਦਾ ਕੈਦਾ ਪੜ੍ਹਨ ਵਾਲੇ ਨਿਆਣੇ ਙੰਙਾਂ ਖਾਲੀ, ਞੰਞਾਂ ਖਾਲੀ, ਣਾਣਾ ਖਾਲੀ ਤੇ ੜਾੜਾ ਖਾਲੀ ਕਹਿੰਦੇ ਸੁਣੇ ਜਾ ਸਕਦੇ ਹਨ। ਕੈਦਾ ਲਿਖਣ ਵਾਲੇ ਲੋਕਾਂ ਨੇ ਪੰਜਾਬੀ ਦੇ ਭਾਸ਼ਾਈ ਨਕਸ਼ੇ ਦਾ ਸਰਵੇਖਣ ਕਰਨਾ ਜ਼ਰੂਰੀ ਨਹੀਂ ਸਮਝਿਆ ਤੇ ਇਨ੍ਹਾਂ ਅੱਖਰਾਂ ਨੂੰ ਖਾਲੀ ਲਿਖ ਦਿਤਾ। ਕਹਿੰਦੇ ਹਨ ਅਕਲ ਬਿਨਾ ਖੂਹ ਖਾਲੀ ਹੁੰਦੇ ਹਨ। ਅਸਲੀਅਤ ਇਹ ਹੈ ਕਿ ਅਕਲ ਬਿਨਾ ਸਿਰਫ ਖੂਹ ਹੀ ਨਹੀਂ ਸਭ ਕੁਝ ਹੀ ਖਾਲੀ ਹੁੰਦਾ ਹੈ।



**ਅਵਤਾਰ ਸਿੰਘ**
**ਫੋਨ: 94175-18384**

ਕਈ ਸਾਲ ਪਹਿਲਾਂ ਮੈਂ ਪਟਿਆਲਾ ਜ਼ਿਲ੍ਹੇ ਵਿਚ ਦੇਵੀਗੜ੍ਹ ਕੋਲ ਇਕ ਪਿੰਡ ਵਿਚ ਕਿਸੇ ਸੱਜਣ ਨੂੰ ਮਿਲਣ ਗਿਆ ਤਾਂ ਉਸ ਦੇ ਮਾਤਾ ਜੀ ਕਈ ਸ਼ਬਦ ਅਜਿਹੇ ਬੋਲਦੇ ਸਨ, ਜਿਹੜੇ ਵਈਏਂ ਅੱਖਰ ਤੋਂ ਸ਼ੁਰੂ ਹੁੰਦੇ ਸਨ। ਉਹ ਮਾਤਾ ਨਿਆਣੇ ਸ਼ਬਦ ਨੂੰ ਨੰਨੇ ਅੱਖਰ ਦੀ ਬਜਾਏ ਵਈਏਂ ਅੱਖਰ ਨਾਲ ਵਿਆਣੇ ਬੋਲਦੀ ਸੀ।

ਅੱਖਰਾਂ ਦਾ ਗਿਆਨ ਏਨਾ ਮੁਸ਼ਕਲ ਨਹੀਂ ਹੈ, ਜਿੰਨਾ ਇਨ੍ਹਾਂ ਨਾਲ ਜੁੜੀਆਂ ਧੁਨੀਆਂ ਦਾ ਗਿਆਨ ਮੁਸ਼ਕਲ ਹੈ। ਅੱਜ-ਕੱਲ੍ਹ ਅਸੀਂ ਧੁਨੀਆਂ ਦੀ ਬਜਾਏ ਅੱਖਰਾਂ 'ਤੇ ਵਧੇਰੇ ਤਵੱਜੋ ਦੇਣ ਲੱਗ ਪਏ ਹਾਂ। ਪਰ ਜਦ ਅੱਖਰ ਨਹੀਂ ਸੀ ਬਣੇ ਉਦੋਂ ਧੁਨੀਆਂ 'ਤੇ ਹੀ ਧਿਆਨ ਕੇਂਦਰਿਤ ਕੀਤਾ ਜਾਂਦਾ ਸੀ। ਅੱਜ ਫਿਰ ਕਾਗਜ਼ ਕਲਮ ਅਲੋਪ ਹੋਣ ਨੂੰ ਫਿਰਦੇ ਹਨ ਤੇ ਫਿਰ ਅੱਖਰਾਂ ਦੀ ਬਜਾਏ ਧੁਨੀਆਂ ਦਾ ਜ਼ਮਾਨਾ ਆਉਣ ਵਾਲਾ ਹੈ।

ਸੰਸਕ੍ਰਿਤ ਦਾ ਸ਼ਬਦ ਨਯਨ ਹੈ, ਜਿਸਦਾ ਅਰਥ ਲੈਜਾਣ ਵਾਲਾ ਹੈ। ਸਾਡੇ ਨਯਨ ਜਾਂ ਨੈਣ ਹੀ ਸਾਨੂੰ ਕਿਤੇ ਲੈ ਕੇ ਜਾਂਦੇ ਹਨ ਤੇ ਨੈਣ ਹੀ ਸਾਡੀ ਅਗਵਾਈ ਕਰਦੇ ਹਨ। ਨੈਣਾਂ ਤੋਂ ਬਿਨਾ ਕਿਤੇ ਵੀ ਜਾਣਾ ਮੁਸ਼ਕਲ ਹੈ। ਇਸੇ ਲਈ ਨੇਤਰਹੀਣ ਲੋਕਾਂ ਨੂੰ ਕਿਤੇ ਜਾਣ ਲਈ ਨੇਤਰਾਂ ਵਾਲੇ ਦੀ ਲੋੜ ਪੈਂਦੀ ਹੈ।

ਸੰਸਕ੍ਰਿਤ ਦਾ ਨਯਨ ਸ਼ਬਦ ਹਿੰਦੀ ਵਿਚ ਨੈਨ ਤੇ ਪੰਜਾਬੀ ਵਿਚ ਨੈਣ ਹੋ ਗਿਆ ਹੈ। ਪਰ ਮੈਥਿਲੀ ਵਿਚ ਨੈਨ ਸ਼ਬਦ ਤੋਂ ਇਕ ਨਵਾਂ ਸ਼ਬਦ ਨੇਨਾ ਬਣ ਗਿਆ ਹੈ। ਮੈਥਿਲੀ ਵਿਚ ਨੇਨਾ ਸ਼ਬਦ ਦਾ ਅਰਥ ਬੱਚਾ ਹੈ। ਅਸਲ ਵਿਚ ਨੇਨਾ (ਬੱਚਾ) ਵੀ ਘਰ ਦੀ ਅੱਖ ਹੀ ਹੁੰਦਾ ਹੈ। ਕਿਉਂਕਿ ਜਿਧਰ ਬੱਚਾ ਜਾਂਦਾ ਹੈ, ਸਭ ਦਾ ਧਿਆਨ ਉਧਰ ਹੀ ਰਹਿੰਦਾ ਹੈ। ਬੱਚੇ ਨੂੰ ਅੱਖ ਦਾ ਤਾਰਾ ਵੀ ਇਨ੍ਹਾਂ ਅਰਥਾਂ ਵਿਚ ਹੀ ਕਹੀਦਾ ਹੈ। ਪਰ ਪੰਜਾਬੀ ਵਿਚ ਨੇਨਾ ਸ਼ਬਦ ਬੇਸ਼ੱਕ ਨਿਆਣਾ ਬਣ ਕੇ ਆਇਆ ਹੈ। ਪਰ ਇਸਦਾ ਜਨਮ ਨੇਨਾ ਅਤੇ ਨਯਨ ਤੋਂ ਹੀ ਹੋਇਆ ਹੈ।

ਕਿਉਂਕਿ ਨਿਆਣਿਆਂ ਨੂੰ ਭਲੇ ਬੁਰੇ ਦੀ ਸੋਝੀ ਨਹੀਂ ਹੁੰਦੀ, ਜਿਸ ਕਰਕੇ ਨਿਆਣੇ ਸ਼ਬਦ ਨਾਲ ਸੋਝੀਹੀਣ ਹੋਣ ਦਾ ਅਰਥ ਜੁੜ ਗਿਆ ਹੈ। ਹੁਣ ਸੋਝੀਹੀਣ ਬਜ਼ੁਰਗ ਨੂੰ ਵੀ ਨਿਆਣਾ ਕਿਹਾ ਜਾ ਸਕਦਾ ਹੈ। ਨਿਆਣੇ ਸ਼ਬਦ ਨਾਲੋਂ ਉਮਰ ਦਾ ਸਬੰਧ ਤੋੜਨ ਲਈ ਹੁਣ ਇਸਦੇ ਨਾਲ ਪੁਣਾ ਜੋੜ ਕੇ ਨਿਆਣਪੁਣਾ ਸ਼ਬਦ ਬਣਾ ਲਿਆ ਗਿਆ ਹੈ।

ਸੰਸਕ੍ਰਿਤ ਦਾ ਸ਼ਬਦ ਗਯਾਨ ਅਸਲ ਵਿਚ ਜਨਾਨ ਹੈ, ਜਿਸਦਾ ਅਰਥ ਜਾਣਕਾਰੀ ਹੈ ਤੇ ਗਯਾਨੀ ਦਾ ਅਰਥ ਜਾਣਕਾਰੀ ਵਾਲਾ ਮਨੁੱਖ ਹੈ। ਇਸਦੇ ਉਲਟ ਅਗਿਆਨੀ ਉਹ ਹੈ, ਜਿਸਨੂੰ ਜਾਣਕਾਰੀ ਨਹੀਂ ਹੈ। ਅਗਿਆਨੀ ਨੂੰ ਅਨਜਾਣ ਵੀ ਕਿਹਾ ਜਾਂਦਾ ਹੈ।

ਭਾਰਤੀ ਪਰੰਪਰਾ ਵਿਚ ਸ਼ਬਦ ਨੂੰ ਬ੍ਰਹਮ ਕਿਹਾ ਗਿਆ ਹੈ। ਕਿਉਂਕਿ ਸ਼ਬਦ ਨੂੰ ਵੀ ਬ੍ਰਹਮ ਦੀ ਤਰ੍ਹਾਂ ਜਾਣਿਆ ਨਹੀਂ ਜਾ ਸਕਦਾ। ਸ਼ਬਦ ਦੀ ਖੇਡ ਅਬੁੱਝ ਹੈ, ਜਿਸਦੇ ਕਿਆਸ ਹੀ ਲਗਾਏ ਜਾ ਸਕਦੇ ਹਨ। ਇਸ ਲਈ ਆਪਣੇ ਅਰਥ ਦੇ ਨਾਲ ਅਗਿਆਨ ਸ਼ਬਦ ਵਿਚ ਨਿਆਣਾ ਸ਼ਬਦ ਵਿਚ ਘੁਸ ਗਿਆ ਹੈ। ਸ਼ਾਇਦ ਇਸ ਕਰਕੇ ਨਿਆਣਾ ਸ਼ਬਦ ਦਾ ਉਚਾਰਣ ਬਦਲ ਕੇ ਵਿਆਣਾ ਹੋ ਗਿਆ ਹੋਵੇ। ਨਿਆਣਾ ਉਹ ਹੈ ਜਿਹੜਾ ਉਮਰ ਕਰਕੇ ਅਣਜਾਣ ਹੈ ਤੇ ਵਿਆਣਾ ਉਹ ਹੈ, ਜਿਹੜਾ ਅਕਲ ਖੁਣੋਂ ਨਿਆਣਾ ਹੈ। ਇਸ ਲਈ ਵਿਆਣਾ ਮੂਰਖ ਹੈ, ਚਾਹੇ ਉਸਦੀ ਉਮਰ ਕਿੰਨੀ ਵੀ ਹੋਵੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਹ ਸ਼ਬਦ ਸਿਰਫ ਇਕ ਵਾਰੀ ਆਇਆ ਹੈ ਕਿ "ਵਿਆਨੋ ਬੋਲੈ ਆਪੇ ਬੂਝੈ"। ਇਸਦਾ ਅਰਥ ਮੂਰਖ ਪ੍ਰਤੀਤ ਹੁੰਦਾ ਹੈ। ਕਿਉਂਕਿ ਮੂਰਖ ਹੀ ਅਜਿਹਾ ਹੁੰਦਾ ਹੈ, ਜਿਸਦਾ ਕਿਸੇ ਨੂੰ ਕੁਝ ਪਤਾ ਨਹੀਂ ਲਗਦਾ ਕਿ ਉਹ ਕੀ ਕਹਿੰਦਾ ਹੈ। ਇਸ ਲਈ ਇਥੇ ਕਿਹਾ ਗਿਆ ਹੈ ਕਿ ਮੂਰਖ ਦਾ ਕਿਹਾ ਸਿਰਫ ਮੂਰਖ ਹੀ ਬੁੱਝ ਸਕਦਾ ਹੈ। ਇਸ ਤੋਂ ਦੂਜੀ ਸਤਰ ਵਿਚ ਵੀ ਮੂਰਖ ਦਾ ਹੀ ਭਾਵ ਆਇਆ ਹੈ ਕਿ ਉਹ ਆਪਣੀ ਗੱਲ "ਆਪੇ ਸਮਝੈ ਆਪੇ ਸੂਝੈ"।

ਇਸ ਤੋਂ ਅਗੇ ਦੱਸਿਆ ਹੈ ਕਿ "ਗੁਰ ਕਾ ਕਹਿਆ ਅੰਕਿ ਸਮਾਵੈ" ਕਿ ਮੂਰਖ ਦੀਆ ਗੱਲਾਂ ਦੇ ਉਲਟ ਜਦ ਗੁਰੂ ਕੁਝ ਕਹਿੰਦਾ ਹੈ ਤਾਂ ਉਹ ਹਿਰਦੇ ਵਿਚ ਸਮਾ ਜਾਂਦਾ ਹੈ। ਕਿਉਂਕਿ ਗੁਰੂ ਮੂਰਖ ਨਹੀਂ, ਬਲਕਿ ਗਿਆਨਵਾਨ ਤੇ ਸਿਆਣਾ ਹੁੰਦਾ ਹੈ। ਉਸਦੀ ਗੱਲ ਵਿਚ ਕੋਈ ਭੁਲੇਖਾ ਨਹੀਂ ਹੁੰਦਾ। ਉਹ ਸਪਸ਼ਟ ਕਹਿੰਦਾ ਹੈ ਤੇ ਇਕਦਮ ਸਮਝ ਆ ਜਾਂਦਾ ਹੈ। ਪਰ ਸ਼ਾਇਦ ਮੂਰਖਾਂ ਨੂੰ ਗੁਰੂ ਦੀ ਗੱਲ ਵੀ ਸਮਝ ਨਾ ਲਗਦੀ ਹੋਵੇ। ਇਸੇ ਲਈ ਬਚਨ ਹੈ: ਨਾਲਿ ਇਆਣੇ ਦੋਸਤੀ ਕਦੇ ਨ ਆਵੈ ਰਾਸਿ॥ ਇਸ ਸਤਰ ਵਿਚ ਆਇਆ ਸ਼ਬਦ "ਇਆਣੇ" ਤੇ "ਵਿਆਨੋ" ਸ਼ਬਦ ਦੋਵੇਂ ਇਕੋ ਅਰਥ ਮੂਰਖ ਦੇ ਧਾਰਨੀ ਹਨ। ਇਨ੍ਹਾਂ ਸ਼ਬਦਾਂ ਦਾ ਨਿਆਣੇ ਨਾਲ ਕੋਈ ਸਬੰਧ ਨਹੀਂ ਪ੍ਰਤੀਤ ਹੁੰਦਾ। ਕਿਉਂਕਿ ਨਿਆਣੇ ਨਾਲ ਦੋਸਤੀ ਹੋ ਸਕਦੀ ਹੈ, ਮੂਰਖ ਨਾਲ ਨਹੀਂ।

# ਮਨ ਦਾ ਭਰਮ — ਸਭ ਤੋਂ ਵੱਡੀ ਤਾਕਤ

ਆਖ਼ਰਕਾਰ, ਵਿਗਿਆਨੀਆਂ ਨੂੰ ਇੱਕ ਬੰਦਾ ਮਿਲ ਗਿਆ, ਜਿਹੜਾ ਬਿਜਲੀ ਦੀ ਕੁਰਸੀ 'ਤੇ ਮੌਤ ਦੀ ਸਜ਼ਾ ਦਾ ਇੰਤਜ਼ਾਰ ਕਰ ਰਿਹਾ ਸੀ।

ਵਿਗਿਆਨੀਆਂ ਨੇ ਉਸ ਕੈਦੀ ਨੂੰ ਇੱਕ ਚੋਣ ਦਿੱਤੀ ਕਿ "ਜੇ ਤੂੰ ਚਾਹੇਂ, ਤਾਂ ਤੂੰ ਇੱਕ ਮਨੋਵਿਗਿਆਨਕ ਤਜਰਬੇ ਦਾ ਹਿੱਸਾ ਬਣ ਸਕਦਾ ਹੈਂ। ਤਰੀਕਾ ਬੜਾ ਸੌਖਾ ਹੈ — ਤੇਰੇ ਬਾਂਹ 'ਤੇ ਹੌਲੀ ਜਿਹੀ ਕੱਟ ਲਾਇਆ ਜਾਵੇਗਾ, ਤੇ ਤੇਰਾ ਖ਼ੂਨ ਹੌਲੀ-ਹੌਲੀ ਵਹਿੰਦਾ ਰਹੇਗਾ। ਮੌਤ ਦਰਦ-ਰਹਿਤ ਤੇ ਸ਼ਾਂਤ ਹੋਵੇਗੀ।"

ਕੈਦੀ, ਜੋ ਬਿਜਲੀ ਦੀ ਕੁਰਸੀ ਤੋਂ ਡਰ ਰਿਹਾ ਸੀ, ਤੁਰੰਤ ਰਾਜ਼ੀ ਹੋ ਗਿਆ।

ਉਸ ਨੂੰ ਸਟ੍ਰੈਚਰ 'ਤੇ ਲੰਮਾ ਪਾ ਕੇ ਪਟਿਆਂ ਨਾਲ ਬੰਨ੍ਹ ਦਿੱਤਾ ਗਿਆ ਤਾਂ ਜੋ ਉਹ ਹਿੱਲ ਨਾ ਸਕੇ। ਬਾਂਹ 'ਤੇ ਹੌਲੀ ਜਿਹੀ ਕਟ ਲਾਈ ਗਈ — ਇੰਨੀ ਕਿ ਸੱਚ ਲੱਗੇ — ਤੇ ਹੇਠਾਂ ਇੱਕ ਛੋਟੀ ਸਟੀਲ ਦੀ ਪਿਆਲੀ ਰੱਖ ਦਿੱਤੀ ਗਈ। ਬਿਸਤਰੇ ਦੇ ਹੇਠਾਂ ਵਿਗਿਆਨੀ ਨੇ ਇੱਕ ਬੋਤਲ ਰੱਖੀ ਜਿਸ ਵਿਚ ਖ਼ੂਨ ਦੇ ਰੰਗ ਵਰਗੀ ਤਰਲ ਪਦਾਰਥ ਸੀ। ਉਸ ਨੇ ਬੋਤਲ ਦਾ ਢੱਕਣ ਖੋਲ੍ਹਿਆ ਜੋ ਹੌਲੀ-ਹੌਲੀ ਬੂੰਦਾਂ ਵਾਂਗ ਟਪਕਣ ਲੱਗਾ।

ਹਰ ਬੂੰਦ ਦੀ ਆਵਾਜ਼ ਕੈਦੀ ਨੂੰ ਸੁਣਾਈ ਦੇ ਰਹੀ ਸੀ। ਉਹ ਸੋਚਦਾ ਰਿਹਾ ਕਿ ਇਹ ਉਸ ਦਾ ਆਪਣਾ ਖ਼ੂਨ ਹੈ ਜੋ ਸਰੀਰ ਤੋਂ ਨਿਕਲ ਰਿਹਾ ਹੈ। ਕੁਝ ਸਮੇਂ ਬਾਅਦ ਵਿਗਿਆਨੀ ਨੇ ਟਪਕਣ ਦੀ ਰਫ਼ਤਾਰ ਹੌਲੀ ਕਰ ਦਿੱਤੀ, ਤਾਂ ਕਿ ਲੱਗੇ ਜਿਵੇਂ ਖ਼ੂਨ ਘੱਟ ਹੋ ਰਿਹਾ ਹੋਵੇ।

ਸਮਾਂ ਬੀਤਦਾ ਗਿਆ। ਕੈਦੀ ਦਾ ਚਿਹਰਾ ਪੀਲਾ ਪੈ ਗਿਆ। ਉਸ ਦਾ ਦਿਲ ਤੇਜ਼ ਧੜਕਣ ਲੱਗਾ। ਸਾਹ ਫੁੱਲਣ ਲੱਗਾ। ਤੇ ਜਦੋਂ ਵਿਗਿਆਨੀ ਨੇ ਬੋਤਲ ਦਾ ਵਾਲਵ ਪੂਰੀ ਤਰ੍ਹਾਂ ਬੰਦ ਕਰ ਦਿੱਤਾ — ਕੈਦੀ ਦਾ ਸਰੀਰ ਝਟਕੇ ਨਾਲ ਹਿਲਿਆ ਤੇ ਉਸ ਨੂੰ ਦਿਲ ਦਾ ਦੌਰਾ ਪਿਆ। ਉਹ ਮਰ ਗਿਆ। ਉਸ ਤਜਰਬੇ ਨੇ ਇੱਕ ਡਰਾਉਣਾ ਸੱਚ ਸਾਬਤ ਕੀਤਾ —

ਮਨੁੱਖ ਦਾ ਮਨ ਜੋ ਮੰਨ ਲੈਂਦਾ ਹੈ, ਉਹੀ ਉਸ ਲਈ ਹਕੀਕਤ ਬਣ ਜਾਂਦਾ ਹੈ।

ਜੋ ਅਸੀਂ ਸੱਚ ਸਮਝਦੇ ਹਾਂ — ਚੰਗਾ ਜਾਂ ਮਾੜਾ — ਉਹੀ ਸਾਡੇ ਮਨ ਤੇ ਸਰੀਰ ਦੋਹਾਂ ਨੂੰ ਪ੍ਰਭਾਵਿਤ ਕਰਦਾ ਹੈ।

ਮਨ ਦੀ ਕੋਈ ਹੱਦ ਨਹੀਂ। ਜਦੋਂ ਉਹ ਸਮਝ ਨਹੀਂ ਸਕਦਾ, ਉਹ ਆਪਣੀ ਕਹਾਣੀ ਖ਼ੁਦ ਬਣਾ ਲੈਂਦਾ ਹੈ — ਕਈ ਵਾਰ ਕੁਦਰਤੀ ਗੱਲ ਨੂੰ ਅਲੌਕਿਕ ਮੰਨ ਲੈਂਦਾ ਹੈ।

ਜ਼ਿੰਦਗੀ ਵਿਚ ਅਸੀਂ ਅਕਸਰ ਐਸੀਆਂ ਰੁਕਾਵਟਾਂ ਦਾ ਸਾਹਮਣਾ ਕਰਦੇ ਹਾਂ ਜੋ ਅਸੰਭਵ ਜਿਹੀਆਂ ਲੱਗਦੀਆਂ ਹਨ। ਕਈ ਵਾਰ ਕੋਈ ਕਹਿੰਦਾ ਹੈ "ਹੁਣ ਕੁਝ ਨਹੀਂ ਹੋ ਸਕਦਾ" — ਤੇ ਜੇ ਅਸੀਂ ਇਹ ਗੱਲ ਮੰਨ ਲਈ, ਤਾਂ ਉਹੀ ਸਾਡੀ ਹਕੀਕਤ ਬਣ ਜਾਂਦੀ ਹੈ।


"ਜੋ ਅਸਫਲਤਾ ਬਾਰੇ ਸੋਚਦਾ ਹੈ, ਉਹ ਪਹਿਲਾਂ ਹੀ ਹਾਰ ਗਿਆ।

ਜੋ ਜਿੱਤ ਬਾਰੇ ਸੋਚਦਾ ਹੈ, ਉਹ ਇੱਕ ਕਦਮ ਅੱਗੇ ਹੁੰਦਾ ਹੈ।

***-ਅਨੁਵਾਦ: ਸੁਰਜੀਤ ਸਿੰਘ ਵਿਰਕ***

# ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ: ਚੜ੍ਹਦੀਕਲਾ ਦਾ ਨਵਾਂ ਉਭਾਰ

ਆਸ ਤੇ ਭਰੋਸੇ ਦੀ ਭਾਵਨਾ ਗੁਰੂ ਨਾਨਕ ਸਾਹਿਬ ਦੇ ਕਾਲ ਤੋਂ ਹੀ ਸਿੱਖ ਦਾ ਪੰਥ ਰੌਸ਼ਨ ਤੇ ਸਹਿਜ ਕਰਦੀ ਆਈ ਹੈ। ਗੁਰੂ ਅਰਜਨ ਸਾਹਿਬ ਦੀ ਲਾਹੌਰ ਵਿਚ ਹੋਈ ਸ਼ਹੀਦੀ ਨੇ ਸਿੱਖੀ ਸਿਧਾਂਤਾਂ ਤੇ ਦ੍ਰਿੜ੍ਹਤਾ ਦੇ ਜਜ਼ਬੇ ਨੂੰ ਠੋਸ ਆਧਾਰ ਪ੍ਰਦਾਨ ਕੀਤਾ ਸੀ। ਗੁਰੂ ਹਰਿਗੋਬਿਦ ਸਾਹਿਬ ਦੀ ਮੀਰੀ ਤੇ ਪੀਰੀ ਦੀ ਸੋਚ ਨੇ ਸਿੱਖਾਂ ਅੰਦਰ ਧਰਮ ਲਈ ਸੂਰਵੀਰ ਯੋਧਾ ਬਣਨ ਦਾ ਸੰਕਲਪ ਪੈਦਾ ਕੀਤਾ। ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਨੇ ਉਸ ਸੰਕਲਪ ਨੂੰ "ਨਾ ਟਰੋ ਅਰਿ ਸੋ ਜਬ ਜਾਇ ਲਰੋ ਨਿਸਚੈ ਕਰ ਅਪਨੀ ਜੀਤ ਕਰੋ" ਵਿਚ ਬਦਲ ਦਿੱਤਾ। ਸਿੱਖ ਦੀ ਚੜ੍ਹਦੀਕਲਾ




**ਡਾ. ਸਤਿੰਦਰ ਪਾਲ ਸਿੰਘ**
**ਆਸਟਰੇਲੀਆ**
**ਫੋਨ: 94159-60533**

ਦੇ ਇਸ ਉਭਾਰ ਨੇ ਅਨਿਆਂ ਤੇ ਜਬਰ ਦੇ ਵਿਰੁੱਧ ਸਿੱਖ ਦੀ ਖਾਲਸ ਸ਼ਕਤੀ ਨੂੰ ਸਦਾ ਲਈ ਅਜਿੱਤ ਬਣਾ ਦਿੱਤਾ। ਚੜ੍ਹਦੀਕਲਾ ਦੀ ਭਾਵਨਾ ਸਿੱਖ ਦਾ ਉਹ ਬਲ ਬਣ ਗਈ ਜਿਸ ਦੇ ਮੁਕਾਬਿਲ ਕੁੱਝ ਹੋ ਹੀ ਨਹੀਂ ਸਕਦਾ।

ਮਨੁੱਖ ਆਪਣੇ ਅੰਦਰ ਬਲ ਪ੍ਰਗਟ ਕਰ ਲਵੇ ਤਾਂ ਉਸ ਲਈ ਕੁੱਝ ਵੀ ਨਾਮੁਮਕਿਨ ਨਹੀਂ ਹੈ। ਮਨੁੱਖ ਸਾਰਾ ਸਮਾਂ ਬਲ ਸੰਚਿਤ ਕਰਦਾ ਹੈ ਫਿਰ ਵੀ ਵਿਪਦਾ ਆਉਣ 'ਤੇ ਬੇਬਸ ਨਜ਼ਰ ਆਉਂਦਾ ਹੈ। ਕਿਉਂਕਿ ਜਿਸ ਬਲ 'ਤੇ ਉਸ ਦਾ ਭਰੋਸਾ ਹੁੰਦਾ ਹੈ ਉਹ ਕੰਮ ਨਹੀਂ ਆਉਂਦਾ। ਸਕੇ ਸਬੰਧੀ, ਮਿੱਤਰ ਵੀ ਨੱਸ ਖੜ੍ਹੇ ਹੁੰਦੇ ਹਨ। ਧਨ ਦੌਲਤ ਵੀ ਸਹਾਇਕ ਨਹੀਂ ਹੁੰਦੀ। ਜਿਸ ਨੂੰ ਮਨੁੱਖ ਆਪਣਾ ਸਮਝ ਰਿਹਾ ਹੈ ਉਹ ਤਾਂ ਆਪਣੇ ਹਿੱਤ ਲਈ ਉਸ ਨਾਲ ਜੁੜ ਕੇ ਖੜ੍ਹਾ ਹੈ। ਹਿੱਤ ਨਾ ਪੂਰਾ ਹੁੰਦਾ ਦੇਖ ਸਾਰੇ ਆਪਣਾ ਸਬੰਧ ਤੋੜਨ 'ਚ ਖਿਨ ਮਾਤਰ ਵੀ ਵਿਲੰਬ ਨਹੀਂ ਕਰਦੇ। ਇਹ ਮਨੁੱਖੀ ਵਿਵਹਾਰ ਸਭਿਅਤਾ ਦੇ ਵਿਕਾਸ ਕਾਲ ਤੋਂ ਹੀ ਚੱਲਿਆ ਆ ਰਿਹਾ ਹੈ। ਔਰੰਗਜ਼ੇਬ ਨੂੰ ਦਿੱਲੀ ਦਾ ਤਖ਼ਤ ਚਾਹੀਦਾ ਸੀ, ਉਸ ਨੇ ਆਪਣੇ ਪਿਤਾ ਨੂੰ ਹੀ ਕੈਦ ਕਰ ਲਿਆ। ਆਪਣੇ ਭਰਾ ਦੀ ਜਾਨ ਦਾ ਦੁਸ਼ਮਨ ਬਣ ਬੈਠਾ। ਔਰੰਗਜ਼ੇਬ ਨੇ ਤਾਕਤਵਰ ਫੌਜ ਬਣਾ ਲਈ। ਵੱਡਾ ਰਾਜ ਕਾਇਮ ਕੀਤਾ। ਠੀਕ ਇਸੇ ਕਾਲ ਵਿਚ ਆਨੰਦਪੁਰ ਸਾਹਿਬ ਵਿਚ ਗੁਰੂ ਤੇਗ ਬਹਾਦਰ ਜੀ ਦੇ ਰੂਪ ਵਿਚ ਇੱਕ ਅਦੁੱਤੀ ਰੂਹਾਨੀ ਤਾਕਤ ਦਾ ਉਦੈ ਹੋਇਆ। ਗੁਰੂ ਤੇਗ ਬਹਾਦਰ ਸਾਹਿਬ ਕੋਲ ਕੋਈ ਰਾਜ ਨਹੀਂ ਸੀ, ਫੌਜ ਨਹੀਂ ਸੀ, ਖਜ਼ਾਨਾ ਨਹੀਂ ਸੀ ਪਰ ਨਿਰੋਲ ਆਤਮਕ ਬਲ ਸੀ ਜਿਸ ਅੱਗੇ ਔਰੰਗਜ਼ੇਬ ਜਿਹੇ ਤਾਕਤਵਰ ਬਾਦਸ਼ਾਹ ਨੂੰ ਸ਼ਰਮਿੰਦਗੀ ਭਰੀ ਹਾਰ ਦਾ ਸਾਹਮਣਾ ਕਰਨਾ ਪਿਆ। ਗੁਰੂ ਤੇਗ ਬਹਾਦਰ ਜੀ ਸੀਸ ਦੇ ਕੇ ਵੀ ਜਿੱਤ ਗਏ ਕਿਉਂਕਿ ਉਹ ਤਾਂ ਸੀਸ ਦੇਣ ਹੀ ਆਏ ਸਨ। ਔਰੰਗਜ਼ੇਬ ਸੀਸ ਲੈ ਕੇ ਵੀ ਹਾਰ ਗਿਆ ਕਿਉਂਕਿ ਉਹ ਗੁਰੂ ਤੇਗ ਬਹਾਦਰ ਸਾਹਿਬ ਦੀ ਸਿਧਾਂਤਕ ਰਾਹ ਨੂੰ ਬਦਲਣ ਵਿਚ ਹਰ ਕੋਸ਼ਿਸ਼ ਦੇ ਬਾਵਜੂਦ ਨਾਕਾਮਯਾਬ ਰਿਹਾ। ਰਾਜਾ ਲੋਕਾਂ 'ਤੇ ਆਪਣੇ ਭੈ ਦੇ ਕਾਰਨ ਹੀ ਰਾਜਾ ਹੁੰਦਾ ਹੈ। ਰਾਜਾ ਦਾ ਭੈ ਹੀ ਨਾ ਰਹੇ ਤਾਂ ਰਾਜ ਦੀ ਕੋਈ ਕੀਮਤ ਨਹੀਂ ਰਹਿੰਦੀ। ਗੁਰੂ ਤੇਗ ਬਹਾਦਰ ਜੀ ਨੇ ਆਪਣੀ ਸ਼ਹੀਦੀ ਦੇ ਕੇ ਉਸ ਔਰਗਜ਼ੇਬ ਦਾ ਭੈ ਮਿਟਾ ਦਿੱਤਾ ਜਿਸ ਤੋਂ ਪੂਰਾ ਹਿੰਦੁਸਤਾਨ ਕੰਬ ਰਿਹਾ ਸੀ। ਕਸ਼ਮੀਰ ਦੇ ਬ੍ਰਹਮਣ ਤ੍ਰਾਹਿ ਤ੍ਰਾਹਿ ਕਰ ਰਹੇ ਸਨ। ਰਾਜ ਕਦੇ ਟਿਕੇ ਨਹੀਂ ਰਹਿੰਦੇ, ਰਾਜਾ, ਮਹਾਰਾਜਾ ਵੀ ਆਮ ਇਨਸਾਨ ਵਾਂਗੂੰ ਹੀ ਤੁਰਦੇ ਹੋਏ ਪਰ ਆਤਮਕ ਬਲ ਦਾ ਧਾਰਕ ਸਦਾ ਲਈ ਲੋਕਾਈ ਦੇ ਮਾਣ, ਆਦਰ ਦਾ ਵਿਸ਼ਾ ਬਣ ਜਾਂਦਾ ਹੈ "ਨਾਮੁ ਰਹਿਓ ਸਾਧੂ ਰਹਿਓ ਰਹਿਓ ਗੁਰੁ ਗੋਬਿੰਦੁ", ਉਹ ਲੋਕਾਂ ਦੇ ਮਨ ਵਿਚ ਸਦਾ ਜੀਵਤ ਰਹਿੰਦਾ ਹੈ। ਅੱਜ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦੀ ਇੱਕ ਇੱਕ ਘਟਨਾ ਨੂੰ ਪੁਰਬ ਵਾਂਗ ਮਨਾਉਣ ਵਾਲੇ ਦੁਨੀਆ ਭਰ ਵਿਚ ਮੌਜੂਦ ਹਨ ਪਰ ਔਰੰਗਜ਼ੇਬ ਦਾ ਕੋਈ ਨਾਮ ਲੇਵਾ ਵੀ ਨਹੀਂ ਹੈ। ਇਸ ਤੋਂ ਵੱਡੀ ਹਾਰ ਹੋਰ ਕੀ ਹੋ ਸਕਦੀ ਹੈ ਕਿਸੇ ਸਾਕਤ ਦੀ। ਗੁਰੂ ਤੇਗ ਬਹਾਦਰ ਸਾਹਿਬ ਦੇ ਸਿਖਰ 'ਤੇ ਪੁੱਜੇ ਆਤਮਕ ਬਲ ਨੇ ਇਹ ਮੁਮਕਿਨ ਕਰ ਵਿਖਾਇਆ ਕਿ ਧਰਮ ਦੇ ਮਾਰਗ 'ਤੇ ਚੱਲ ਕੇ ਬਿਖਮ ਤੋਂ ਬਿਖਮ ਸੰਕਟ ਵਿਚ ਵੀ ਰਾਹ ਕੱਢੀ ਜਾ ਸਕਦੀ ਹੈ। ਕਸ਼ਮੀਰ ਦੇ ਬ੍ਰਾਹਮਣ ਹਰ ਤਰਫ ਤੋਂ ਨਿਰਾਸ਼ ਹੋ ਕੇ ਹੀ ਗੁਰੂ ਤੇਗ ਬਹਾਦਰ ਜੀ ਦੀ ਸ਼ਰਨ ਵਿਚ ਆਏ ਸਨ। ਗੁਰੂ ਤੇਗ ਬਹਾਦਰ ਜੀ ਕੋਲ ਸ਼ਰਨ ਵਿਚ ਆਏ ਦੀਨ, ਦੁਖੀ ਬ੍ਰਾਹਮਣਾਂ ਨੂੰ ਵਿਪਦਾ ਤੋਂ ਬਚਾਉਣ ਦਾ ਉਪਾਇ ਸੀ, ਉਪਾਇ ਨਿਕਲਿਆ ਵੀ ਕਿਉਂਕਿ ਗੁਰੂ ਸਾਹਿਬ ਕੋਲ ਸੱਚਾ ਬਲ ਸੀ ਜੋ ਕਿਸੇ ਵੀ ਬੰਧਨ ਨੂੰ ਤੋੜ ਸਕਦਾ ਸੀ।

ਇੱਕ ਸੱਚਾ ਬਲਵਾਨ ਆਪਣੇ ਬਲ ਬਾਰੇ ਜਾਣਦਾ ਹੈ, ਨਾਲ ਹੀ ਉਸ ਨੂੰ ਦੂਜੇ ਦੇ ਬਲ ਦੀ ਪਛਾਣ ਵੀ ਹੁੰਦੀ ਹੈ। ਗੁਰੂ ਹਰਿਗੋਬਿੰਦ ਜੀ ਨੇ ਜਦੋਂ ਕੀਰਤਪੁਰ ਵਿਚ ਗੁਰੂ ਹਰਿਰਾਇ ਜੀ ਨੂੰ ਗੁਰਤਾ ਗੱਦੀ ਸੌਂਪੀ, ਗੁਰੂ ਤੇਗ ਬਹਾਦਰ ਜੀ ਨੂੰ ਬਕਾਲੇ ਚਲੇ ਜਾਣ ਦਾ ਹੁਕਮ ਦਿੱਤਾ। ਉਸ ਸਮੇਂ ਮਾਤਾ ਨਾਨਕੀ ਜੀ ਨੂੰ ਗੁਰੂ ਤੇਗ ਬਹਾਦਰ ਜੀ ਬਾਰੇ ਵਚਨ ਕੀਤੇ ਸਨ "ਤੁਮ ਸੁਤ ਨੰਦਨ ਅਮਿਤ ਬਲ ਸਭ ਜਗ ਕਰੈ ਸਹਾਇ"। ਗੁਰੂ ਹਰਿਗੋਬਿੰਦ ਸਾਹਿਬ ਆਪਣੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਦੀ ਸਮਰੱਥਾ ਬਾਰੇ ਭਲੀ ਪ੍ਰਕਾਰ ਜਾਣਦੇ ਸਨ। ਉਨ੍ਹਾਂ ਆਪਣੇ ਜੀਵਨ ਕਾਲ ਵਿਚ ਹੀ ਭਵਿੱਖ ਵੇਖ ਲਿਆ ਸੀ ਕਿ ਗੁਰੂ ਤੇਗ ਬਹਾਦਰ ਜੀ ਦਾ ਬਲ ਪੂਰੇ ਸੰਸਾਰ ਲਈ ਸਹਾਇਕ ਸਿੱਧ ਹੋਵੇਗਾ। ਇਹ ਸੱਚ ਸਾਬਿਤ ਹੋਇਆ। ਸੰਸਾਰ ਵਿਚ ਜਦੋਂ ਵੀ ਮਨੁੱਖੀ ਹਿੱਤਾਂ ਦੀ ਰਾਖੀ ਦੀ ਗੱਲ ਚੱਲਦੀ ਹੈ ਪਹਿਲੀ ਪ੍ਰੇਰਨਾ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਮਿਲਦੀ ਹੈ। ਪੰਡਿਤ ਕਿਰਪਾ ਰਾਮ ਦੀ ਅਗੁਆਈ ਵਿਚ ਤਕਰੀਬਨ ਪੰਜ ਸੌ ਬ੍ਰਾਹਮਣਾਂ ਦਾ ਦਲ ਗੁਰੂ ਤੇਗ ਬਹਾਦਰ ਜੀ ਦੇ ਦਰਬਾਰ ਵਿਚ ਆਇਆ ਤੇ ਆਪਣੀ ਦੁੱਖਾਂ ਭਰੀ ਬਿਰਥਾ ਸੁਣਾਈ ਕਿ ਕਿਵੇਂ ਉਨ੍ਹਾਂ 'ਤੇ ਇਸਲਾਮ ਸਵੀਕਾਰ ਕਰਨ ਲਈ ਜ਼ੁਲਮ ਕੀਤੇ ਜਾ ਰਹੇ ਹਨ। ਗੁਰੂ ਤੇਗ ਬਹਾਦਰ ਜੀ ਉਨ੍ਹਾਂ ਦੇ ਹਿੱਤਾਂ ਲਈ ਖੜ੍ਹੇ ਹੋਣ ਨੂੰ ਤਿਆਰ ਹੋ ਗਏ। ਡਾ. ਤਿਰਲੋਚਨ ਸਿੰਘ ਨੇ ਆਪਣੀ ਕਿਤਾਬ ਵਿਚ ਹਵਾਲਾ ਦਿੱਤਾ ਹੈ ਕਿ ਬ੍ਰਾਹਮਣਾਂ ਨੇ ਲਾਹੌਰ ਦੇ ਗਵਰਨਰ ਰਾਹੀਂ ਇੱਕ ਫਰਿਆਦ ਪੱਤਰ ਔਰੰਗਜ਼ੇਬ ਨੂੰ ਭੇਜਿਆ ਕਿ ਗੁਰੂ ਤੇਗ ਬਹਾਦਰ ਜੀ ਉਸ ਕੋਲ ਇਸ ਮਸਲੇ 'ਤੇ ਚਰਚਾ ਲਈ ਆਉਣ ਨੂੰ ਤਿਆਰ ਹਨ। ਜੇ ਬਾਦਸ਼ਾਹ ਗੁਰੂ ਸਾਹਿਬ ਨੂੰ ਇਸਲਾਮ ਸਵੀਕਾਰ ਕਰਨ ਲਈ ਸਹਿਮਤ ਕਰ ਲੈਂਦਾ ਹੈ ਤਾਂ ਹਿੰਦੁਸਤਾਨ ਦੇ ਸਾਰੇ ਹਿੰਦੂ ਇਸਲਾਮ ਧਰਮ ਸਵੀਕਾਰ ਕਰ ਲੈਣਗੇ। ਜੇ ਗੁਰੂ ਸਾਹਿਬ ਨੂੰ ਸਹਿਮਤ ਕਰਨ 'ਚ ਕਾਮਯਾਬ ਨਹੀਂ ਹੁੰਦਾ ਤਾਂ ਸਾਡੇ 'ਤੇ ਹੋ ਰਿਹਾ ਜ਼ੁਲਮ, ਜਬਰ ਰੋਕਣਾ ਪਵੇਗਾ ਅਤੇ ਸਾਨੂੰ ਧਾਰਮਿਕ ਆਜ਼ਾਦੀ ਦੇਣੀ ਪਵੇਗੀ। ਇਸ ਤਰ੍ਹਾਂ ਵੱਡੀ ਜੰਗ ਦਾ ਮੈਦਾਨ ਸਜਾ ਦਿੱਤਾ ਗਿਆ ਜਿਸ ਦੇ ਇੱਕ ਪਾਸੇ ਔਰੰਗਜ਼ੇਬ ਦੀ ਪੂਰੀ ਤਾਕਤ ਤੇ ਦੂਜੇ ਪਾਸੇ ਇਕੱਲੇ ਗੁਰੂ ਤੇਗ ਬਹਾਦਰ ਜੀ ਸਨ। ਜੰਗ ਅਤੇ ਜੰਗ ਦਾ ਮੈਦਾਨ ਵੀ ਔਰੰਗਜ਼ੇਬ ਦਾ ਸੀ ਪਰ ਜੰਗ ਗੁਰੂ ਤੇਗ ਬਹਾਦਰ ਜੀ ਨੇ ਆਪਣੀਆਂ ਸ਼ਰਤਾਂ 'ਤੇ ਲੜੀ ਅਤੇ ਜਿੱਤੀ ਵੀ। ਗੁਰੂ ਜੀ ਜਾਣਦੇ ਸਨ ਕਿ ਭਵਿੱਖ ਵਿਚ ਕੀ ਹੋਣ ਵਾਲਾ ਹੈ, ਇਸ ਕਾਰਨ ਔਰੰਗਜ਼ੇਬ ਦੇ ਪ੍ਰਤੀਕਰਮ ਦੀ ਉਡੀਕ ਕੀਤੇ ਬਿਨਾ ਹੀ ਦਿੱਲੀ ਵੱਲ ਯਾਤਰਾ ਆਰੰਭ ਕਰ ਦਿੱਤੀ। ਆਨੰਦਪੁਰ ਸਾਹਿਬ ਵਿਚ ਸਾਰੇ ਪ੍ਰਬੰਧ ਕਰਨ ਤੋਂ ਬਾਅਦ ਹੀ ਗੁਰੂ ਸਾਹਿਬ ਨੇ ਚਾਲੇ ਪਾਏ ਸਨ। ਇਸ ਤੋਂ ਅਹਿਸਾਸ ਹੁੰਦਾ ਹੈ ਕਿ ਆਪਣੀ ਸ਼ਹੀਦੀ ਦੀ ਕਥਾ ਗੁਰੂ ਸਾਹਿਬ ਨੇ ਆਪ ਲਿਖੀ ਸੀ। ਗੁਰੂ ਤੇਗ ਬਹਾਦਰ ਸਾਹਿਬ ਰਾਹ ਵਿਚ ਸੰਗਤਾਂ ਨੂੰ ਦਰਸ਼ਨ,



ਉਪਦੇਸ਼ ਦਿੰਦੇ ਚੱਲੇ। ਜਦੋਂ ਗਿਆਤ ਹੋਇਆ ਕਿ ਔਰੰਗਜ਼ੇਬ ਆਗਰਾ ਆਇਆ ਹੋਇਆ ਹੈ ਤਾਂ ਗੁਰੂ ਸਾਹਿਬ ਆਗਰੇ ਵੱਲ ਤੁਰ ਪਏ। ਆਗਰੇ ਪੁੱਜੇ ਤਾਂ ਪਤਾ ਲੱਗਾ ਕਿ ਔਰੰਗਜ਼ੇਬ ਦਿੱਲੀ ਚਲਾ ਗਿਆ ਹੈ। ਔਰੰਗਜ਼ੇਬ ਦੇ ਹੁਕਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਨੂੰ ਗ੍ਰਿਫ਼ਤਾਰ ਕਰ ਕੇ ਆਗਰੇ ਤੋਂ ਦਿੱਲੀ ਲਿਆਂਦਾ ਗਿਆ। ਦਿੱਲੀ ਵਿਚ ਪਹਿਲਾਂ ਆਦਰ ਪੂਰਨ ਵਿਵਹਾਰ ਕੀਤਾ ਗਿਆ। ਔਰੰਗਜ਼ੇਬ ਨਾਲ ਗੁਰੂ ਸਾਹਿਬ ਦਾ ਸੰਵਾਦ ਹੋਇਆ। ਲੋਭ ਦਿੱਤੇ ਗਏ ਡਰਾਉਣ ਦਾ ਯਤਨ ਕੀਤਾ ਗਿਆ ਕਿ ਗੁਰੂ ਸਾਹਿਬ ਇਸਲਾਮ ਸਵੀਕਾਰ ਕਰ ਲੈਣ। ਪਰ ਗੁਰੂ ਸਾਹਿਬ ਅਡੋਲ ਰਹੇ। ਖਿੱਝ ਕੇ ਗੁਰੂ ਤੇਗ ਬਹਾਦਰ ਜੀ ਅਤੇ ਸਿੱਖਾਂ ਨੂੰ ਚਾਂਦਨੀ ਚੌਕ ਦੀ ਕੋਤਵਾਲੀ ਵਿਚ ਕੈਦ ਕਰ ਦਿੱਤਾ ਗਿਆ। ਔਰੰਗਜ਼ੇਬ ਨੇ ਸ਼ਹੀਦੀ ਦੇ ਹੁਕਮ ਦੇ ਦਿੱਤੇ। ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲ ਦਾਸ ਤੋਂ ਬਾਅਦ ਗੁਰੂ ਤੇਗ ਬਹਾਦਰ ਜੀ ਨੂੰ ਸ਼ਹੀਦ ਕੀਤਾ ਗਿਆ। ਜਿਸ ਦਾ ਵੱਖ ਘਟਨਾਕ੍ਰਮ ਹੈ।

ਧਿਆਨ ਦੇਣ ਯੋਗ ਗੱਲ ਇਹ ਹੈ ਕਿ ਸਿੱਖਾਂ ਨੇ ਵੀ ਔਰੰਗਜ਼ੇਬ ਦਾ ਕੋਈ ਖ਼ੌਫ ਨਹੀਂ ਖਾਧਾ। ਗੁਰੂ ਸਾਹਿਬ ਨੂੰ ਜਦੋਂ ਚਾਂਦਨੀ ਚੌਕ ਕੋਤਵਾਲੀ ਵਿਚ ਰੱਖਿਆ ਗਿਆ ਸੀ ਤੇ ਦਬਾਅ ਪਾਏ ਜਾ ਰਹੇ ਸਨ ਤਾਂ ਸਿੱਖਾਂ ਨੇ ਡਰ ਜਾਣ ਦੀ ਥਾਂ ਹਿੰਮਤ ਵਿਖਾਈ ਤੇ ਕਈ ਤਜਵੀਜ਼ਾਂ ਗੁਰੂ ਸਾਹਿਬ ਨੂੰ ਕੈਦ ਤੋਂ ਬਾਹਰ ਲਿਆਉਣ ਦੀਆਂ ਕੀਤੀਆਂ। ਜਿਸ ਦਾ ਗੁਰੂ ਨਿਡਰ ਹੋਵੇ ਉਹ ਭਲਾ ਕਿਵੇਂ ਕਾਇਰ ਹੋ ਸਕਦਾ ਹੈ।

ਭਾਈ ਜੈਤਾ ਜੀ, ਜਿਨ੍ਹਾਂ ਨੇ ਗੁਰੂ ਸਾਹਿਬ ਦਾ ਪਾਵਨ ਸੀਸ ਆਨੰਦਪੁਰ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੱਕ ਪੁਚਾਇਆ ਸੀ, ਦਿੱਲੀ ਦੇ ਹੀ ਰਹਿਣ ਵਾਲੇ ਸਨ। ਪ੍ਰਿੰਸੀਪਲ ਸਤਬੀਰ ਸਿੰਘ ਨੇ ਲਿਖਿਆ ਹੈ ਕਿ ਭਾਈ ਜੈਤਾ ਜੀ ਦੇ ਘਰ ਦੇ ਨਿਕਟ ਹੀ ਭਾਈ ਨਨੂਆ ਜੀ ਦਾ ਘਰ ਸੀ ਜਿੱਥੇ ਗੁਰੂ ਤੇਗ ਬਹਾਦਰ ਜੀ ਦੇ ਅਨਿੰਨ ਸਿੱਖ ਭਾਈ ਊਦਾ ਜੀ ਤੇ ਭਾਈ ਗੁਰਦਿੱਤਾ ਜੀ ਟਿਕੇ ਹੋਏ ਸਨ। ਭਾਈ ਜੈਤਾ ਜੀ ਤੇ ਭਾਈ ਲੱਖੀ ਸ਼ਾਹ ਨੇ ਪਹਿਲਾਂ ਹੀ ਤਿਆਰੀ ਕਰ ਲਈ ਸੀ ਕਿ ਸ਼ਹੀਦੀ ਤੋਂ ਬਾਅਦ ਗੁਰੂ ਤੇਗ ਬਹਾਦਰ ਸਾਹਿਬ ਦੀ ਦੇਹ ਦੀ ਸੰਭਾਲ ਕਿਵੇਂ ਕਰਨੀ ਹੈ। ਇਹ ਤਿਆਰਿਆਂ ਸਿੱਖ ਚੇਤਨਾ ਤੇ ਸਿਦਕ ਦਾ ਪ੍ਰਤੀਕ ਸਨ ਜੋ ਔਰੰਗਜ਼ੇਬ ਦੇ ਰਾਜ ਦੇ ਕਾਲੇ ਦੌਰ ਵਿਚ ਵੀ ਪੂਰਨ ਜੀਵੰਤ ਸੀ। ਗੁਰੂ ਸਾਹਿਬ ਦਾ ਸੀਸ ਪ੍ਰਾਪਤ ਕਰਨ ਲਈ ਸਲਾਹ ਬਣੀ ਕਿ ਮੁਗ਼ਲਾਂ ਨੂੰ ਭੁਲੇਖਾ ਪਾਇਆ ਜਾਵੇ। ਇੱਕ ਸੀਸ ਰੱਖ ਕੇ ਗੁਰੂ ਸਾਹਿਬ ਦਾ ਸੀਸ ਚੁੱਕ ਲਿਆ ਜਾਵੇ। ਜਦੋਂ ਤੱਕ ਮੁਗ਼ਲਾਂ ਨੂੰ ਹਕੀਕਤ ਦਾ ਪਤਾ ਲੱਗੇਗਾ, ਭਾਈ ਜੈਤਾ ਜੀ ਸੀਸ ਲੈ ਕੇ ਦੂਰ ਤੱਕ ਜਾ ਚੁਕੇ ਹੋਣਗੇ। ਇਸ ਲਈ ਭਾਈ ਜੈਤਾ ਜੀ ਦੇ ਪਿਤਾ ਭਾਈ ਆਗਿਆ ਰਾਮ ਨੇ ਆਪਣਾ ਸੀਸ ਦੇਣ ਦੀ ਤਜਵੀਜ਼ ਕੀਤੀ। ਇਹ ਵੀ ਗੁਰੂ ਨੂੰ ਸਮਰਪਿਤ ਇੱਕ ਮਹਾਨ ਬਲਿਦਾਨ ਸੀ। ਇਵੇਂ ਹੀ ਹੋਇਆ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਅਚਨਚੇਤ ਭਾਰੀ ਝੱਖੜ ਝੁੱਲ ਪਿਆ। ਇਸ ਦਾ ਲਾਭ ਉਠਾ ਕੇ ਭਾਈ ਜੈਤਾ ਜੀ ਨੇ ਆਪਣੇ ਹੀ ਪਿਤਾ ਦਾ ਸੀਸ ਕੱਟ ਕੇ ਚਾਂਦਨੀ ਚੌਕ ਵਿਚ ਸੁੱਟ ਦਿੱਤਾ ਤੇ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਆਪਣੇ ਸਾਥੀਆਂ ਭਾਈ ਨਨੂਆ ਜੀ ਤੇ ਭਾਈ ਅੱਡਾ ਜੀ ਨਾਲ ਅਨੰਦਪੁਰ ਸਾਹਿਬ ਵੱਲ ਤੁਰ ਪਏ। ਭਾਈ ਜੈਤਾ ਜੀ ਦੇ ਪੰਜਵੇਂ ਦਿਨ ਕੀਰਤਪੁਰ ਪੁੱਜਣ 'ਤੇ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੂੰ ਸਮਾਚਾਰ ਪ੍ਰਾਪਤ ਹੋਇਆ ਤਾਂ ਗੁਰੂ ਸਾਹਿਬ ਆਏ ਤੇ ਭਾਈ ਜੈਤਾ ਜੀ ਨੂੰ ਗਲੇ ਲਾ ਕੇ ਕਿਹਾ ਸੀ "ਰੰਗਰੇਟੇ ਗੁਰੂ ਕੇ ਬੇਟੇ"। ਗੁਰੂ ਤੇਗ ਬਹਾਦਰ ਜੀ ਦਾ ਸੀਸ ਅੰਤਮ ਸੰਸਕਾਰ ਲਈ ਆਨੰਦਪੁਰ ਸਾਹਿਬ ਲਿਆਂਦਾ ਗਿਆ। ਬੇਅੰਤ ਸੰਗਤਾਂ ਨਾਲ ਸ਼ਬਦ ਕੀਰਤਨ ਕਰਦਿਆਂ ਚੱਲ ਰਹੀਆਂ ਸਨ। ਨੌਂ ਸਾਲ ਦੇ ਗੁਰੂ ਗੋਬਿੰਦ ਸਿੰਘ ਜੀ ਪੂਰਨ ਸਹਿਜ ਸਨ। ਮਾਤਾ ਗੁਜਰੀ ਜੀ ਪੂਰਨ ਅਡੋਲ ਸਨ ਜਿਨ੍ਹਾਂ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਦਰਸ਼ਨ ਕਰਨ ਤੋਂ ਬਾਅਦ ਵਚਨ ਕੀਤਾ ਕਿ ਤੁਹਾਡੀ ਤਾਂ ਨਿਭ ਗਈ ਮੇਰੀ ਵੀ ਨਿਭ ਆਵੇ"। ਮਾਤਾ ਗੁਜਰੀ ਜੀ ਦੇ ਇਹ ਵਚਨ ਪੂਰੀ ਸਿੱਖ ਕੌਮ ਦੇ ਵਚਨ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਪੂਰੀ ਸਿੱਖ ਕੌਮ ਨੂੰ ਮਾਣ ਨਾਲ ਭਰ ਦਿੱਤਾ ਤੇ ਉਨ੍ਹਾਂ ਦੀ ਰਾਹ 'ਤੇ ਹੀ ਚੱਲ ਕੇ ਧਰਮ ਲਈ ਕੁਰਬਾਨੀਆਂ ਦੇਣ ਦਾ ਅਟੁੱਟ ਜਜ਼ਬਾ ਪੈਦਾ ਕੀਤਾ।

ਉੱਧਰ ਭਾਈ ਲੱਖੀ ਸ਼ਾਹ ਨੇ ਸ਼ਾਹੀ ਠੇਕੇਦਾਰ ਹੋਣ ਦਾ ਲਾਭ ਉਠਾਇਆ ਤੇ ਆਪਣੇ ਗੱਡੇ ਲੈ ਕੇ ਚਾਂਦਨੀ ਚੌਕ ਪੁੱਜ ਗਏ। ਭਾਰੀ ਤੂਫ਼ਾਨ ਕਾਰਨ ਗੁਰੂ ਸਾਹਿਬ ਦੇ ਧੜ ਦੀ ਰਾਖੀ ਕਰ ਰਹੇ ਮੁਗ਼ਲ ਸਿਪਾਹੀ ਪਿੱਛੇ ਹਟ ਗਏ ਸਨ। ਭਾਈ ਗੁਰਦਿੱਤਾ ਜੀ ਨੇ ਭਾਈ ਲੱਖੀ ਸ਼ਾਹ ਤੇ ਉਸ ਦੇ ਪੁੱਤਰਾਂ ਦੇ ਸਹਿਯੋਗ ਨਾਲ ਗੁਰੂ ਤੇਗ ਬਹਾਦਰ ਜੀ ਦਾ ਧੜ ਚੁੱਕ ਕੇ ਰੂੰ ਦੇ ਗੱਡੇ ਵਿਚ ਲਿਟਾ ਦਿੱਤਾ। ਉੱਪਰ ਵੀ ਰੂੰ ਨਾਲ ਢੱਕ ਕੇ ਰਕਾਬਗੰਜ ਵੱਲ ਫੁਰਤੀ ਨਾਲ ਤੁਰ ਪਏ। ਕਈ ਗੱਡੇ ਨਾਲ ਚੱਲ ਰਹੇ ਸਨ। ਰਕਾਬਗੰਜ ਪੁੱਜਦਿਆਂ ਅੱਧੀ ਰਾਤ ਹੋ ਗਈ। ਭਾਈ ਲੱਖੀ ਸ਼ਾਹ ਨੇ ਆਪਣੇ ਘਰ ਦੇ ਅੰਦਰ ਹੀ ਘਰ ਦਾ ਸਮਾਨ ਰੱਖ ਕੇ ਚਿਤਾ ਬਣਾ ਦਿੱਤੀ ਤੇ ਗੁਰੂ ਤੇਗ ਬਹਾਦਰ ਜੀ ਦੇ ਧੜ ਦਾ ਸੰਸਕਾਰ ਕਰ ਦਿੱਤਾ। ਉਸ ਨੇ ਅਸਥੀਆਂ ਇੱਕ ਗਾਗਰ ਵਿਚ ਰੱਖ ਕੇ ਘਰ ਦੇ ਅੰਦਰ ਹੀ ਦਬਾ ਦਿੱਤੀਆਂ। ਇਹ ਹਿੰਮਤ ਭਰਿਆ ਕਾਰਜ ਸੀ ਜਿਸ ਵਿਚ ਸੂਝ-ਬੂਝ ਸ਼ਾਮਿਲ ਸੀ। ਧਰਮ ਦੀ ਰਾਖੀ ਲਈ ਹਿੰਮਤ ਵੀ ਚਾਹੀਦੀ ਹੈ ਤੇ ਸੂਝ-ਬੂਝ ਵੀ। ਇਹ ਸਾਰਾ ਕੁੱਝ ਔਰੰਗਜ਼ੇਬ ਦੀ ਨੱਕ ਦੇ ਹੇਠਾਂ ਹੋਇਆ।

ਔਰੰਗਜ਼ੇਬ ਸਮਝਦਾ ਸੀ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸਿੱਖਾਂ ਦਾ ਮਨੋਬਲ ਤੋੜ ਦੇਵੇਗੀ ਤੇ ਹਿੰਦੂਆਂ ਦਾ ਵਿਰੋਧ ਵੀ ਸ਼ਾਂਤ ਹੋ ਜਾਏਗਾ। ਪਰ ਇਹ ਨਾ ਹੋਇਆ। ਗੁਰੂ ਤੇਗ ਬਹਾਦਰ ਜੀ ਤਾਂ ਆਪਣੇ ਜੀਵਨ ਕਾਲ ਵਿਚ ਹੀ ਵਚਨ ਕਰ ਗਏ ਸਨ "ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ"। ਗੁਰੂ ਨਾਨਕ ਸਾਹਿਬ ਦਾ ਸਿੱਖ ਤਾਂ ਸਿਰ ਤਲੀ 'ਤੇ ਰੱਖ ਕੇ ਚੱਲਣ ਵਾਲਾ ਹੈ। ਸਿਰਫ ਪਰਮਾਤਮਾ ਦੇ ਭੈ ਵਿਚ ਰਹਿਣ ਕਾਰਨ ਉਸ ਦੇ ਸਾਰੇ ਭੈ ਮਿਟ ਜਾਂਦੇ ਹਨ। ਇਹ ਨਿਡਰਤਾ ਹੀ ਉਸ ਦੇ ਸਿਦਕ ਦਾ ਅਧਾਰ ਬਣਦੀ ਹੈ। ਸਿੱਖ ਦਾ ਸਿਦਕ ਜਦੋਂ ਪ੍ਰਗਟ ਹੁੰਦਾ ਹੈ ਪੂਰਾ ਮਨੁੱਖੀ ਸਮਾਜ ਉਸ ਤੋਂ ਪ੍ਰਭਾਵਿਤ ਹੁੰਦਾ ਹੈ। ਖਿਮਨਦੇ ਹਨ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਬਾਅਦ ਚਾਂਦਨੀ ਚੌਕ ਦੇ ਕੋਤਵਾਲ ਅਬਦੁੱਲਾ ਨੇ ਨੌਕਰੀ ਛੱਡ ਦਿੱਤੀ ਸੀ ਤੇ ਆਨੰਦਪੁਰ ਸਾਹਿਬ ਚਲਾ ਗਿਆ ਸੀ। ਜਿਸ ਕਾਜ਼ੀ ਨੇ ਫਤਵਾ ਦਿੱਤਾ ਸੀ ਪੰਦਰਾਂ ਦਿਨ ਬਾਅਦ ਹੀ ਉਸ ਦੀ ਮੌਤ ਹੋ ਗਈ। ਦਿੱਲੀ ਦੇ ਅੰਦਰ ਖੁਦ ਔਰੰਗਜ਼ੇਬ ਨੂੰ ਸਿੱਖਾਂ ਦੇ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਉਹ ਜਾਮਾ ਮਸਜਿਦ ਵਿਚ ਨਮਾਜ਼ ਪੜ੍ਹ ਕੇ ਪਰਤ ਰਿਹਾ ਸੀ ਤਾਂ ਇੱਕ ਸਿੱਖ ਨੇ ਉਸ ਤੇ ਹਮਲਾ ਕਰ ਦੋ ਇੱਟਾਂ ਸੁੱਟੀਆਂ। ਇਹ ਘਟਨਾ ਮੁਸਲਿਮ ਦਸਤਾਵੇਜ਼ਾਂ ਵਿਚ ਦਰਜ ਹੈ। ਘਟਨਾ ਦੀ ਤਿਥੀ 30 ਅਕਤੂਬਰ 1676 ਲਿਖੀ ਗਈ ਹੈ। ਸਿੱਧੇ ਬਾਦਸ਼ਾਹ ਨਾਲ ਟਕਰਾ ਜਾਣਾ ਇੱਕ ਵੱਡੀ ਘਟਨਾ ਸੀ। ਇੱਕ ਦੂਜੀ ਘਟਨਾ ਦਾ ਜ਼ਿਕਰ ਹੈ ਕਿ ਜਦੋਂ ਬਾਦਸ਼ਾਹ ਦੀ ਸਵਾਰੀ ਚਾਂਦਨੀ ਚੌਕ ਤੋਂ ਲੰਘ ਰਹੀ ਸੀ ਤਾਂ ਇੱਕ ਨੇ ਦੂਰੋਂ ਸੋਟੀ ਮਾਰ ਸੁੱਟੀ। ਹੋਰ ਘਟਨਾ ਹੈ ਕਿ ਜਦੋਂ ਉਹ ਘੋੜੇ 'ਤੇ ਸਵਾਰ ਹੋ ਕੇ ਜਾ ਰਿਹਾ ਸੀ ਤਾਂ ਇੱਕ ਸਿੱਖ ਨੇ ਤਲਵਾਰ ਨਾਲ ਵਾਰ ਕੀਤਾ ਸੀ। ਇਸ ਵਾਰ ਨਾਲ ਔਰੰਗਜ਼ੇਬ ਦੇ ਸਿਪਾਹਸਾਲਾਰ ਮੁਕੱਰਮ ਖਾਨ ਦੀ ਉਂਗਲੀ ਕੱਟੀ ਗਈ ਸੀ। ਘਟਨਾਵਾਂ ਨਿੱਕੀਆ ਪਰ ਮਜ਼ਬੂਤ ਇਰਾਦੇ ਪ੍ਰਗਟ ਕਰਨ ਵਾਲੀਆਂ ਸਨ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੇ ਸਿੱਖਾਂ ਅੰਦਰ ਤਿਆਗ ਤੇ ਬਲਿਦਾਨ ਦੀ ਭਾਵਨਾ ਪੈਦਾ ਕੀਤੀ। ਇਸ ਭਾਵਨਾ ਨੂੰ ਸੱਚੇ ਬਲ ਵਿਚ ਬਦਲਣ ਦਾ ਮਹਾਨ ਕਾਰਜ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ।

ਸਿੱਖਾਂ ਨੂੰ ਆਪਣੇ ਸਿੱਖ ਹੋਣ 'ਤੇ ਮਾਣ ਮਹਿਸੂਸ ਹੋਵੇ ਅਤੇ ਉਹ ਹਰ ਸਥਿਤੀ ਵਿਚ ਗੁਰੂ ਦਾ ਸਿੱਖ ਅਖਵਾਉਣ ਜੋਗ ਸਾਬਿਤ ਹੋਣ ਇਸ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਬਹੁਪੱਖੀ ਕਦਮ ਚੁੱਕੇ। ਸਿੱਖਾਂ ਨੂੰ ਵਿਦਿਅਕ ਤੌਰ 'ਤੇ ਸਮਰੱਥ ਬਣਾਇਆ, ਬਾਣੀ ਨਾਲ ਜੋੜਿਆ, ਢਾਡੀ ਵਾਰਾਂ ਰਾਹੀਂ ਵੀਰ ਰਸ ਦਾ ਭਾਵ ਭਰਿਆ, ਸਰੀਰਕ ਕਸਰਤਾਂ ਤੇ ਛਦਮ ਯੁੱਧ ਕਰਾਏ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਰਬਾਰ ਸ਼ਾਹੀ ਅੰਦਾਜ਼ ਵਿਚ ਸਜਾਇਆ। ਦਰਬਾਰ ਵਿਚ ਬੈਠਣ ਲਈ ਉੱਚਾ ਸਿੰਹਾਸਨ ਸੀ। ਜੋਸ਼ ਭਰਨ ਲਈ ਰਣਜੀਤ ਨਗਾਰਾ ਤਿਆਰ ਕਰਾਇਆ। ਆਨੰਦਪੁਰ ਸਾਹਿਬ ਨੂੰ ਕਿਲ੍ਹੇ ਉਸਾਰ ਕੇ ਸੁਰੱਖਿਅਤ ਕੀਤਾ। ਲੰਮੀ ਤਿਆਰੀ ਤੋਂ ਬਾਅਦ ਸੰਨ 1699 ਦੀ ਵਿਸਾਖੀ ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਿਆ ਸੀ। ਇਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨੂੰ ਸਭ ਤੋਂ ਨਿੱਘਾ ਨਮਨ ਸੀ। ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਮਨੁੱਖੀ ਹੱਕਾਂ ਨੂੰ ਸਮਰਪਿਤ ਸੀ। ਖਾਲਸਾ ਦੀ ਸਾਜਨਾ ਉਸ ਮਿਸ਼ਨ ਨੂੰ ਅਗਾਂਹ ਵਧਾਉਣ ਲਈ ਹੋਈ। ਅੱਜ ਵੀ ਖਾਲਸਾ ਸਦਾ ਮਨੁੱਖੀ ਹਿੱਤਾਂ ਲਈ ਖੜ੍ਹਾ ਨਜ਼ਰ ਆਉਂਦਾ ਹੈ ਤਾਂ ਇਸ ਦੀ ਪਿਛੋਕੜ ਵਿਚ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦੀ ਪ੍ਰੇਰਨਾ ਜੀਵੰਤ ਹੁੰਦੀ ਹੈ। ਖਾਲਸਾ ਨੇ ਔਰੰਗਜ਼ੇਬ ਦੇ ਉਸ ਜ਼ਾਲਮ ਰਾਜ ਨੂੰ ਪੁੱਟ ਸੁੱਟਿਆ ਜਿਸ ਤੋਂ ਹਵਾ ਵੀ ਸਹਿਮ ਕੇ ਚੱਲਦੀ ਸੀ। ਸੱਚ ਦਾ ਬਲ ਥੱਕਦਾ ਨਹੀਂ, ਹਾਰਦਾ ਨਹੀਂ, ਚੁੱਪ ਨਹੀਂ ਬਹਿੰਦਾ, ਸਗੋਂ ਸਮੇਂ 'ਤੇ ਬੋਲਦਾ ਹੈ, ਖੜ੍ਹਦਾ ਹੈ, ਡੱਟਦਾ ਹੈ ਤੇ ਜਿੱਤਦਾ ਹੈ। ਸੱਚ ਸਦਾ ਜਿੱਤਣ ਲਈ ਹੀ ਹੈ।

## ਸ਼ਹੀਦੀ ਦਿਹਾੜੇ ਨੂੰ ਸਮਰਪਿਤ – 'ਤਿਲਕ ਜੰਞੂ ਦਾ ਰਾਖਾ

ਸਿੱਖ ਧਰਮ ਦੇ ਨੌਵੇਂ ਸਤਿਗੁਰ, ਨਾਮ ਹੈ ਤੇਗ਼ ਬਹਾਦਰ।
ਦੀਨ-ਦੁਖੀ ਨੂੰ ਦਿੱਤਾ ਆਸਰਾ, ਬਣੇ ਹਿੰਦ ਦੀ ਚਾਦਰ।

ਮੁੱਢ ਤੋਂ ਸਨ ਉਹ ਪਰਉਪਕਾਰੀ, ਦੁਖ ਨਾ ਕਿਸੇ ਦਾ ਸਹਿੰਦੇ।
ਦੂਜੇ ਦੀ ਬਿਪਤਾ ਨੂੰ ਜਰਦੇ, ਸਿਮਰਨ ਦੇ ਵਿਚ ਰਹਿੰਦੇ।

ਆਪਣੇ ਗੁਰੂ-ਪਿਤਾ ਨਾਲ ਉਨ੍ਹਾਂ, ਜੰਗ ਵਿਚ ਜੌਹਰ ਵਿਖਾਏ।
ਮੱਖਣ ਸ਼ਾਹ ਦੇ ਡੁੱਬਦੇ ਬੇੜੇ, ਮੋਢਾ ਲਾਇ ਤਰਾਏ।

ਗੁਰੂ ਤਪੱਸਿਆ ਕਰਦੇ ਭੋਰੇ, ਬਾਹਰ ਝੂਠ ਗੁਰ ਬਾਈਂ।

ਮੱਖਣ ਸ਼ਾਹ ਚੜ੍ਹ ਉੱਚੇ ਆਖਿਆ: 'ਗੁਰ ਸੱਚਾ ਮੈਂ ਲਾਧੋ'।

ਗੁਰੂ ਨਾਨਕ ਤੋਂ ਪਿੱਛੋਂ ਸਤਿਗੁਰ, ਲੰਮੀ ਯਾਤਰਾ ਕੀਤੀ।
ਨਾ ਭੈਅ ਦੇਣਾ, ਨਾ ਭੈਅ ਮੰਨਣਾ- ਇਹ ਸੀ ਆਪਦੀ ਨੀਤੀ।

ਨੌਂ ਸਾਲ ਦਾ ਪੁੱਤਰ ਛੱਡ ਕੇ, ਦਿੱਲੀ ਚੱਲ ਕੇ ਆਏ।
ਪੁੱਛ ਵੰਗਾਰ ਔਰੰਗੇ ਤਾਈਂ, ਇਹ ਕੀ ਜ਼ੁਲਮ ਕਮਾਏ?

ਚਾਂਦਨੀ ਚੌਂਕ 'ਚ ਬੈਠੇ ਸਤਿਗੁਰ, ਸ਼ਾਂਤ ਅਹਿਲ ਅਡੋਲ।
ਲਿਖਣ ਵੇਲੇ ਕਾਨੀ ਰੁਕ ਜਾਂਦੀ, ਜੀਭ ਨਾ ਸਕਦੀ ਬੋਲ।



ਜੱਲਾਦਾਂ ਨੇ ਹੁਕਮ ਵਜਾਇਆ, ਪਲ ਦੇਰੀ ਨਾ ਲਾਈ।
ਸੀਸ ਜੁਦਾ ਧੜ ਨਾਲੋਂ ਕੀਤਾ, ਰੋਵੇ ਕੁੱਲ ਲੋਕਾਈ।
ਤਿਲਕ-ਜੰਞੂ ਦੀ ਰੱਖਿਆ ਖਾਤਰ, ਦਿੱਤਾ ਗੁਰ ਬਲੀਦਾਨ।
ਹਿੰਦੂ ਧਰਮ ਬਚਾਵਣ ਦੇ ਲਈ, ਕੀਤੀ ਜਿੰਦ ਕੁਰਬਾਨ।

ਗੁਰੂ ਸਾਹਿਬ ਦੇ ਸ਼ਬਦ ਉਨਾਹਟ, ਅਤੇ ਸ਼ਲੋਕ ਸਤਵੰਜਾ।
ਭੈੜਿਓਂ ਚੰਗਾ ਬਣ ਜਾਵੇ, ਮਨ ਨਾਲ ਪੜ੍ਹੇ ਜੇ ਬੰਦਾ।

ਐਸੇ ਗੁਰੂ ਨੂੰ ਯਾਦ ਕਰਨ 'ਤੇ, ਮਿਲ ਜਾਵਣ ਨੌਂ ਨਿਧੀਆਂ।
ਧੰਨ ਗੁਰੂ ਆਖੇ ਜਦ 'ਰੂਹੀ', ਪੁੱਠੀਆਂ ਹੋਵਣ ਸਿੱਧੀਆਂ।

***-ਪ੍ਰੋ. ਨਵ ਸੰਗੀਤ ਸਿੰਘ***
***ਫੋਨ: 9417692015***

# ਅਤਿ ਕਠੋਰ-ਅਤਿ ਕੋਮਲ - ਜਸਵੰਤ ਖਟਕੜ

## ਸ਼ਬਦ-ਚਿਤਰ

ਜਸਵੰਤ ਖਟਕੜ ਮੇਰੇ ਅਤਿ ਅੜਬੀਲੇ ਦੋਸਤਾਂ ਵਿਚੋਂ ਇੱਕ ਹੈ। ਜਿਸ ਦੇ ਸਾਹਮਣੇ ਨਾ ਕੋਈ ਦਲੀਲ ਚੱਲਦੀ ਹੈ, ਨਾ ਕੋਈ ਅਪੀਲ ਤੇ ਨਾ ਹੀ ਕੋਈ ਵਕੀਲ ਉਸਦੇ ਕਿਸੇ ਵੀ ਹੱਠ ਨੂੰ ਮੋੜਨ ਵਿਚ ਕੋਈ ਭੂਮਿਕਾ ਨਿਭਾ ਸਕਦਾ ਹੈ। ਉਸ ਦਾ ਇਹ ਅੜਬੀਲਾਪਨ ਉਸਦੇ ਸੁਭਾਅ ਵਿਚ ਕਦੋਂ ਆਇਆ ਅਤੇ ਉਹ ਮੈਨੂੰ ਪਹਿਲੀ ਵਾਰ ਕਦੋਂ ਮਿਲਿਆ, ਇਸ ਬਾਰੇ ਮੈਂ ਪੱਕੇ ਤੌਰ 'ਤੇ ਕੁਝ ਨਹੀਂ ਕਹਿ ਸਕਦਾ। ਸ਼ਾਇਦ ਪਹਿਲੀ ਵਾਰ ਉਹ ਮੈਨੂੰ 'ਨਵਾਂ ਜ਼ਮਾਨਾ' ਦੇ ਦਫਤਰ ਵਿਚ ਮਿਲਣ ਆਇਆ ਸੀ। ਦੀਪ ਕਲੇਰ ਅਤੇ ਪਰਮਜੀਤ ਦੇਹਲ ਦੇ ਨਾਲ। ਜਾਂ ਸ਼ਾਇਦ ਸੁਖਚੈਨ ਆਣਾ ਸਾਹਿਬ ਕਾਲਜ ਫਗਵਾੜਾ ਵਿਚ ਕਿਸੇ ਕਵੀ ਦਰਬਾਰ ਵਿਚ ਮੇਰੀ ਉਸ ਨਾਲ ਪਹਿਲੀ ਮੁਲਾਕਾਤ ਹੋਈ ਹੋਵੇ, ਪੱਕੀ ਤਰ੍ਹਾਂ ਯਾਦ ਨਹੀਂ ਆ ਰਿਹਾ। ਪਰ ਇੱਕ ਦੋ ਮੁਲਾਕਾਤਾਂ ਵਿਚ ਹੀ ਉਸਨੇ ਮੇਰਾ ਧਿਆਨ ਖਿੱਚ ਲਿਆ ਸੀ। ਇਸ ਦਾ ਕਾਰਨ ਉਸਦਾ ਪਿੰਡ ਮੰਗੂਵਾਲ ਹੋਣ ਕਰਕੇ ਵੀ ਸੀ, ਉਸ ਦਾ ਦਰਸ਼ਨ ਖਟਕੜ ਦਾ ਚਚੇਰਾ ਭਰਾ ਹੋਣ ਕਰਕੇ



**ਡਾ. ਲਖਵਿੰਦਰ ਸਿੰਘ ਜੌਹਲ**
**ਫੋਨ: 94171-94812**

ਵੀ ਸੀ ਅਤੇ ਪਾਸ਼ ਤੇ ਅਮਿਤੋਜ ਨਾਲ ਉਸਦੀ ਦੋਸਤੀ ਹੋਣ ਕਰਕੇ ਵੀ ਸੀ। ਇਨ੍ਹਾਂ ਸਭ ਕਾਰਨਾਂ ਕਰਕੇ ਉਸ ਦੇ ਮੈਨੂੰ ਮਿਲਣ ਤੋਂ ਪਹਿਲਾਂ ਹੀ ਮੈਂ ਉਸ ਬਾਰੇ ਬਹੁਤ ਸਾਰੀਆਂ ਚਰਚਾਵਾਂ ਨੂੰ ਚੰਗੀ ਤਰ੍ਹਾਂ ਮਿਲ ਚੁੱਕਿਆ ਸਾਂ। ਪਾਸ਼ ਦਾ ਮੰਗੂਵਾਲ ਪਿੰਡ ਵਿਚ ਅਕਸਰ ਆਉਣਾ ਜਾਣਾ ਸੀ। ਉਹ ਕਈ ਕਈ ਦਿਨ ਇਸ ਪਿੰਡ ਵਿਚ ਗੁਜ਼ਾਰਦਾ ਸੀ। ਦਰਸ਼ਨ ਖਟਕੜ ਨਾਲ ਲੰਬੀਆਂ ਲੰਬੀਆਂ ਸਿਧਾਂਤਕ ਬਹਿਸਾਂ ਕਰਨਾ ਅਤੇ ਜਸਵੰਤ ਖਟਕੜ ਨਾਲ ਸ਼ਾਮਾਂ ਗੁਜ਼ਾਰਨਾ ਆਮ ਸੀ। ਉਹ ਮੰਗੂਵਾਲ ਤੋਂ ਤਲਵੰਡੀ ਸਲੇਮ ਨੂੰ ਜਾਂਦਾ ਹੋਇਆ ਜੰਡਿਆਲੇ ਰੁਕਦਾ ਤਾਂ ਦਰਸ਼ਨ ਖਟਕੜ ਨਾਲ ਹੋਈਆਂ ਗੱਲਾਂ-ਬਾਤਾਂ ਅਤੇ ਜਸਵੰਤ ਖਟਕੜ ਨਾਲ ਹੋਏ ਦਸਤਪੰਜਿਆਂ ਦਾ ਅਕਸਰ ਜ਼ਿਕਰ ਕਰਦਾ ਰਹਿੰਦਾ। ਮੇਰੇ ਲਈ ਮੰਗੂਵਾਲ ਇਨਕਲਾਬੀ ਸੰਘਰਸ਼ਾਂ ਦੀ ਉਹ ਜਨਮਭੂਮੀ ਸੀ, ਜਿਸ ਨੇ ਬਾਬਾ ਬੂਝਾ ਸਿੰਘ ਦੇ ਪ੍ਰਭਾਵ ਵਾਲੇ ਅਨੇਕਾਂ ਨੌਜਵਾਨਾਂ ਨੂੰ ਇੱਕ ਸੂਤਰ ਵਿਚ ਪਰੋਣ ਅਤੇ 'ਰਣਭੂਮੀ' ਵਿਚ ਭੇਜਣ ਦਾ ਬੀੜਾ ਚੁੱਕਿਆ ਹੋਇਆ ਸੀ। ਨਿੱਕਾ ਜਿਹਾ ਇਹ ਪਿੰਡ ਇਨਕਲਾਬੀ ਸਫ਼ਾਂ ਦਾ ਵੱਡਾ ਕੇਂਦਰ ਸੀ।

ਇਕਬਾਲ ਮੰਗੂਵਾਲੀਆ, ਦਰਸ਼ਨ ਖਟਕੜ, ਜਸਵੰਤ ਖਟਕੜ, ਪਰਮਜੀਤ ਕਾਹਮਾ, ਦੀਪ ਕਲੇਰ, ਹਰਿੰਦਰ ਬੀਸਲਾ, ਹਰੀ ਰਾਮ ਰਸੂਲਪੁਰੀ, ਦੀਦਾਰ ਸ਼ੇਤਰਾ, ਅਨਵਰ ਅਤੇ ਰੇਸ਼ਮ ਕਲੇਰ ਵਰਗੇ ਅਨੇਕਾਂ ਨਾਮ ਹਨ, ਜੋ ਨਾ ਸਿਰਫ਼ ਰਾਜਨੀਤਕ ਚੇਤਨਾ ਦੇ ਚਰਮ ਤੱਕ ਪਹੁੰਚੇ ਹੋਏ ਸਨ, ਸਗੋਂ ਸਾਹਿਤਕ ਅਤੇ ਸਭਿਆਚਾਰਕ ਕਾਮੇ ਵੀ ਸਨ। 'ਦੁਆਬਾ ਕਲਾ ਮੰਚ' ਦੀਆਂ ਨਾਟਕ ਸਰਗਰਮੀਆਂ ਇਲਾਕੇ ਵਿਚ ਧੁੰਮਾਂ ਪਾ ਰਹੀਆਂ ਸਨ। ਗੁਰਸ਼ਰਨ ਭਾਜੀ ਦੀ ਨਾਟਕ ਕਲਾ ਤੋਂ ਪ੍ਰਭਾਵਿਤ ਇਹ ਸਾਰੇ ਨੌਜਵਾਨ ਸਮਾਜ ਪੱਖੀ ਵਿਚਾਰਧਾਰਾ ਦੀ ਸਟੇਜ ਪੇਸ਼ਕਾਰੀ ਨੂੰ ਪਰਣਾਏ ਹੋਏ ਸਨ। ਜਸਵੰਤ ਖਟਕੜ ਉਹ ਧੁਰਾ ਸੀ, ਜਿਸ ਦੁਆਲੇ ਇਲਾਕੇ ਦੇ ਸਾਰੇ ਨੌਜਵਾਨਾਂ ਦੀਆਂ ਸਰਗਰਮੀਆਂ ਘੁੰਮ ਰਹੀਆਂ ਸਨ।

ਜਸਵੰਤ ਨਾਲ ਮੇਰੀ ਨੇੜਤਾ ਉਦੋਂ ਹੋਰ ਵਧ ਗਈ, ਜਦੋਂ ਮੈਂ ਦੂਰਦਰਸ਼ਨ ਚਲਾ ਗਿਆ। ਦੂਰਦਰਸ਼ਨ ਦੇ ਅਨੇਕਾਂ ਪ੍ਰੋਗਰਾਮਾਂ ਵਿਚ ਪਹਿਲਾਂ ਜਸਵੰਤ ਖਟਕੜ ਅਤੇ ਉਸਦੀ ਜੀਵਨ ਸਾਥਣ ਨਰਿੰਦਰਜੀਤ ਕੌਰ ਦੀ ਭੂਮਿਕਾ ਸ਼ਲਾਘਾ ਯੋਗ ਰਹੀ ਤੇ ਫਿਰ ਉਨ੍ਹਾਂ ਦੀ ਬੇਟੀ ਜੋਤੀ ਨੇ ਅਦਾਕਾਰੀ ਦਾ ਇਹ ਮੋਰਚਾ ਬੇਹੱਦ ਕੁਸ਼ਲਤਾ ਨਾਲ ਸੰਭਾਲ ਲਿਆ। ਪੁਨੀਤ ਸਹਿਗਲ ਵੱਲੋਂ ਨਿਰਦੇਸ਼ਿਤ ਕੀਤੇ ਗਏ 84 ਕਿਸ਼ਤਾਂ ਦੇ ਲੜੀਵਾਰ 'ਭਾਗਾਂ ਵਾਲੀਆਂ' ਵਿਚ ਜੋਤੀ ਮੁੱਖ ਭੂਮਿਕਾ ਵਿਚ ਸੀ। ਉਸ ਦੀ ਅਦਾਕਾਰੀ ਦੀ ਸ਼ੁਰੂਆਤ ਦੇ ਦਿਨ ਯਾਦ ਕਰਦਿਆਂ ਮੈਂ ਖੁਦ ਹੀ ਹੈਰਾਨ ਹੋ ਜਾਂਦਾ ਹਾਂ। ਇਹ ਗੱਲ 1990 ਦੇ ਆਸ-ਪਾਸ ਦੀ ਹੈ। ਸੰਤੋਖ ਸਿੰਘ ਧੀਰ ਦੀ ਕਹਾਣੀ ਉੱਤੇ ਦੂਰਦਰਸ਼ਨ ਲਈ ਬਣ ਰਹੀ ਸਰਦੂਲ ਅਟਵਾਲ ਦੀ ਟੈਲੀ ਫ਼ਿਲਮ 'ਇੱਕ ਸਾਧਾਰਨ ਆਦਮੀ' ਦਾ ਫ਼ਿਲਮਾਂਕਣ ਮੰਗੂਵਾਲ ਪਿੰਡ ਵਿਚ ਹੀ ਚੱਲ ਰਿਹਾ ਸੀ। ਸੁਖਬੀਰ ਬੋਲੀਨਾ ਅਤੇ ਮੈਂ ਉਸ ਦੇ ਨਿਰਦੇਸ਼ਕਾਂ ਦੀ ਭੂਮਿਕਾ ਵਿਚ ਸਾਂ। ਇਸ ਟੈਲੀ ਫ਼ਿਲਮ ਵਿਚ ਇੱਕ ਛੋਟੀ ਬੱਚੀ ਦਾ ਕਿਰਦਾਰ ਵੀ ਸੀ। ਛੇ ਕੁ ਸਾਲ ਦੀ ਜੋਤੀ ਨੂੰ ਮੈਂ ਸਕ੍ਰਿਪਟ ਫੜਾ ਕੇ, ਉਸ ਤੋਂ ਡਾਇਲਾਗ ਬੁਲਵਾ ਕੇ ਵੇਖੇ, ਤਾਂ ਮੈਨੂੰ ਲੱਗਿਆ ਕਿ ਇਹ ਰੋਲ ਉਹ ਚੰਗੀ ਤਰ੍ਹਾਂ ਨਿਭਾ ਦੇਵੇਗੀ। ਪਰ ਜਦੋਂ ਉਹ ਕੈਮਰੇ ਸਾਹਮਣੇ ਆਈ ਤਾਂ ਘਬਰਾ ਗਈ। ਇੱਕ ਟੇਕ, ਦੋ ਟੇਕ, ਤਿੰਨ ਟੇਕ...ਲਗਾਤਾਰ ਕਈ ਟੇਕ...ਕੱਟ...ਕੱਟ...ਕੱਟ...ਮੈਂ ਵੀ ਅੱਕ ਗਿਆ... ਨਰਿੰਦਰਜੀਤ ਮੇਰੇ ਕੋਲ ਆਈ ਤੇ ਮੇਰੇ ਕੰਨ ਵਿਚ ਕਹਿਣ ਲੱਗੀ-' ਜਸਵੰਤ ਨੂੰ ਕਹੋ ਇਥੋਂ ਦੂਰ ਚਲਿਆ ਜਾਵੇ, ਜੋਤੀ ਅਸਲ ਵਿਚ ਉਸ ਤੋਂ ਡਰਦੀ ਨਹੀਂ ਬੋਲ ਪਾਉਂਦੀ'।... ਮੈਂ ਜਸਵੰਤ ਨੂੰ ਕਿਹਾ 'ਤੂੰ ਕਾਹਮੇ ਤੱਕ ਜਾ ਕੇ ਦੁਪਹਿਰ ਦੇ ਖਾਣੇ ਲਈ ਕੁਝ ਸਮਾਨ ਲੈ ਆ..' ਪਰ ਉਹ ਗੱਲ ਨੂੰ ਸਮਝੇ ਨਾ ਤੇ ਜਾਣ ਲਈ ਤਿਆਰ ਹੀ ਨਾ ਹੋਵੇ, ਕਹੇ 'ਕੋਈ ਲੋੜ ਨਹੀਂ ਜਾਣ ਦੀ ਸਮਾਨ ਜੋ ਵੀ ਚਾਹੀਦਾ ਇਥੇ ਪੈਦਾ ਕਰ ਦਿਆਂਗੇ' ਮੈਂ ਇੱਕ ਹੋਰ ਦੋਸਤ ਨੂੰ ਕਿਹਾ 'ਇਹਨੂੰ ਕਿਸੇ ਵੀ ਤਰੀਕੇ ਨਾਲ ਘੰਟੇ ਕੁ ਲਈ ਸੈਟ ਤੋਂ ਦੂਰ ਲੈ ਜਾ' ਉਹ ਮੇਰੀ ਗੱਲ ਸਮਝ ਗਿਆ ਤੇ ਜਸਵੰਤ ਨੂੰ ਲੈ ਜਾਣ ਵਿਚ ਕਾਮਯਾਬ ਹੋ ਗਿਆ।... ਤੇ ਫਿਰ ਜੋਤੀ ਨੇ ਬਹੁਤ ਵਧੀਆ ਰੋਲ ਨਿਭਾ ਦਿੱਤਾ ਸਾਰੇ ਡਾਇਲਾਗ ਬੜੀ ਚੰਗੀ ਤਰ੍ਹਾਂ ਬੋਲੇ। ਸਾਰਾ ਯੂਨਿਟ ਬਾਗ਼ੋ ਬਾਗ਼ ਹੋ ਗਿਆ। ਅੱਜ ਕੱਲ੍ਹ ਕਨੇਡਾ ਰਹਿੰਦੀ ਜੋਤੀ, ਬਾਅਦ ਵਿਚ ਸਟੇਜ ਅਤੇ ਟੀ.ਵੀ. ਨਾਟਕਾਂ ਦੀ ਵੱਡੀ ਕਲਾਕਾਰ ਬਣੀ। 'ਇੱਕ ਸਾਧਾਰਨ ਆਦਮੀ' ਦੇ ਫ਼ਿਲਮਾਂਕਣ ਤੋਂ ਬਾਅਦ ਮੰਗੂਵਾਲ ਅਤੇ ਇਸਦੇ ਆਸ-ਪਾਸ ਦੇ ਪਿੰਡ, ਜਿਨ੍ਹਾਂ ਵਿਚ ਕਾਹਮਾ, ਕਰੀਹਾ, ਰਸੂਲਪੁਰ, ਬੈਂਸਾਂ, ਭੂਤਾਂ, ਅਤੇ ਖਟਕੜ ਕਲਾਂ ਆਦਿ ਸ਼ਾਮਿਲ ਹਨ, ਮੇਰੇ ਲਈ 'ਫ਼ਿਲਮਸਤਾਨ' ਹੀ ਬਣ ਗਿਆ ਸੀ। ਸੋਹਣ ਸਿੰਘ ਸੀਤਲ ਦੇ ਨਾਵਲ ਉਤੇ ਦੂਰਦਰਸ਼ਨ ਦੇ ਰਾਸ਼ਟਰੀ ਚੈਨਲ ਲਈ ਬਣਿਆ ਲੜੀਵਾਰ 'ਜੁਗ ਬਦਲ ਗਿਆ', ਦਰਸ਼ਨ ਮਿਤਵਾ ਦੀ ਕਹਾਣੀ ਉਤੇ ਜਲੰਧਰ ਦੂਰਦਰਸ਼ਨ ਲਈ ਬਣਿਆ ਲੜੀਵਾਰ 'ਬਦਲੇ ਖੋਰੀਆਂ ਰਾਤਾਂ' ਗੁਰਸ਼ਰਨ ਭਾਜੀ ਦਾ ਲਿਖਿਆ ਹੋਇਆ ਨਾਟਕ 'ਨਵਾਂ ਜਨਮ' ਪੰਚਾਇਤੀ ਰਾਜ ਉਤੇ ਦੂਰਦਰਸ਼ਨ ਲਈ ਬਣਿਆ ਫਲੈਗਸ਼ਿਪ ਨਾਟਕ 'ਜਾਗੋ' ਮੇਰੀਆਂ ਉਨ੍ਹਾਂ ਟੀ.ਵੀ. ਪ੍ਰੋਡਕਸ਼ਨਾਂ ਵਿਚ ਸ਼ਾਮਿਲ ਹਨ, ਜਿਹੜੀਆਂ ਮੰਗੂਵਾਲ ਦੇ 'ਫ਼ਿਲਮਸਤਾਨ' ਵਿਚ ਹੀ ਫ਼ਿਲਮਾਈਆਂ ਗਈਆਂ ਸਨ। ਕਈ ਕਈ ਦਿਨਾਂ ਤੱਕ ਚੱਲਦੇ ਫ਼ਿਲਮਾਂਕਣ ਦਾ ਸਾਰਾ ਪ੍ਰਬੰਧ ਜਸਵੰਤ ਖਟਕੜ ਤੇ ਉਸਦੇ ਸਾਥੀ ਹੀ ਕਰਦੇ ਸਨ। ਕਲਾਕਾਰਾਂ ਦਾ ਰਹਿਣ-ਸਹਿਣ, ਖਾਣ-ਪੀਣ, ਸਭ ਕੁੱਝ ਮੰਗੂਵਾਲ ਵਿਖੇ ਹੀ ਹੁੰਦਾ। ਪੰਜਾਬ ਸੰਕਟ ਦੇ ਦਿਨਾਂ ਵਿਚ ਆਊਟਡੋਰ ਫ਼ਿਲਮਾਂਕਣ ਖਤਰੇ ਤੋਂ ਖ਼ਾਲੀ ਨਹੀਂ ਹੁੰਦੇ ਸਨ। ਅਸੀਂ ਹਰ ਸ਼ਾਮ ਜਲੰਧਰ ਪਰਤਦੇ। ਸਵੇਰੇ ਫਿਰ ਜਾਂਦੇ। ਸਾਰਾ ਦਿਨ ਸ਼ੂਟਿੰਗ ਚੱਲਦੀ। 'ਬਦਲੇ ਖੋਰੀਆਂ ਰਾਤਾਂ' ਦੀ ਸ਼ੂਟਿੰਗ ਰਾਤ ਨੂੰ ਹੀ ਹੋ ਸਕਣੀ ਸੁਭਾਵਿਕ ਸੀ। ਬਹੁਤ ਕੁਝ ਸੋਚ ਵਿਚਾਰ ਕੇ ਅਸੀਂ ਉਦੋਂ ਇਹ ਖਤਰਾ ਮੁੱਲ ਲੈਣ ਲਈ ਵੀ ਤਿਆਰ ਹੋ ਗਏ, ਜਦੋਂ ਜਸਵੰਤ ਖਟਕੜ ਨੇ ਕਿਹਾ 'ਫ਼ਿਕਰ ਨਾ ਕਰੋ ਤੁਹਾਡੀ ਰਾਖੀ ਅਸੀਂ ਕਰਾਂਗੇ।' ਜਦੋਂ ਸ਼ਾਮ ਨੂੰ ਸੈਟ ਦੀਆਂ ਲਾਈਟਾਂ ਜਗੀਆਂ ਤਾਂ ਅਦਭੁਤ ਨਜ਼ਾਰਾ ਸੀ... ਫ਼ਿਲਮਾਂਕਣ ਆਰੰਭ ਹੋਇਆ... ਸੈਟ ਦੇ ਚਾਰੇ ਪਾਸੇ ਅੱਧੀ ਅੱਧੀ ਫਰਲਾਂਗ ਤੱਕ ਜਸਵੰਤ ਖਟਕੜ ਅਤੇ ਉਸ ਦੇ ਸਾਥੀ ਆਪਣੀਆਂ ਲਾਇਸੈਂਸੀ ਬੰਦੂਕਾਂ ਅਤੇ ਰਿਵਾਲਵਰ ਤਾਣ ਕੇ ਸਾਡੀ ਰਾਖੀ ਲਈ ਤਾਇਨਾਤ ਹੋ ਚੁੱਕੇ ਸਨ... ਬਿਨਾਂ ਕਿਸੇ ਸਰਕਾਰੀ ਸੁਰੱਖਿਆ ਤੋਂ ਚਾਰ ਰਾਤਾਂ ਅਤੇ ਪੰਜ ਦਿਨਾਂ ਤੱਕ ਚੱਲਿਆ ਇਹ ਫ਼ਿਲਮਾਂਕਣ ਮੈਨੂੰ ਕਦੇ ਨਹੀਂ ਭੁੱਲਦਾ। ਏਨੇ ਅਦਾਕਾਰਾਂ, ਯੂਨਿਟ ਮੈਂਬਰਾਂ ਅਤੇ ਹੋਰ ਅਮਲੇ ਦਾ ਅਜਿਹਾ ਸਹਿਜ ਪ੍ਰਬੰਧ ਜਸਵੰਤ ਖਟਕੜ ਦੀ ਪ੍ਰਬੰਧਕੀ ਕੁਸ਼ਲਤਾ ਦਾ ਪ੍ਰਮਾਣ ਸੀ।

ਜਸਵੰਤ ਇਹ ਸਭ ਕੁਝ ਉਦੋਂ ਕਰ ਰਿਹਾ ਸੀ, ਜਦੋਂ ਉਸਦੀ ਆਪਣੀ ਆਰਥਿਕ ਹਾਲਤ ਚੰਗੀ ਨਹੀਂ ਸੀ। ਉਹ ਆਪਣੀ ਡੇਢ ਕਿੱਲਾ ਜ਼ਮੀਨ ਸਿਰਫ਼ 20 ਕੁ ਹਜ਼ਾਰ ਰੁਪਏ ਵਿਚ ਗਹਿਣੇ ਰੱਖ ਚੁੱਕਾ ਸੀ। ਨਵੀਂ ਫ਼ਸਲ ਬੀਜਣ ਲਈ ਖਾਦ ਅਤੇ ਬੀਜ ਆਦਿ ਖਰੀਦਣ ਦੇ ਸੰਧੇ ਪਏ ਹੋਏ ਸਨ। ਜਦੋਂ ਮੈਨੂੰ ਇਹ ਸਭ ਕੁਝ ਦੱਸਿਆ ਗਿਆ ਤਾਂ ਮੈਨੂੰ ਜਸਵੰਤ ਕਿਸੇ ਹੋਰ ਹੀ ਦੁਨੀਆ ਦਾ ਪ੍ਰਾਣੀ ਨਜ਼ਰ ਆਇਆ। ਅਜਿਹਾ ਪ੍ਰਾਣੀ ਜੋ ਆਪਣੇ ਦੋਸਤਾਂ ਦੀ ਸਲਾਮਤੀ ਲਈ, ਆਪਣੇ ਆਸ਼ਿਆਂ ਦੀ ਪੂਰਤੀ ਲਈ ਅਤੇ ਅਦਾਕਾਰੀ ਦੇ ਜਨੂੰਨ ਲਈ ਆਪਣੇ ਸਾਹਾਂ ਦੀ ਅਹੂਤੀ ਤੱਕ ਦੇਣ ਲਈ ਵੀ ਤਤਪਰ ਰਹਿੰਦਾ ਸੀ। ਉਸਦੇ ਵੱਡੇ-ਵੱਡੇ ਇਨਕਲਾਬੀ ਦਾਈਏ ਹਰ ਦੁਨਿਆਵੀ ਦੁੱਖ ਨੂੰ ਹੇਚ





*1) ਜਸਵੰਤ ਖਟਕੜ ਆਪਣੀ ਪਤਨੀ ਨਰਿੰਦਰਜੀਤ ਅਤੇ ਬੇਟੀ ਜਿਓਤੀ ਨਾਲ*
*2) ਰਵਿੰਦਰ ਸਹਿਰਾਅ ਅਤੇ ਪਰਮਜੀਤ ਦੇਹਲ ਨਾਲ ਜਸਵੰਤ ਖਟਕੜ।*

ਸਮਝਦੇ ਸਨ। ਉਸਦੀ ਨਜ਼ਰ ਸਮਾਜ ਨੂੰ ਬਦਲ ਦੇਣ ਦੇ ਆਸ਼ੇ ਉੱਤੇ ਸਿੱਧੀ ਟਿਕੀ ਹੋਈ ਸੀ। ਵਿਚਾਰਧਾਰਾ ਨੂੰ ਨਾਟਕਾਂ ਰਾਹੀਂ ਪ੍ਰਚਾਰਨ ਅਤੇ ਪ੍ਰਸਾਰਨ ਦਾ ਜਨੂੰਨ ਉਹਦੇ ਸੀਨੇ ਵਿਚ ਖੌਲਦਾ ਰਹਿੰਦਾ ਸੀ। ਆਪਣਾ ਘਰ ਫੂਕ ਕੇ ਲਪਟਾਂ ਦਾ ਲੁਤਫ਼ ਮਾਨਣਾ ਅਤੇ ਇਨ੍ਹਾਂ ਲਪਟਾਂ ਦੀ ਲੋਅ ਨਾਲ ਰੰਗਮੰਚ ਨੂੰ ਰੁਸ਼ਨਾਈ ਰੱਖਣਾ, ਜਸਵੰਤ ਖਟਕੜ ਦਾ ਉਦੇਸ਼ ਸੀ। ...ਕਮਿਊਨਿਸਟ ਪਾਰਟੀਆਂ ਦੀ ਧੜੇਬੰਦੀ ਦਾ ਧਮਕਾਇਆ ਹੋਇਆ ਮੈਂ ਜਦੋਂ ਸੀ.ਪੀ.ਆਈ. ਛੱਡ ਕੇ ਰੋਟੀ ਰੋਜ਼ੀ ਦੇ ਜੰਗਲਾਂ ਵਿਚ ਭਟਕਦਾ ਭਟਕਦਾ ਸਰਕਾਰੀ ਤੰਤਰ ਵਿਚ ਜਾ ਸਮਾਇਆ ਤਾਂ ਵੀ ਮੇਰੇ ਮਨ ਵਿਚ ਹਮੇਸ਼ਾ ਇੱਕ ਕਸਕ ਰਹਿੰਦੀ ਕਿ ਦੇਸ਼ ਅਤੇ ਸਮਾਜ ਲਈ ਕੁਝ ਕਰਨ ਵਾਲੇ ਜਸਵੰਤ ਵਰਗੇ ਮਰਜੀਵੜਿਆਂ ਲਈ ਕੁਝ ਨਾ ਕੁਝ ਜ਼ਰੂਰ ਕੀਤਾ ਜਾਵੇ।... ਫਿਰ ਸਟੇਜ ਨਾਟਕਾਂ ਨੂੰ ਪ੍ਰਫੁੱਲਤ ਕਰਨ ਲਈ ਦੂਰਦਰਸ਼ਨ ਦੀ ਇੱਕ ਸਕੀਮ ਆਈ। ਉਸ ਅਨੁਸਾਰ 15 ਅਦਾਕਾਰਾਂ ਤੱਕ ਵਾਲੇ ਅੱਧੇ ਘੰਟੇ ਦੇ ਸਟੇਜ ਨਾਟਕ ਨੂੰ ਫ਼ਿਲਮਾ ਕੇ ਦੂਰਦਰਸ਼ਨ ਉੱਤੇ ਦਿਖਾਏ ਜਾਣ ਦੀ ਵਿਵਸਥਾ ਸੀ। ਇਸ ਵਿਚ ਪ੍ਰਤੀ ਨਾਟਕ 7 ਹਜ਼ਾਰ ਰੁਪਏ ਦਿੱਤੇ ਜਾ ਸਕਦੇ ਸਨ। ਮੈਂ ਤੁਰੰਤ ਜਸਵੰਤ ਖਟਕੜ ਨੂੰ ਆਵਾਜ਼ ਮਾਰੀ ਤੇ ਉਸਦੇ ਤਿੰਨ ਸਟੇਜ ਨਾਟਕ ਦੂਰਦਰਸ਼ਨ ਲਈ ਫ਼ਿਲਮਾ ਦਿੱਤੇ। ਨਾਟਕਾਂ ਦੀ ਰਿਕਾਰਡਿੰਗ ਖ਼ਤਮ ਹੋਣ ਉਪਰੰਤ 21000 ਰੁਪਏ ਦਾ ਚੈੱਕ ਫੜਦਿਆਂ ਜਸਵੰਤ ਖਟਕੜ ਦੀਆਂ ਅੱਖਾਂ ਛਲਕ ਰਹੀਆਂ ਸਨ। ਖੁਸ਼ੀ ਅਤੇ ਵਿਸ਼ਵਾਸ ਦੇ ਅਜਿਹੇ ਹੰਝੂ ਜਸਵੰਤ ਖਟਕੜ ਵਰਗੇ ਅਤਿ ਅੜਬੀਲੇ ਯੋਧੇ ਦੀਆਂ ਅੱਖਾਂ ਵਿਚੋਂ ਵੀ ਵਹਿ ਸਕਦੇ ਹਨ, ਇਹ ਮੈਂ ਕਦੇ ਕਿਆਸਿਆ ਵੀ ਨਹੀਂ ਸੀ। ਇਨਕਲਾਬੀ ਐਕਸ਼ਨਾਂ ਦਾ ਜਾਂਬਾਜ਼ ਯੋਧਾ, ਆਪਣੇ ਪਿਆਰ ਦੀ ਪ੍ਰਾਪਤੀ ਅਤੇ ਉਦੇਸ਼ ਦੀ ਪੂਰਤੀ ਲਈ 'ਅੜੇ ਸੋ ਝੜੇ' ਤੱਕ ਦੀ ਲੜਾਈ ਲੜਨ ਵਾਲਾ ਮਜ਼ਬੂਤ ਵਿਅਕਤੀ, ਇੰਨੇ ਕੋਮਲ ਜਜ਼ਬਿਆਂ ਨਾਲ ਨੱਕੋ-ਨੱਕ ਭਰਿਆ ਹੋਇਆ ਮੈਂ ਪਹਿਲੀ ਵਾਰ ਵੇਖਿਆ ਸੀ।

... ਉਸ ਦੀ ਸਮੁੱਚੀ ਜ਼ਿੰਦਗੀ ਇੱਕ ਨਾਵਲੀ ਬਿਰਤਾਂਤ ਵਰਗੀ ਹੈ। ਜ਼ਿੰਦਗੀ ਦੀਆਂ ਅਤਿ ਆਦਰਸ਼ਕ ਲੜਾਈਆਂ ਨੂੰ ਅੰਤਾਂ ਦੀ ਭਾਵੁਕਤਾ ਨਾਲ ਲੜਣ ਵਾਲੇ ਜਸਵੰਤ ਦਾ ਅਣਕਿਆਸੇ ਸਰੀਰਕ ਅਤੇ ਮਾਨਸਿਕ ਕਸ਼ਟਾਂ ਵਿਚੀਂ ਗ਼ੁਜ਼ਰ ਕੇ ਵੀ ਸਬੂਤਾ ਰਹਿਣਾ ਇੱਕ ਅਦਭੁਤ ਗਨੀਮਤ ਹੀ ਕਹੀ ਜਾ ਸਕਦੀ ਹੈ।...

... ਕਈ ਸਾਲਾਂ ਬਾਅਦ ਇੱਕ ਦਿਨ ਉਸਦਾ ਫੋਨ ਆਇਆ ਆਵਾਜ਼ ਵਿਚ ਉਸਦੀ ਜਾਣੀ-ਪਛਾਣੀ ਸ਼ਰਾਬੀ ਲੋਰ ਲਰਜ਼ ਰਹੀ ਸੀ। ਕਹਿਣ ਲੱਗਾ 'ਮੈਂ ਅਕਾਲ ਤਖ਼ਤ ਦੀ ਵਾਰ ਲਿਖੀ ਹੈ, ਤੈਨੂੰ ਸੁਣਾਉਣੀ ਹੈ, ਸੁਣ ਜ਼ਰਾ!'

ਵਾਰ ਦੇ ਬੋਲ ਕੁੱਝ ਇਸ ਤਰ੍ਹਾਂ ਸਨ:-

ਸੁਣ ਕੇ ਭਿੰਡਰਾਂ ਵਾਲਾ ਬੋਲਿਆ
ਹੋਇਆ ਗੁੱਸੇ ਦੇ ਵਿਚ ਲਾਲ
ਮੈਂ ਮੰਜੇ ਨਾਲ ਓਹ ਬੰਨਿਆ
ਹੈ ਲੋਕੋ ਦੇਖੋ ਕਾਲ
ਇਹ ਫ਼ੌਜ ਕੀ ਮੈਨੂੰ ਸਮਝਦੀ
ਇਹ ਸਭ ਕੇਂਦਰ ਦੀ ਚਾਲ
ਇਨ੍ਹਾਂ ਲੁੱਟ ਖਾਧਾ ਪੰਜਾਬ ਨੂੰ
ਤੇ ਕਰ ਦਿੱਤਾ ਕੰਗਾਲ
ਸਾਡੇ ਗ਼ਲ ਵਿਚ ਪਾਟੇ ਚੀਥੜੇ
ਤੇ ਬੁਰਾ ਹੈ ਸਾਡਾ ਹਾਲ।


ਮੈਂ ਹੈਰਾਨ ਹੋਇਆ ਕਿ ਆਪਣੇ ਵਿਚਾਰਧਾਰਕ ਵਿਰੋਧੀਆਂ ਬਾਰੇ ਇਸ ਤਰ੍ਹਾਂ ਦੇ ਸ਼ਬਦ ਚਿਤਰਨ ਸਿਰਫ਼ ਜਸਵੰਤ ਖਟਕੜ ਹੀ ਕਰ ਸਕਦਾ ਸੀ। ਕਿਸੇ ਵੀ ਸਥਿਤੀ ਦਾ ਕਾਵਿ ਚਿਤਰਣ ਕਰਨ ਵਿਚ ਉਸਦੀ ਮੁਹਾਰਤ ਕਮਾਲ ਦੀ ਸੀ। ਉਹ ਭਾਵੇਂ ਇਨਕਲਾਬੀ ਕਵਿਤਾ ਲਿਖ ਰਿਹਾ ਹੋਵੇ ਜਾਂ ਰੁਮਾਨੀਅਤ ਨੂੰ ਕਵਿਤਾ ਵਿਚ ਢਾਲ ਰਿਹਾ ਹੋਵੇ, ਉਸਦਾ ਰੰਗ ਨਿਵੇਕਲਾ ਹੈ। ਇਸ ਨਿਵੇਕਲੇ ਰੰਗ ਦਾ ਇੱਕ ਰੰਗ ਦੇਖੋ;-

ਢੋਲਣਾ ਵੇ ਢੋਲਣਾ
ਮੈਂ ਨਹੀਂ ਤੇਰੇ ਨਾਲ ਬੋਲਣਾ
ਫਿਰ ਤੂੰ ਮੈਨੂੰ ਟੋਲਣਾ
ਅੱਜ ਭੈੜਾ ਭੈੜਾ ਮੇਰਾ ਚਿੱਤ ਵੇ
ਲੈ ਆ ਸੋਨੇ ਦੀ ਜੰਜ਼ੀਰੀ
ਤੇ ਚਾਂਦੀ ਦਾ ਕਲਿੱਪ ਵੇ
ਢੋਲਣਾ ਵੇ ਢੋਲਣਾ

...ਬੱਚੇ ਵੱਡੇ ਹੋ ਗਏ ਤਾਂ ਉਸਦੀ ਆਰਥਿਕ ਹਾਲਤ ਸੁਧਰਨੀ ਸ਼ੁਰੂ ਹੋ ਗਈ। ਬੇਟਾ ਤੇ ਬੇਟੀ ਦੋਨੋਂ ਵਿਦੇਸ਼ ਚਲੇ ਗਏ। ਨਰਿੰਦਰਜੀਤ ਵੀ ਸਮੇਂ ਸਮੇਂ ਉਨ੍ਹਾਂ ਕੋਲ ਜਾ ਕੇ ਰਹਿਣ ਲੱਗੀ ਤੇ ਫਿਰ ਜਸਵੰਤ ਵੀ ਕਨੇਡਾ ਦੇ ਗੇੜੇ ਲਾਉਣ ਲੱਗ ਪਿਆ। ਕਦੇ ਕਦੇ ਉਸਦਾ ਫੋਨ ਆਉਂਦਾ। ਉਹੀ ਅੰਦਾਜ਼। ਉਹੀ ਗੜਕਾ। ਉਹੀ ਹੁਕਮ। ਮੈਨੂੰ ਬੜਾ ਚੰਗਾ ਲੱਗਦਾ। ...ਪਿਛਲੀ ਸਦੀ ਦੀ ਆਖ਼ਰੀ ਚੌਥਾਈ ਤੋਂ ਸ਼ੁਰੂ ਹੋਈ ਮੇਰੀ ਉਸ ਨਾਲ ਦੋਸਤੀ, ਇਸ ਸਦੀ ਦੀ ਪਹਿਲੀ ਚੌਥਾਈ ਵੀ ਹੰਢਾ ਕੇ, ਗੋਲਡਨ ਜੁਬਲੀ ਵਿਚ ਪ੍ਰਵੇਸ਼ ਕਰ ਚੁੱਕੀ ਹੈ। ਪਰ ਇਸ ਦੀ ਚਮਕ ਕਿਸੇ ਵੀ ਡਾਇਮੰਡ ਨਾਲੋਂ ਘੱਟ ਨਹੀਂ ਹੈ। ਅਤੇ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਇਹ ਚਮਕ ਕਦੇ ਮੱਠੀ ਨਹੀਂ ਪਏਗੀ।

# ਗੀਤ 'ਵੰਦੇ ਮਾਤਰਮ' 'ਤੇ ਰੱਫੜ !

ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਫੈਸਲਾ ਕੀਤਾ ਹੈ ਕਿ ਸੂਬੇ ਦੇ ਸਾਰੇ ਸਕੂਲਾਂ 'ਚ 'ਵੰਦੇ ਮਾਤਰਮ' ਗਾਉਣਾ ਲਾਜ਼ਮੀ ਹੋਵੇਗਾ। ਵੰਦੇ ਮਾਤਰਮ ਦੇ ਸ਼ਬਦੀ ਅਰਥ 'ਮੈਂ ਤੈਨੂੰ ਪ੍ਰਣਾਮ ਕਰਦਾ ਹਾਂ ਮਾਂ' ਹਨ, ਪਰ ਫਿਰ ਵੀ ਇਹ ਲੰਮੇ ਸਮੇਂ ਤੋਂ ਹਿੰਦੂਆਂ ਅਤੇ ਮੁਸਲਮਾਨਾਂ 'ਚ ਵਿਵਾਦ ਦਾ ਵੱਡਾ ਮੁੱਦਾ ਬਣਦਾ ਰਿਹਾ ਹੈ। ਹੁਣ ਵੀ ਜੇ ਇਸ ਨੂੰ ਉਤਰ-ਪ੍ਰਦੇਸ਼ ਦੇ



**ਪਰਮਜੀਤ ਰੋਡੇ**
**ਫੋਨ: 737 274 2370**

ਸਕੂਲਾਂ 'ਚ ਗਾਉਣਾ ਲਾਜ਼ਮੀ ਕੀਤਾ ਜਾਂਦਾ ਹੈ ਤਾਂ ਇਹ ਫਿਰ ਵੀ ਨਵੀਆਂ ਹਾਲਤਾਂ ਅਤੇ ਨਵੇਂ ਸੰਦਰਭ 'ਚ ਵਿਵਾਦ ਦਾ ਮੁੱਦਾ ਬਣ ਸਕਦਾ ਹੈ। ਜੇ ਇਸ ਤਰ੍ਹਾਂ ਹੁੰਦਾ ਹੈ ਤਾਂ ਇਸ ਵਾਰ ਇਹ, ਹਿੰਦੂ-ਮੁਸਲਿਮ ਵਿਰੋਧ ਦੇ ਨਾਲ ਨਾਲ ਹਿੰਦੂ-ਸਿੱਖਾਂ 'ਚ ਵੀ ਵਿਰੋਧ ਖੜ੍ਹਾ ਕਰ ਸਕਦਾ ਹੈ।

ਇਹ ਗੀਤ 'ਬੰਕਿਮ ਚੰਦਰ ਚੈਟਰਜੀ' ਨੇ 1875 'ਚ ਲਿਖਿਆ ਸੀ ਅਤੇ ਉਸ ਨੇ ਇਸ ਨੂੰ ਆਪਣੇ ਨਾਵਲ 'ਅਨੰਦਮੱਠ' 'ਚ ਛਪਵਾਇਆ ਸੀ। ਇਹ ਉਹ ਗੀਤ ਹੈ ਜੀਹਨੂੰ 1896 'ਚ, ਰਬਿੰਦਰ ਨਾਥ ਟੈਗੋਰ ਨੇ ਕਲਕੱਤਾ ਦੇ ਨੈਸ਼ਨਲ ਕਾਂਗਰਸ ਪਾਰਟੀ ਦੇ ਸੈਸ਼ਨ ਦੌਰਾਨ ਗਾਇਆ ਵੀ ਸੀ। ਇਸ ਨੂੰ ਸਿਰਫ ਟੈਗੋਰ ਨੇ ਹੀ ਨਹੀਂ ਗਾਇਆ, ਇਹ ਗੀਤ ਸਮੁੱਚੀ ਭਾਰਤੀ ਕੌਮੀ ਲਹਿਰ 'ਚ ਹੀ ਬਹੁਤ ਗਾਇਆ ਗਿਆ ਸੀ ਅਤੇ ਇਸ ਨੂੰ ਬਰਤਾਨਵੀ ਹਕੂਮਤ ਨੇ ਵੀ ਗੰਭੀਰਤਾ ਨਾਲ ਲਿਆ ਸੀ ਪਰ ਛੇਤੀ ਹੀ ਕੌਮੀ ਲਹਿਰ 'ਚ ਸਰਗਰਮ ਮੁਸਲਿਮ ਧਿਰ ਨੇ ਇਸ ਗੀਤ ਦਾ ਖੁੱਲ੍ਹੇਆਮ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਸਿੱਟੇ ਵਜੋਂ 1937 ਨੂੰ ਦਸੰਬਰ 26-28 ਫੈਜ਼ਾਪੁਰ ਦੀ ਮੀਟਿੰਗ 'ਚ ਨੈਸ਼ਨਲ ਕਾਂਗਰਸ ਪਾਰਟੀ ਨੇ, ਇਸ ਗੀਤ ਦਾ ਤੀਜਾ ਪਹਿਰਾ ਗੀਤ 'ਚੋਂ ਕੱਢ ਦਿੱਤਾ ਅਤੇ ਮਤਾ ਪਾਇਆ ਕਿ ਕੌਮੀ ਇਕੱਠਾਂ 'ਚ ਇਸ ਗੀਤ ਦੇ ਪਹਿਲੇ ਦੋ ਪਹਿਰੇ ਹੀ ਗਾਏ ਜਾਣ ਅਤੇ ਇਨ੍ਹਾਂ ਦੋ ਪਹਿਰਿਆਂ ਨੂੰ ਹੀ ਕੌਮੀ ਗੀਤ ਵਜੋਂ ਪ੍ਰਵਾਨ ਕਰ ਲਿਆ। ਇਸ ਤੋਂ ਪਹਿਲਾਂ ਜਵਾਹਰ ਲਾਲ ਨਹਿਰੂ ਨੇ ਸੁਭਾਸ਼ ਚੰਦਰ ਬੋਸ ਨੂੰ ਚਿੱਠੀ ਲਿਖ ਕੇ ਸੂਚਿਤ ਕੀਤਾ ਸੀ ਕਿ ਮੁਸਲਿਮ ਭਾਈਚਾਰਾ ਇਸ ਗੀਤ ਤੋਂ ਚਿੜ੍ਹਦਾ ਹੈ!

ਮੁਸਲਿਮ ਧਿਰ ਨੂੰ ਇਤਰਾਜ਼ ਸੀ ਕਿ ਇਹ ਗੀਤ 'ਮੂਰਤੀ ਪੂਜਾ' ਅਤੇ ਹਿੰਦੂ ਦੇਵੀਆਂ ਦੁਰਗਾ, ਕਮਲਾ (ਲਕਸ਼ਮੀ) ਅਤੇ ਸਰਸਵਤੀ ਨੂੰ ਵਡਿਆਉਂਦਾ ਹੈ। ਉਨ੍ਹਾਂ ਮੁਤਾਬਕ ਇਹ ਮੁਸਲਿਮ ਧਰਮ ਤੇ ਉਸ ਦੇ ਵਿਸ਼ਵਾਸਾਂ ਨਾਲ ਟਕਰਾਅ 'ਚ ਆਉਂਦਾ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਮੁਸਲਿਮ ਧਰਮ ਮੁਤਾਬਕ ਰੱਬ ਇਕ ਹੈ ਜਦ ਕਿ ਹਿੰਦੂ ਧਰਮ ਅਤੇ ਇਹ ਗੀਤ, ਤੱਤ ਰੂਪ 'ਚ ਦੇਵੀ-ਦੇਵਤਿਆਂ ਅਤੇ ਅਨੇਕ ਦੈਵੀ (ਰੱਬੀ) ਸ਼ਕਤੀਆਂ ਦੀ ਗੱਲ ਕਰਦਾ ਹੈ। ਵੈਸੇ ਜੇ ਸਿੱਖ ਧਰਮ ਦੀ ਗੱਲ ਕਰੀਏ ਤਾਂ ਮੁਸਲਿਮ ਧਰਮ ਵਾਂਗ, ਹਿੰਦੂ ਧਰਮ ਨਾਲ ਉਸ ਦਾ ਵੀ ਇਹੀ ਵਖਰੇਵਾਂ ਅਤੇ ਟਕਰਾਅ ਹੈ। ਸਿੱਖ ਧਰਮ ਵੀ ਇਕ ਹੀ ਦੈਵੀ ਸ਼ਕਤੀ, ਭਾਵ ੧ਓ (ਇਕ ਰੱਬ) ਨੂੰ ਮੰਨਦਾ ਹੈ ਅਤੇ ਇਹ ਮੂਰਤੀ ਪੂਜਾ ਦਾ ਵੀ ਵਿਰੋਧ ਕਰਦਾ ਹੈ।

ਅਜ਼ਾਦੀ ਤੋਂ ਬਾਅਦ ਇਹ ਚਰਚਾ ਇਕ ਨਵੇਂ ਰੂਪ 'ਚ ਸਾਹਮਣੇ ਆਈ; ਮੁੱਦਾ ਦੇਸ਼ ਦੇ 'ਨੈਸ਼ਨਲ ਐਨਥਮ' ਦਾ ਸੀ ਕਿ ਅਜ਼ਾਦ ਭਾਰਤ ਦਾ ਕੌਮੀ ਐਨਥਮ ਕਿਹੜਾ ਗੀਤ ਹੋਵੇ? ਦੋ ਗੀਤ ਵਿਚਾਰ ਅਧੀਨ ਆਏ; ਪਹਿਲਾ ਸੀ 'ਵੰਦੇ ਮਾਤਰਮ' ਅਤੇ ਦੂਜਾ ਸੀ ਰਬਿੰਦਰ ਨਾਥ ਟੈਗੋਰ ਵੱਲੋਂ 1911 'ਚ ਲਿਖਿਆ ਗੀਤ 'ਜਨ ਗਣ ਮਨ' ਜਿਸਦਾ ਪਹਿਲਾ ਟਾਈਟਲ 'ਭਾਰਤ ਭਾਗ ਵਿਧਾਤਾ' ਸੀ ਅਤੇ ਫਿਰ ਬਦਲ ਕੇ ਜਨ ਗਣ ਮਨ ਕਰ ਦਿੱਤਾ ਗਿਆ ਸੀ। ਕਾਫ਼ੀ ਸੋਚ ਵਿਚਾਰ ਤੋਂ ਬਾਅਦ ਸੰਵਿਧਾਨਕ ਸਭਾ ਨੇ 24 ਜਨਵਰੀ 1950 ਨੂੰ 'ਜਨ ਗਣ ਮਨ' ਨੂੰ ਸੰਵਿਧਾਨਕ ਤੌਰ 'ਤੇ ਦੇਸ਼ ਦੇ 'ਨੈਸ਼ਨਲ ਐਨਥਮ' ਵਜੋਂ ਪ੍ਰਵਾਨ ਕਰ ਲਿਆ ਅਤੇ ਉਸ ਸਮੇਂ ਤੋਂ ਲੈ ਕੇ ਹੁਣ ਤੱਕ, ਸਕੂਲਾਂ ਅਤੇ ਸਰਕਾਰੀ ਫ਼ੰਕਸ਼ਨਾਂ ਵਗੈਰਾ ਵਿਚ 'ਜਨ ਗਣ ਮਨ' ਹੀ ਗਾਇਆ ਜਾਂਦਾ ਹੈ ਜਾਂ ਫਿਰ ਇਸ ਦੀ ਧੁਨ ਵਜਾਈ ਜਾਂਦੀ ਹੈ। ਪਰ ਪਿਛਲੇ ਕੁਝ ਸਾਲਾਂ ਤੋਂ ਇਸ ਮੁੱਦੇ 'ਤੇ ਵਿਵਾਦ ਨੇ ਮੁੜ ਤੂਲ ਫੜੀ ਹੈ ਖਾਸ ਕਰਕੇ 2014 ਤੋਂ ਬਾਅਦ ਜਦੋਂ ਦੀ ਭਾਰਤੀ ਜਨਤਾ ਪਾਰਟੀ ਸੱਤਾ 'ਚ ਆਈ ਹੈ।

ਹੁਣ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਸੂਬੇ ਦੇ ਸਕੂਲਾਂ 'ਚ 'ਵੰਦੇ ਮਾਤਰਮ' ਗਾਉਣ ਦਾ ਫ਼ੈਸਲਾ ਕਰ ਲਿਆ ਹੈ ਜੋ ਕਿ ਉਸ ਦੀ ਹਿੰਦੂਤਵੀ ਸੋਚ 'ਚੋਂ ਨਿਕਲਿਆ ਫੈਸਲਾ ਈ ਹੈ। ਦੇਸ਼ ਦਾ ਮਾਹੌਲ ਪਹਿਲਾਂ ਈ ਖੁਸ਼ਗਵਾਰ ਨਹੀਂ, ਦੇਸ਼ ਦੇ ਕਈ ਹਿੱਸਿਆਂ 'ਚ ਹਿੰਦੂ-ਮੁਸਲਿਮ ਫਿਰਕੂ ਤਣਾਅ ਚੱਲ ਰਿਹਾ ਹੈ। ਉਤਰ ਪ੍ਰਦੇਸ਼ ਦੇ ਸਕੂਲਾਂ 'ਚ ਹਿੰਦੂਆਂ ਦੇ ਬੱਚਿਆਂ ਤੋਂ ਇਲਾਵਾ, ਵੱਡੀ ਗਿਣਤੀ 'ਚ ਮੁਸਲਮਾਨਾਂ ਅਤੇ ਸਿੱਖਾਂ ਦੇ ਬੱਚੇ ਵੀ ਪੜ੍ਹਦੇ ਹਨ। ਹਿੰਦੂ ਮਿਥਿਹਾਸ, ਹਿੰਦੂ ਵਿਚਾਰਾਂ ਅਤੇ ਇਸ ਦੇ ਅਕੀਦਿਆਂ ਨੂੰ ਧੱਕੇ ਨਾਲ ਬਾਕੀ ਧਰਮਾਂ ਦੇ ਵਿਦਿਆਰਥੀਆਂ ਦੇ ਸਿਰ ਮੜ੍ਹਨਾ ਇਕ ਫਾਸ਼ੀ ਵੰਨਗੀ ਹੈ। ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦਾ ਇਹ ਕਦਮ ਫਿਰਕੂ ਤਣਾਅ ਨੂੰ ਵਧਾਉਣ ਵਾਲਾ ਤੇ ਪਾਟਕ-ਪਾਊ ਕਦਮ ਹੈ ਅਤੇ ਉਸ ਨੂੰ ਆਪਣਾ ਇਹ ਫੈਸਲਾ ਹਰ ਹਾਲ ਵਾਪਸ ਲੈਣਾ ਚਾਹੀਦਾ ਹੈ।

# ਧਰਮ ਬਨਾਮ ਅਧਿਆਤਮਿਕਤਾ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪਿਛਲੇ ਦਿਨੀਂ ਮੈਟਰੋ ਸਿਟੀ ਵਿਚ ਹੋਈ ਸਰਬ-ਧਰਮ ਇਕੱਤਰਤਾ ਵਿਚ ਜਾਣ ਦਾ ਸਬੱਬ ਬਣਿਆ। ਇਸ ਵਿਚ ਵੱਖ ਵੱਖ ਧਰਮਾਂ ਦੇ ਲੋਕ ਇਕੱਤਰ ਹੋਏ ਸਨ ਜਿਸ ਵਿਚ ਇਸ ਗੱਲ ਤੇ ਸੰਵਾਦ ਰਚਾਇਆ ਗਿਆ ਕਿ ਧਰਮ ਅਤੇ ਅਧਿਆਤਮਿਕਤਾ ਵਿਚ ਕੀ ਅੰਤਰ ਹੈ? ਕੀ ਲੋਕ ਧਰਮ ਵੱਲ ਉਲਾਰ ਹੋ ਰਹੇ ਹਨ ਜਾਂ ਅਧਿਆਤਮਿਕਤਾ ਵੱਲ? ਬਹੁਤੀ ਵਾਰ ਅਸੀਂ ਧਰਮ ਅਤੇ ਅਧਿਆਤਮਿਕਤਾ ਨੂੰ ਰੱਲਗੱਡ ਕਰ ਦਿੰਦੇ ਹਾਂ। ਦਰਅਸਲ ਇਹ ਦੋਵੇਂ ਹੀ ਬਹੁਤ ਭਿੰਨ ਹਨ ਅਤੇ ਇਨ੍ਹਾਂ ਦੋਹਾਂ ਦੀਆਂ ਧਾਰਨਾਵਾਂ ਵੱਖਰੀਆਂ ਵੱਖਰੀਆਂ ਹਨ। ਧਰਮ ਤਾਂ ਅਧਿਆਤਮਿਕਤਾ ਦਾ ਇਕ ਪੜਾਅ ਹੈ। ਅਜੇਹੇ ਸੰਵਾਦ ਇਸ ਲਈ ਵੀ ਜ਼ਰੂਰੀ ਜਾਪਦੇ ਹਨ, ਕਿਉਂਕਿ ਅੱਜ ਕੱਲ ਲੋਕ ਧਰਮ ਤੋਂ ਦੂਰ ਹੋਈ ਜਾ ਰਹੇ ਹਨ ਅਤੇ ਅਧਿਆਤਮਿਕਤਾ ਵੱਲ ਜਾ ਰਹੇ ਹਨ। ਖਾਸ ਤੌਰ 'ਤੇ ਈਸਾਈ ਧਰਮ ਤੋਂ ਨੌਜ਼ਵਾਨ ਪੀਹੜੀ ਬੇਮੁੱਖ ਹੋਈ ਜਾ ਰਹੀ ਹੈ। ਮੇਰੇ ਸ਼ਹਿਰ ਕਲੀਵਲੈਂਡ ਵਿਚ ਚਾਰ ਗੁਰਅਦੁਆਰੇ ਹਨ, ਜਿਹੜੇ ਚਰਚਾਂ ਨੂੰ ਖਰੀਦ ਕੇ ਹੀ ਬਣਾਏ ਗਏ ਕਿਉਂਕਿ ਚਰਚ ਦਾ ਖਰਚਾ ਚਲਾਉਣਾ ਵੀ ਪ੍ਰਬੰਧਕਾਂ ਲਈ ਔਖਾ ਹੋ ਰਿਹਾ ਸੀ ਅਤੇ ਆਖਰਕਾਰ ਉਨ੍ਹਾਂ ਨੂੰ ਵੇਚਣਾ ਪਿਆ। ਸ਼ਾਇਦ ਇਹ ਚੰਗਾ ਨਾ ਲੱਗੇ ਪਰ ਸਵਾਲ ਇਹ ਵੀ ਹੈ ਕਿ ਕੀ ਕਦੇ ਅਜੇਹਾ ਵੀ ਸਮਾਂ ਆਵੇਗਾ ਜਦ ਗੁਰਦੁਆਰੇ ਵੀ ਬੰਦ ਹੋ ਸਕਦੇ ਹਨ ਜਦ ਨਵੇਂ ਪਰਵਾਸੀ ਆਉਂਣੋਂ ਮੂਲੋਂ ਹੀ ਬੰਦ ਹੋ ਗਏ ਕਿਉਂਕਿ ਵਿਦੇਸ਼ਾਂ ਦੀ ਜੰਮਪਲ ਨੌਜ਼ਵਾਨ ਪੀਹੜੀ ਬਹੁਤ ਘੱਟ ਗੁਰਦੁਆਰੇ ਜਾਂਦੀ ਹੈ।

ਧਰਮ ਇਕ ਸਮਾਜਕ-ਸੰਸਕਾਰਕ ਸਿਸਟਮਾਂ ਦਾ ਸਮੂਹ ਹੈ ਜਿਸ ਵਿਚ ਨਿਰਧਾਰਤ ਵਰਤਾਰੇ ਅਤੇ ਅਭਿਆਸ, ਨੈਤਿਕਤਾ, ਵਿਸ਼ਵਾਸ, ਵਿਸ਼ਵ-ਦ੍ਰਿਸ਼ਟੀਕੋਣ, ਗ੍ਰੰਥ, ਧਾਰਮਿਕ ਸਥਾਨ (ਗੁਰਦੁਆਰੇ, ਮੰਦਰ, ਮਸੀਤ, ਚਰਚ ਆਦਿ), ਭਵਿੱਖਵਾਣੀਆਂ, ਕਦਰਾਂ-ਕੀਮਤਾਂ, ਜਾਂ ਅਦਾਰੇ ਸ਼ਾਮਲ ਹੁੰਦੇ ਹਨ, ਜੋ ਆਮ ਤੌਰ 'ਤੇ ਲੋਕਾਈ ਨੂੰ ਅਲੌਕਿਕ, ਅੰਧ-ਵਿਸ਼ਵਾਸ਼ਾਂ ਅਤੇ ਆਤਮਕ ਤੱਤਾਂ ਨਾਲ ਜੋੜਦੇ ਹਨ।

ਜਾਰਜ ਵਾਸ਼ਿੰਗਟਨ ਇੰਸਟੀਟਿਊਟ ਫਾਰ ਸਪਿਰਿਚੂਐਲਟੀ ਐਂਡ ਹੈਲਥ ਦੀ ਨਿਰਦੇਸ਼ਕ ਡਾ. ਕ੍ਰਿਸਟੀਨਾ ਪੁਚਾਲਸਕੀ, ਦੇ ਮੁਤਾਬਕ ਅਧਿਆਤਮਿਕਤਾ ਮਨੁੱਖਤਾ ਦਾ ਉਹ ਪੱਖ ਹੈ ਜੋ ਦੱਸਦਾ ਹੈ ਕਿ ਵਿਅਕਤੀ ਆਪਣੀ ਜ਼ਿੰਦਗੀ ਦੇ ਅਰਥ ਅਤੇ ਉਦੇਸ਼ ਨੂੰ ਕਿਵੇਂ ਨਿਰਧਾਰਤ ਕਰਦਾ ਹੈ, ਪਰਿਭਾਸ਼ਤ ਕਰਦਾ ਹੈ, ਲੱਭਦਾ ਹੈ ਅਤੇ ਪ੍ਰਗਟਾਉਂਦਾ ਹੈ? ਉਹ ਹਰ ਪਲ ਤੇ ਹਰ ਸਾਹੇ ਆਪਣੇ-ਆਪ ਨਾਲ, ਹੋਰਨਾਂ ਨਾਲ, ਕੁਦਰਤ ਨਾਲ ਜਾਂ ਕਿਸੇ ਮਹੱਤਵਪੂਰਨ ਵਰਤਾਰੇ ਨਾਲ ਕਿਵੇਂ ਜੁੜਿਆ ਮਹਿਸੂਸ ਕਰਦਾ ਹੈ?

ਸੱਚ ਇਹ ਹੈ ਕਿ ਅਧਿਆਤਮਿਕਤਾ ਉਹ ਜੀਵਨੀ ਤਰੀਕਾ ਹੈ ਜਿਸ ਰਾਹੀਂ ਤੁਸੀਂ ਆਪਣੇ ਜ਼ਿੰਦਗੀ ਵਿਚ ਜੀਵਨ ਦੇ ਅਰਥ, ਆਸ, ਆਰਾਮ ਅਤੇ ਅੰਦਰੂਨੀ ਸ਼ਾਂਤੀ ਲੱਭਦੇ ਹੋ। ਬਹੁਤ ਸਾਰੇ ਲੋਕ ਧਰਮ ਰਾਹੀਂ ਆਧਿਆਤਮਿਕਤਾ ਲੱਭਦੇ ਹਨ। ਕੁਝ ਲੋਕ ਇਸਨੂੰ ਸੰਗੀਤ, ਕਲਾ ਜਾਂ ਕੁਦਰਤ ਦੀ ਇਕਸੁਰਤਾ ਰਾਹੀਂ ਮਹਿਸੂਸ ਕਰਦੇ ਹਨ। ਕੁਝ ਲੋਕ ਇਸਨੂੰ ਆਪਣੀਆਂ ਕਦਰਾਂ-ਕੀਮਤਾਂ ਅਤੇ ਮਾਨਵੀ ਸਿਧਾਂਤਾਂ ਵਿਚ ਲੱਭਦੇ ਹਨ।

ਯਾਦ ਰੱਖਣਾ ਚਾਹੀਦਾ ਹੈ ਕਿ ਅਧਿਆਤਮਿਕਤਾ ਵਿਚ ਧਰਮ ਦੇ ਤੱਤ ਸ਼ਾਮਲ ਹੋ ਸਕਦੇ ਹਨ, ਪਰ ਇਹ ਧਰਮ ਨਹੀਂ ਹੈ। ਧਰਮ ਅਤੇ ਅਧਿਆਤਮਿਕਤਾ ਇੱਕੋ ਜਿਹੇ ਨਹੀਂ ਹਨ। ਪਰ ਇਹ ਪੂਰੀ ਤਰ੍ਹਾਂ ਇੱਕ-ਦੂਜੇ ਤੋਂ ਵੱਖਰੇ ਵੀ ਨਹੀਂ ਹਨ। ਅਧਿਆਤਮਿਕਤਾ ਅਤੇ ਧਰਮ ਅਕਸਰ ਇੱਕ-ਦੂਜੇ ਨਾਲ ਜੁੜੇ ਹੋਏ ਹਨ, ਪਰ ਦੋਹਾਂ ਵਿਚ ਵੱਖ-ਵੱਖ ਅੰਤਰ ਵੀ ਹੁੰਦੇ ਹਨ।

ਦਰਅਸਲ ਅਧਿਆਤਮਿਕਤਾ ਇਕ ਨਿੱਜੀ ਅਤੇ ਵਿਅਕਤੀਗਤ ਜੀਵਨ-ਸ਼ੈਲੀ ਹੈ, ਜੋ ਜੀਵਨ ਵਿਚ ਸੱਚੇ-ਸੁਚੇ ਅਰਥ ਅਤੇ ਮਨੁੱਖਵਾਦੀ ਉਦੇਸ਼ 'ਤੇ ਚੱਲਦੀ ਹੈ ਅਤੇ ਇਸ 'ਤੇ ਪਹਿਰਾ ਦਿੰਦੀ ਹੈ। ਜਦ ਕਿ ਧਰਮ ਪੂਰਨ ਰੂਪ ਵਿਚ ਇਕ ਸੰਗਠਿਤ ਸਿਸਟਮ ਹੁੰਦਾ ਹੈ ਜਿਸ ਵਿਚ ਖਾਸ ਕਿਸਮ ਦੇ ਵਿਸ਼ਵਾਸ, ਰਸਮਾਂ ਅਤੇ ਮਰਿਆਦਾਵਾਂ ਸ਼ਾਮਲ ਹੁੰਦੀਆਂ ਹਨ ਜਿਨ੍ਹਾਂ ਦੀ ਪਾਲਣਾ ਕਰਨਾ ਜ਼ਰੂਰੀ ਹੁੰਦਾ। ਧਰਮ ਕਿਸੇ ਖਾਸ ਅਦਾਰੇ/ ਧਾਰਮਿਕ ਅਸਥਾਨ, ਧਾਰਮਿਕ ਉਪਦੇਸ਼ ਜਾਂ ਕਿਸੇ ਮਹਾਨ ਧਾਰਮਿਕ ਸਖ਼ਸ਼ੀਅਤ ਦੇ ਸ਼ਰਧਾਲੂਆਂ ਨਾਲ ਸਬੰਧਤ ਹੁੰਦਾ ਹੈ।

ਧਰਮ ਅਕਸਰ ਇੱਕ ਜਨ-ਸਮੂਹ ਹੈ ਜੋ ਢਾਂਚਾਗਤ ਕਮਿਊਨਿਟੀ ਨਾਲ ਜੁੜਿਆ ਹੁੰਦਾ ਹੈ। ਇਸ ਵਿਚ ਧਾਰਮਿਕ ਵਿਸ਼ਵਾਸ, ਰਸਮਾਂ ਅਤੇ ਪੂਜਾ ਕਰਨ ਦੇ ਵੱਖੋ-ਵੱਖ ਢੰਗ-ਤਰੀਕੇ ਹੁੰਦੇ ਹਨ ਜਦਕਿ ਅਧਿਆਤਮਿਕਤਾ ਜ਼ਿਆਦਾਤਰ ਵਿਅਕਤੀਗਤ ਹੁੰਦੀ ਹੈ। ਇਹ ਹਰ ਮਨੁੱਖ ਲਈ ਆਪਣੇ ਨਿੱਜੀ ਅਨੁਭਵ, ਸੋਚ ਅਤੇ ਜੀਵਨ-ਜਾਚ ਰਾਹੀਂ ਜੀਵਨੀ ਸੱਚ 'ਤੇ ਕੇਂਦਰਤ ਕਰਨ ਦੀ ਕਿਰਿਆ ਹੁੰਦੀ ਹੈ।

ਧਰਮ ਆਮ ਤੌਰ 'ਤੇ ਕਿਸੇ ਵਿਸ਼ੇਸ਼ ਵਿਸ਼ਵਾਸਾਂ, ਪੂਜਾ-ਪਾਠ, ਮਰਿਆਦਾਵਾਂ ਅਤੇ ਸਿੱਧਾਂਤਾਂ ਨੂੰ ਜੀਵਨ ਵਿਚ ਸਮੂਹਿਕ ਤੌਰ 'ਤੇ ਅਪਨਾਉਣ 'ਤੇ ਜੋਰ ਦਿੰਦਾ ਹੈ ਜਦਕਿ ਅਧਿਆਤਮਿਕਤਾ ਨਿੱਜੀ ਅੰਤਰੀਵੀ ਗਿਆਨ, ਸੂਝ-ਬੂਝ ਅਤੇ ਜੀਵਨ ਦੇ ਅਨੁਭਵਾਂ ਨੂੰ ਜ਼ਿਆਦਾ ਮਹੱਤਤਾ ਦਿੰਦੀ ਹੈ। ਦਰਅਸਲ ਇਹ ਮਨੁੱਖ ਦੀ ਖੁਦ ਦੀ, ਖੁਦ ਲਈ ਕੀਤੀ ਜਾਣ ਵਾਲੀ ਜੀਵਨ-ਯਾਤਰਾ ਹੈ ਜਿਸ ਵਿਚੋਂ ਉਸਨੇ ਜੀਵਨ ਦੀਆਂ ਕਦਰਾਂ ਕੀਮਤਾਂ 'ਤੇ ਪਹਿਰਾ ਦਿੰਦਿਆਂ ਖੁਦ ਨੂੰ ਮਜੀਠ ਰੰਗ ਵਿਚ ਰੰਗਣਾ ਹੁੰਦਾ।

ਧਰਮ ਦੇ ਸਿਧਾਂਤ ਅਕਸਰ ਅਟੱਲ ਅਤੇ ਅਪਰਿਵਰਤਨਸ਼ੀਲ ਮੰਨੇ ਜਾਂਦੇ ਹਨ। ਬਦਲਦੇ ਵਕਤਾਂ ਨਾਲ ਬਿਲਕੁਲ ਨਹੀਂ ਬਦਲਦੇ। ਜਦਕਿ ਆਧਿਆਤਮਿਕਤਾ ਜ਼ਿਆਦਾ ਲਚਕੀਲੀ ਹੁੰਦੀ ਹੈ, ਜੋ ਬਦਲਦੇ ਹਾਲਤਾਂ ਅਤੇ ਸਮਿਆਂ ਅਨੁਸਾਰ ਖੁਦ ਨੂੰ ਬਦਲਣ ਅਤੇ ਨਵੇਂ ਵਿਚਾਰਾਂ ਨੂੰ ਅਪਨਾਉਣ ਅਤੇ ਨਵੀਆਂ ਤਰਜ਼ੀਹਾਂ ਨੂੰ ਮਿਥਦਿਆਂ, ਇਸਨੂੰ ਅਵੱਗਿਆ ਨਹੀਂ ਮੰਨਦੀ।

ਧਰਮ, ਮਨੁੱਖੀ ਮਨਾਂ ਵਿਚ ਡਰ ਪੈਦਾ ਕਰਦਾ ਹੈ। ਨਰਕ ਅਤੇ ਸਵਰਗ ਦੀਆਂ ਧਾਰਨਾਵਾਂ ਰਾਹੀਂ ਮਨੁੱਖ ਦੇ ਅਵਚੇਤਨ ਵਿਚ ਸਵਰਗ ਦੀ ਲਾਲਸਾ ਪੈਦਾ ਕਰਕੇ, ਧਰਮ ਨੂੰ ਅਪਨਾਉਣ ਲਈ ਮਜ਼ਬੂਰ ਕੀਤਾ ਜਾਂਦਾ। ਧਰਮ ਰਾਹੀਂ ਬਿਮਾਰ ਮਾਨਕਿਸਤਾ ਦਾ ਸ਼ੋਸ਼ਣ ਵੀ ਕੀਤਾ ਜਾਦਾ ਹੈ। ਉਲਾਰੂ ਵਿਚਾਰਾਂ ਕਾਰਨ ਮਨੁੱਖ ਸਵੈ ਬਾਰੇ ਸੋਚਣ ਤੋਂ ਉਕ ਜਾਂਦਾ ਹੈ। ਜਮਦੂਤਾਂ ਦਾ ਡਰ, ਨਰਕ ਵਿਚ ਮਿਲਣ ਵਾਲੀਆਂ ਸਜਾਵਾਂ ਆਦਿ ਦਾ ਡਰ ਧਾਰਮਿਕ ਆਗੂਆਂ ਦੇ ਪ੍ਰਵਚਨਾਂ ਵਿਚ ਭਾਰੂ ਰਹਿਣ ਕਾਰਨ, ਮਨੁੱਖ ਧਰਮ ਨਾਲ ਜੁੜਦਾ ਹੈ ਅਤੇ ਉਸਦੀ ਸੋਚ ਸੀਮਤ ਦਾਇਰੇ ਵਿਚ ਸੁੰਗੜ ਜਾਂਦੀ ਹੈ। ਜਦਕਿ ਅਧਿਆਤਮਿਕਤਾ ਵਰਤਮਾਨ ਪਲ ਵਿਚ ਜੀਣ, ਜੀਵਨ ਦੇ ਹਰ ਪਲ ਨੂੰ ਸੁਚਮ ਵਿਚ ਰਹਿੰਦਿਆਂ ਮਾਨਣ ਅਤੇ ਆਪਣੇ ਸਾਹਾਂ ਨੂੰ ਸੰਵੇਦਨਸ਼ੀਲਤਾ ਅਤੇ ਸਾਰਥਿਕਤਾ ਦੇਣ ਪ੍ਰਤੀ ਸੁਚੇਤ ਹੁੰਦੀ ਹੈ। ਨਿਰਮੂਲ ਭਵਿੱਖੀ ਵਰਤਾਰਿਆਂ ਦਾ ਭੈਅ, ਅਧਿਆਤਮਿਕਤਾ ਦੇ ਰਾਹੀਆਂ ਨੂੰ ਨਹੀਂ ਡਰਾਉਂਦਾ।

ਧਰਮ ਅਕਸਰ ਰਸਮਾਂ, ਰੀਤਾਂ ਅਤੇ ਅਭਿਆਸਾਂ ਜਿਵੇਂ ਪ੍ਰਾਰਥਨਾ, ਜੰਤਰ-ਮੰਤਰ, ਮਰਿਆਦਾਵਾਂ ਆਦਿ ਦੀ ਪਾਲਣਾ ਕਰਨ 'ਤੇ ਜ਼ੋਰ ਦਿੰਦਾ ਹੈ ਜਦਕਿ ਅਧਿਆਤਮਿਕਤਾ ਬੰਦੇ ਦੀ ਅੰਤਰੀਵੀ ਯਾਤਰਾ ਰਾਹੀਂ ਖੁਦ ਤੇ ਧਿਆਨ ਧਰਨ, ਸੁਚੇਤ ਜਾਂ ਰਚਨਾਤਮਕ ਪ੍ਰਗਟਾਵੇ ਰਾਹੀਂ ਪ੍ਰਾਪਤ ਹੁੰਦੀ ਹੈ। ਸੱਚ ਇਹ ਹੈ ਕਿ ਬੰਦੇ ਨੂੰ ਆਪਣੇ ਬਾਰੇ ਉਹ ਕੁਝ ਪਤਾ ਹੁੰਦਾ ਜਿਹੜਾ ਕਿਸੇ ਹੋਰ ਨੂੰ ਪਤਾ ਨਹੀਂ ਹੁੰਦਾ। ਧਰਮ ਤਾਂ ਇਕ ਦਿਖਾਵਾ, ਅਡੰਬਰ ਬਣ ਕੇ ਰਹਿ ਗਿਆ ਜਦ ਕਿ ਅਧਿਤਾਮਿਕਤਾ ਰਾਹੀਂ ਅਸੀਂ ਖੁਦ ਆਪਣੇ ਜੀਵਨੀ-ਮਾਰਗ ਨੂੰ ਫੁੱਲਾਂ ਭਰਿਆ ਮਾਰਗ ਬਣਾ ਸਕਦੇ ਹਾਂ।

ਧਰਮ ਬਾਬਿਆਂ, ਪੁਜਾਰੀਆਂ, ਪੰਡਤਾਂ, ਮੌਲਵੀਆਂ, ਗ੍ਰੰਥੀਆਂ, ਡੇਰੇਦਾਰਾਂ, ਪਾਦਰੀਆਂ ਜਾਂ ਰੱਬੀਆਂ 'ਤੇ ਨਿਰਭਰ ਹੈ ਕਿ ਉਨ੍ਹਾਂ ਨੇ ਆਪਣੇ ਧਰਮ ਨੂੰ ਕਿਸ ਰੂਪ ਵਿਚ ਖੁਦ ਹੀ ਪ੍ਰਭਾਸ਼ਤ ਕਰਨਾ ਅਤੇ ਫੈਲਾਉਣਾ। ਉਸ ਵਿਚ ਉਨ੍ਹਾਂ ਦਾ ਨਿੱਜੀ ਮੁਫਾਦ ਅਹਿਮ ਹੁੰਦਾ। ਕਿਸੇ ਖਾਸ ਡੇਰੇ, ਧਰਮ ਜਾਂ ਧਾਰਮਿਕ ਅਦਾਰੇ ਦੇ ਅਡੰਬਰੀ ਰੂਪ ਦਾ ਸ਼ਰਧਾਲੂ ਹੋ ਕੇ, ਬੰਦਾ ਆਪਣੀ ਨਿੱਜਤਾ ਗਵਾ ਲੈਂਦਾ ਕਿ ਜਦਕਿ ਅਧਿਆਤਮਿਕਤਾ ਨਿੱਜਤਾ ਦੀ ਪਹਿਰਦੇਦਾਰ ਹੁੰਦੀ, ਆਪਣੇ ਅੰਦਰੋਂ ਹੀ ਮਾਰਗ-ਦਰਸ਼ਨ ਲੱਭਣ 'ਤੇ ਜ਼ੋਰ ਦਿੰਦੀ ਹੈ।

ਹੁਣ ਸੱਭ ਤੋਂ ਅਹਿਮ ਸਵਾਲ ਪੈਦਾ ਹੁੰਦਾ ਹੈ ਕਿ ਕੀ ਸਿੱਖੀ ਇਕ ਧਰਮ ਹੈ ਜਾਂ ਅਧਿਆਤਮਿਤਕਾ ਦਾ ਮਾਰਗ? ਕੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਧਰਮ ਦੀ ਨੀਂਹ ਰੱਖੀ ਸੀ ਜਾਂ ਉਨ੍ਹਾਂ ਨੇ ਅਧਿਆਤਮਿਕਤਾ ਦੇ ਮਾਰਗ 'ਤੇ ਚੱਲਣ ਦਾ ਗੁਰ ਸਮਝਾਉਂਦਿਆਂ, ਖੁਦ ਨੂੰ ਪਾਕੀਜ਼ ਕਰਨ ਅਤੇ ਸੱਚੀ-ਸੁੱਚੀ ਕਿਰਤ ਰਾਹੀਂ ਜੀਵਨੀ ਉਦੇਸ਼ ਨੂੰ ਪੂਰਾ ਕਰਨ ਦਾ ਸੰਦੇਸ਼ ਦਿਤਾ ਸੀ?

ਸਿੱਖੀ ਨੂੰ ਆਮ ਤੌਰ 'ਤੇ ਇੱਕ ਧਰਮ ਵਜੋਂ ਮੰਨਿਆ ਜਾਂਦਾ ਹੈ, ਪਰ ਇਸ ਵਿਚ ਮਜ਼ਬੂਤ ਅਧਿਆਤਮਿਕ ਅਤੇ ਦਰਸ਼ਨਾਤਮਕ ਪੱਖ ਸ਼ਾਮਿਲ ਹਨ। ਇਹ ਸੇਵਾ, ਨਿਮਰਤਾ, ਸਰਬੱਤ ਦੇ ਭਲਾ ਅਤੇ ਹਰ ਸਮੇਂ ਪਰਮਾਤਮਾ ਦਾ ਸਿਮਰਨ ਕਰਨ ਵਾਲੀ ਜੀਵਨ ਸ਼ੈਲੀ 'ਤੇ ਜ਼ੋਰ ਦਿੰਦਾ ਹੈ। ਇਹ ਰੋਜ਼ਾਨਾ ਜੀਵਨ ਵਿਚ ਇਮਾਨਦਾਰੀ, ਦਇਆ ਅਤੇ ਦਾਨਸ਼ੀਲਤਾ ਦੀ ਮਹੱਤਤਾ ਨੂੰ ਵੀ ਉਭਾਰਦਾ ਹੈ। ਸਿੱਖੀ ਬਰਾਬਰੀ, ਸਮਾਜਿਕ ਨਿਆਂ, ਮਨੁੱਖਤਾ ਦੀ ਸੇਵਾ ਅਤੇ ਹੋਰ ਧਰਮਾਂ ਲਈ ਸਹਿਣਸ਼ੀਲਤਾ ਦਾ ਪ੍ਰਚਾਰ ਕਰਦੀ ਹੈ। ਸਿੱਖੀ ਮੰਨਦੀ ਹੈ ਕਿ ਸਾਰੇ ਮਨੁੱਖ ਸਮਾਨ ਹਨ, ਭਾਵੇਂ ਉਨ੍ਹਾਂ ਦੀ ਸਮਾਜਿਕ ਹਾਲਤ, ਲਿੰਗ, ਜਾਤ ਜਾਂ ਨਸਲ ਕੋਈ ਵੀ ਹੋਵੇ। ਸਿੱਖਾਂ ਨੂੰ ਬੇਲਾਗ ਸੇਵਾ ਕਰਨ ਅਤੇ ਸਾਰੇ ਜੀਵਾਂ ਪ੍ਰਤੀ ਦਇਆਵਾਨ ਹੋਣ ਦੀ ਪ੍ਰੇਰਣਾ ਦਿੱਤੀ ਜਾਂਦੀ ਹੈ। ਉਨ੍ਹਾਂ ਨੂੰ ਸੱਚਾਈ ਨਾਲ ਜੀਣ, ਮਿਹਨਤ ਕਰਨ ਅਤੇ ਇਮਾਨਦਾਰੀ ਨਾਲ ਰੋਜ਼ੀ-ਰੋਟੀ ਕਮਾਉਣ ਦੀ ਸਿੱਖਿਆ ਦਿੱਤੀ ਜਾਂਦੀ ਹੈ।

ਸਿੱਖੀ ਅਧਿਆਤਮਿਕਤਾ 'ਤੇ ਜ਼ੋਰ ਦਿੰਦੀ ਹੈ ਅਤੇ ਸੱਚੇ-ਸੁੱਚੇ ਜੀਵਨ ਜਿਊਣ ਅਤੇ ਦੂਜਿਆਂ ਨਾਲ ਸਹਿਯੋਗ ਕਰਨ ਨੂੰ ਅਧਿਆਤਮਿਕ ਵਿਕਾਸ ਅਤੇ ਅਰਥਮਈ ਜ਼ਿੰਦਗੀ ਲਈ ਅਹਿਮ ਮੰਨਦੀ ਹੈ। ਬਾਬਾ ਜੀ ਦਾ ਫੁਰਮਾਨ ਹੈ,

'ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥'

ਅਤੇ ਸੱਚਾ ਜੀਵਨ ਅਧਿਆਤਮਿਕਤਾ ਹੈ, ਨਾ ਕਿ ਸਿਰਫ਼ ਧਰਮ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਬਾਬਾ ਨਾਨਕ ਜੀ ਨੇ ਸਿੱਖ ਧਰਮ ਦੀ ਬੁਨਿਆਦ ਰੱਖੀ ਸੀ ਜਾਂ ਸਿੱਖੀ ਦੀ? ਕੀ ਬਾਬਾ ਨਾਨਕ ਜੀ ਨੇ ਵਿਸ਼ੇਸ਼ ਕਿਸਮ ਦੀਆਂ ਧਾਰਮਿਕ ਪ੍ਰੰਪਰਾਵਾਂ, ਰੀਤੀ ਰਿਵਾਜਾਂ, ਲਿਬਾਸ ਜਾਂ ਸੰਗਤੀ ਰੂਪ ਵਿਚ ਆਪਣੀ ਜੀਵਨ ਦੀ ਨਵੀਂ ਫਿਲਾਸਫ਼ੀ ਨੂੰ ਪ੍ਰਚਾਰਿਆ ਸੀ ਜੋ ਉਸ ਸਮੇਂ ਪ੍ਰਚਲਤ ਧਰਮਾਂ ਤੋਂ ਅੱਡਰੀਆਂ ਸਨ? ਕੀ ਉਨ੍ਹਾਂ ਨੇ ਸਿੱਖੀ ਦੇ ਪ੍ਰਚਾਰ ਲਈ ਕਿਸੇ ਧਾਰਮਿਕ ਅਸਥਾਨ ਦੀ ਉਸਾਰੀ ਕਰਵਾਈ ਸੀ? ਉਨ੍ਹਾਂ ਦਾ ਮਾਰਗ-ਦਰਸ਼ਨ ਤਾਂ ਆਮ ਮਨੁੱਖ ਦੀ ਚੇਤਨਾ ਨੂੰ ਜਗਾਉਣ ਵਾਲਾ ਸੀ।

ਬਾਬਾ ਨਾਨਕ ਜੀ ਆਪਣੀਆਂ ਉਦਾਸੀਆਂ ਦੌਰਾਨ ਜਿਥੇ ਵੀ ਗਏ, ਉਸ ਖਿੱਤੇ ਦਾ ਰਹਿਣ-ਸਹਿਣ ਅਪਣਾਇਆ, ਉਨ੍ਹਾਂ ਦੀ ਬੋਲੀ ਸਿੱਖੀ ਅਤੇ ਖਾਣੇ ਦੀਆਂ ਆਦਤਾਂ ਅਪਣਾਈਆਂ। ਬਾਬਾ ਜੀ ਨੇ ਹਰ ਰਹਿਤਲ ਨਾਲ ਇਕਸੁਰ ਹੋ, ਨਿੱਜੀ ਰਾਬਤਾ ਬਣਾ ਕੇ ਆਪਣੇ ਪ੍ਰਵਚਨਾਂ ਰਾਹੀਂ ਸੁਚੱਜੀ ਜੀਵਨ-ਜਾਚ ਅਪਨਾਉਣ ਦਾ ਸੁਨੇਹਾ ਦਿੱਤਾ। ਉਨ੍ਹਾਂ ਨੇ ਕਿਧਰੇ ਵੀ ਜੋਰ-ਜਬਰਦਸਤੀ ਨਾਲ ਆਪਣੀ ਗੱਲ ਨਹੀਂ ਮੰਨਵਾਈ। ਸਗੋਂ ਹਰ ਉਦਾਸੀ ਦੌਰਾਨ ਤਰਕ ਅਤੇ ਦਲੀਲ ਰਾਹੀਂ ਸਹਿਜ ਰੂਪ ਵਿਚ ਆਪਣੇ ਉਦੇਸ਼ ਅਤੇ ਭਾਵਨਾ ਨੂੰ ਜਨ-ਲੋਕਾਈ ਤੀਕ ਪਹੁੰਚਾਇਆ। ਉਨ੍ਹਾਂ ਲਈ ਅਮੀਰ ਤੇ ਗਰੀਬ ਸਮਾਨ ਸਨ। ਉਹ ਅਜੋਕੇ ਪੰਜ-ਸਟਾਰੀ ਬਾਬਿਆਂ ਵਰਗੇ ਨਹੀਂ ਸਨ ਜੋ ਸਤਸੰਗਤ ਦੇ ਨਾਮ 'ਤੇ ਮਾਇਆ ਇਕੱਠੀ ਕਰਦੇ ਹਨ। ਵੱਡੇ-ਵੱਡੇ ਡੇਰਿਆਂ ਵਾਲੇ ਮਿਲਖਾਂ ਅਤੇ ਜਗੀਰਾਂ ਦੇ ਮਾਲਕ ਬਣੇ ਬੈਠੇ ਹਨ। ਉਨ੍ਹਾਂ ਲਈ ਕਿਸੇ ਮਰਿਆਦਾ ਦੇ ਕੋਈ ਅਰਥ ਨਹੀਂ ਸਨ। ਉਨ੍ਹਾਂ ਦੀ ਬਗਲੀ ਵਿਚ ਸੂਫ਼ੀ ਸ਼ਾਇਰਾਂ ਦਾ ਕਲਾਮ, ਬਾਬਾ ਫਰੀਦ ਜੀ ਦੀ ਬਾਣੀ ਵੀ ਅਤੇ ਭਗਤਾਂ ਦੇ ਪ੍ਰਵਚਨ ਆਦਿ ਵੀ ਹੁੰਦੇ ਸਨ। ਉਹ ਕਿਤੇ ਵੀ, ਕਿਸੇ ਵੀ ਵੇਲੇ ਭਾਈ ਮਰਦਾਨੇ ਦੀ ਰਬਾਬ ਦੇ ਸੰਗ, ਗੁਰਬਾਣੀ ਦਾ ਕੀਰਤਨ ਕਰਦੇ ਅਤੇ ਫਿਰ ਅਗਾਂਹ ਨੂੰ ਤੁੱਰ ਪੈਂਦੇ। ਉਨ੍ਹਾਂ ਦੇ ਜੀਵਨ ਵਿਚ ਚੌਪਹਿਰਾ, ਨਾਮ ਸਿਮਰਨ, ਜਾਂ ਇਕੌਤਰੀ ਲੜੀ ਦਾ ਕੋਈ ਜਿਕਰ ਨਹੀਂ। ਉਨ੍ਹਾਂ ਲਈ ਸਿੱਖੀ ਹਿੰਦੂ ਜਾਂ ਮੁਸਲਮਾਨੀ ਹਿੱਸਿਆਂ ਵਿਚ ਨਹੀਂ ਸੀ ਵੰਡੀ ਹੋਈ। ਉਨ੍ਹਾਂ ਲਈ ਹਰ ਉਹ ਵਿਅਕਤੀ ਸਿੱਖ ਸੀ ਜਿਹੜਾ ਸੁੱਚੀ ਕਿਰਤ ਕਮਾਈ ਕਰਦਾ, ਬੇਈਮਾਨੀ ਜਾਂ ਲਾਲਚ ਤੋਂ ਨਿਰਲੇਪ ਰਹਿੰਦਿਆਂ, ਜੀਵਨੀ ਸੁੱਚਮਤਾ ਨੂੰ ਪ੍ਰਮੁੱਖਤਾ ਦਿੰਦਾ ਸੀ। ਉਨ੍ਹਾਂ ਨੇ ਨਾ ਤਾਂ ਕੋਈ ਖਾਸ ਲਿਬਾਸ ਧਾਰਨ ਕੀਤਾ, ਨਾ ਕਿਸੇ ਮਰਿਆਦਾ ਵਿਚ ਬੰਨੇ ਜਾਣ ਲਈ ਕਿਹਾ ਜਾਂ ਨਾ ਹੀ ਖਾਸ ਨਿਯਮਾਵਲੀ ਨਿਰਧਾਰਤ ਕੀਤੀ। ਦਰਅਸਲ ਉਨ੍ਹਾਂ ਲਈ ਸਿੱਖੀ ਧਰਮ ਨਹੀਂ ਸਗੋਂ ਇਕ ਵਿਚਾਰਧਾਰਾ ਸੀ ਜਿਸਨੇ ਸਮੁੱਚੀ ਲੋਕਾਈ ਦੀ ਭਲਾਈ ਲਈ ਸੀ। ਪਰ ਅਸੀਂ ਤਾਂ ਸਿੱਖੀ ਨੂੰ ਧਰਮ ਬਣਾ ਕੇ ਇਸਨੂੰ ਮਰਿਆਦਾਵਾਂ ਵਿਚ ਅਜੇਹਾ ਜਕੜ ਦਿਤਾ ਹੈ ਕਿ ਸੰਸਾਰ ਭਰ ਵਿਚ ਫੈਲਰਣ ਵਾਲੀ ਸਿੱਖੀ ਹੁਣ ਇਕ ਖਿੱਤੇ ਤੀਕ ਹੀ ਮਹਿਦੂਦ ਹੋ ਕੇ ਰਹਿ ਗਈ ਹੈ।

ਬਾਬਾ ਨਾਨਕ ਜੀ ਦਾ ਕੇਹਾ ਕਮਾਲ ਕਿ ਉਨ੍ਹਾਂ ਨੇ ਆਪਣੇ ਸੱਭ ਤੋਂ ਪਿਆਰੇ ਸਾਥੀ ਭਾਈ ਮਰਦਾਨਾ ਜੀ ਦੀਆਂ ਆਖਰੀ ਰਸਮਾਂ ਵੀ ਉਸਦੇ ਧਰਮ ਅਨੁਸਾਰ ਹੀ ਨਿਭਾਈਆਂ, ਨਾ ਕਿ ਸਿੱਖੀ ਦੀਆਂ ਰਹੁਰੀਤਾਂ ਅਨੁਸਾਰ (ਵੈਸੇ ਸਿੱਖਾਂ ਦੀਆਂ ਆਖਰੀ ਰਸਮਾਂ ਵੀ ਹਿੰਦੂਆਂ ਵਾਲੀਆਂ ਹਨ)। ਉਨ੍ਹਾਂ ਦਾ ਮੰਨਣਾ ਸੀ ਕਿ ਸਿੱਖੀ ਸੋਚ ਵਿਚ ਹੋਣੀ ਚਾਹੀਦੀ ਹੈ ਨਾ ਕਿ ਬਾਹਰੀ ਰੂਪ ਵਿਚ ਤਾਂ ਹੀ ਉਨ੍ਹਾਂ ਨੇ ਸ਼ਬਦ-ਗੁਰੂ 'ਤੇ ਜੋਰ ਦਿਤਾ। ਪਰ ਅਸੀਂ ਤਾਂ ਸ਼ਬਦ ਗੁਰੂ ਤੋਂ ਬੇਮੁਖ ਹੋ ਇਸਨੂੰ ਪੂਜਣ ਤੀਕ ਸੀਮਤ ਹੋ ਗਏ ਹਾਂ। ਬਾਬਾ ਨਾਨਕ ਜੀ ਨੇ ਆਪਣੇ ਜੀਵਨ ਦੇ ਆਖਰੀ ਪੜਾਅ ਵਿਚ ਕਰਤਾਰਪੁਰ ਵਿਚ ਖੇਤੀ ਕੀਤੀ। ਨਾ ਕਿ ਕੋਈ ਗੁਰਦੁਆਰਾ ਜਾਂ ਮੱਠ ਬਣਾ ਕੇ ਸੇਵਕਾਂ ਕੋਲੋਂ ਪੂਜਾ ਕਰਵਾਈ ਜਿਵੇਂ ਅਜੋਕੇ ਬਾਬੇ ਕਰਵਾਉਂਦੇ ਹਨ। ਉਨ੍ਹਾਂ ਲਈ ਧਾਰਮਿਕ ਸੰਕੀਰਨਤਾ ਵਿਚੋਂ ਨਿਕਲਣਾ ਹੀ ਮਨੁੱਖੀ ਸੋਚ ਨੂੰ ਫੈਲਰਣ ਅਤੇ ਨਵੀਆਂ ਧਾਰਨਾਵਾਂ ਅਪਨਾਉਣ ਦਾ ਸੱਚਾ ਮਾਰਗ ਹੈ।

ਪਤਾ ਨਹੀਂ ਕਿਵੇਂ, ਕਦੋਂ ਅਤੇ ਕਿਸ ਰੂਪ ਵਿਚ ਸਿੱਖੀ ਨੂੰ ਇਕ ਸੰਗਠਿਤ ਧਰਮ ਦਾ ਰੂਪ ਦੇਣ ਲਈ ਇਸ ਵਿਚ ਮਰਿਆਦਾਵਾਂ ਨਿਰਧਾਰਤ ਕੀਤੀਆਂ ਗਈਆਂ? ਕੀ ਮਰਿਆਦਾਵਾਂ ਗੁਰਬਾਣੀ ਤੋਂ ਜ਼ਿਆਦਾ ਮਹੱਤਵਪੂਰਨ ਹਨ? ਇਸ ਨਾਲ ਸਿੱਖੀ ਦਾ ਸੁੰਗੜਨਾ ਸੁਭਾਵਕ ਸੀ ਅਤੇ ਅਜੇਹਾ ਹੀ ਹੋ ਰਿਹਾ ਹੈ। ਇਹ ਵੀ ਕੇਹੀ ਵਿਡੰਬਣਾ ਕਿ ਸੱਭ ਤੋਂ ਪਹਿਲੇ ਸਿੱਖ ਭਾਈ ਮਰਦਾਨਾ ਜੀ ਦੀ ਅੰਸ਼ ਨੂੰ ਦਰਬਾਰ ਸਾਹਿਬ ਵਿਖੇ ਕੀਰਤਨ ਕਰਨ ਦੀ ਇਜ਼ਾਜਤ ਹੀ ਨਹੀਂ ਦਿਤੀ ਗਈ ਅਤੇ ਹੁਣ ਸ਼੍ਰੋਮਣੀ ਗੁਰਦੁਆਰਾ ਦੀ ਚੋਣ ਲਈ ਨਿੱਜੀ ਹਿੱਤਾਂ ਖਾਤਰ ਸਹਿਜਧਾਰੀ ਸਿੱਖਾਂ ਨੂੰ ਹੀ ਸਿੱਖੀ ਤੋਂ ਹੀ ਲਾਂਭੇ ਕੀਤਾ ਜਾ ਰਿਹਾ ਹੈ। ਕੀ ਇਹ ਗੁਰੂ ਨਾਨਕ ਜੀ ਦੀ ਫ਼ਿਲਾਸਫ਼ੀ ਦਾ ਘਾਣ ਤਾਂ ਨਹੀਂ?

ਧਾਰਮਿਕ ਸੰਕੀਰਤਾ ਕਾਰਨ ਅਤੇ ਇਸ ਵਿਚ ਲਾਈਆਂ ਬੇਲੋੜੀਆਂ ਬੰਦਸ਼ਾਂ ਅਤੇ ਧਾਰਮਿਕ ਕੱਟੜਤਾ ਕਾਰਨ ਹੀ ਲੋਕ ਧਰਮ ਤੋਂ ਦੂਰ ਜਾ ਰਹੇ ਹਨ। ਅਜੇਹਾ ਸਿੱਖੀ ਵਿਚ ਵੀ ਹੋਰ ਰਿਹਾ ਹੈ। ਸਾਡੀ ਨੌਜਵਾਨ ਪੀਹੜੀ ਸਿੱਖੀ ਤੋਂ ਦੂਰ ਜਾ ਰਹੀ ਹੈ। ਅਗਰ ਅਸੀਂ ਆਪਣੇ ਵਰਤਾਰੇ ਅਤੇ ਸਿੱਖੀ ਦੇ ਪ੍ਰਚਾਰ ਲਈ ਸਮੇਂ ਦੇ ਹਾਣ ਦੇ ਢੰਗ-ਤਰੀਕੇ ਨਾ ਅਪਣਾਏ ਤਾਂ ਹੋ ਸਕਦਾ ਹੈ ਕਿ 50 ਕੁ ਸਾਲ ਤੱਕ ਵਿਦੇਸ਼ਾਂ ਵਿਚਲੇ ਇਹ ਗੁਰੁਦਆਰੇ ਵੀ ਉਵੇਂ ਹੀ ਨਿਲਾਮ ਹੋਣੇ ਸ਼ੁਰੂ ਹੋ ਜਾਣ, ਜਿਵੇਂ ਅੱਜ ਕੱਲ ਚਰਚਾਂ ਨਿਲਾਮ ਹੋ ਰਹੀਆਂ ਹਨ।

ਸਿੱਖੀ ਸੋਚ ਦੇ ਪਹਿਰੇਦਾਰਾਂ ਨੂੰ ਇਸ ਦਿਸ਼ਾ ਵੱਲ ਸਾਰਥਕ ਕਦਮ ਉਠਾਉਣ ਅਤੇ ਕੁਝ ਉਸਾਰੂ ਕਰਨ ਲਈ ਅੱਗੇ ਆਉਣਾ ਚਾਹੀਦਾ ਹੈ। ਇਹ ਤਾਂ ਹੀ ਸੰਭਵ ਹੋਵੇਗਾ ਜਦ ਸਿੱਖ ਧਾਰਮਿਕ ਕੱਟੜਤਾ ਅਤੇ ਹਓਮੈਂ ਵਿਚੋਂ ਬਾਹਰ ਨਿਕਲ, ਸਿੱਖੀ ਦੀ ਮੂਲ ਭਾਵਨਾ ਨੂੰ ਨਿਜੀ ਜੀਵਨ ਵਿਚ ਅਪਣਾ ਕੇ ਅਧਿਆਤਮਿਕਤਾ ਦਾ ਅਭਿਲਾਸ਼ੀ ਬਣੇਗਾ।

## ਕਾਵਿ-ਕਿਆਰੀ

### ਪੰਜਾਬ ਯੂਨੀਵਰਸਿਟੀ

ਨਹੀਂ ਬਿਲਡਿੰਗ ਇੱਟਾਂ ਦੀ, ਇਹ ਸ਼ਾਨ ਅਸਾਡੀ ਏ
ਇਹ ਯੂਨੀਵਰਸਟੀ ਨਹੀ, ਇਹ ਜਾਨ ਅਸਾਡੀ ਏ।

ਇਹ ਸ਼ਹਿਰ ਲਾਹੌਰ ਦੀਆਂ, ਗਲੀਆਂ ਵਿਚ ਜਾਈ ਸੀ
ਵੰਡੀ ਸੰਤਾਲੀ ਦੀ, ਸ਼ਿਮਲੇ ਵਿਚ ਆਈ ਸੀ।

ਫੇਰ ਹਿਮਾਚਲ ਨੇ, ਇਹਨੂੰ ਘਰ 'ਚੋਂ ਕੱਢ ਦਿੱਤਾ
ਥੋੜ੍ਹਾ ਚਿਰ ਸੋਲਨ ਵੀ, ਇਹਨੇ ਰਹਿ ਕੇ ਛੱਡ ਦਿੱਤਾ

ਚੰਡੀਗੜ੍ਹ ਫਿਰ ਆ ਕੇ, ਇਹਨੇ ਡੇਰਾ ਲਾ ਲਿਆ ਸੀ
ਪੁੱਤ ਪੰਜਾਬੀਆਂ ਨੇ, ਇਹਨੂੰ ਧੀ ਬਣਾ ਲਿਆ ਸੀ।
ਇਹਦਾ ਬਾਪੂ ਪੇਂਡੂ ਏ, ਇਹਦੀ ਮਾਂ ਪੰਜਾਬੀ ਏ
ਇਹ ਯੂਨੀਵਰਸਟੀ ਨਹੀਂ ਇਹ ਜਾਨ ਅਸਾਡੀ ਏ।

ਚੰਡੀਗੜ੍ਹ ਦਿਲ ਸਾਡਾ, ਇਹ ਸਾਡੀ ਧੜਕਣ ਏ
ਇਹਦੀ ਹੋਂਦ ਬਚਾਉਣ ਲਈ, ਜਾਨ ਵੀ ਅਰਪਣ ਹੈ।

ਇਹ ਸਾਡਾ ਮੱਕਾ ਏ, ਇਹ ਸਾਡੀ ਕਾਸ਼ੀ ਏ
ਅਸੀਂ ਦੀਵੇ ਇਸਦੇ ਹਾਂ, ਇਹ ਸਾਡੀ ਬਾਤੀ ਏ।

ਜੇ ਖੋਹ ਲਈ ਦਿੱਲੀ ਨੇ, ਕਰਕੇ ਚਲਾਕੀ ਜੇ
ਫਿਰ ਕੋਲ ਪੰਜਾਬੀਆਂ ਦੇ, ਕੀ ਬਚਦਾ ਬਾਕੀ ਏ।

ਇਹ ਡਾਣਸੀਵਾਲੀਆ ਓਏ, ਪਹਿਚਾਣ ਅਸਾਡੀ ਏ
ਇਹ ਯੂਨੀਵਰਸਟੀ ਨਹੀਂ ਇਹ ਜਾਨ ਅਸਾਡੀ ਏ।

***-ਕੁਲਵੀਰ ਸਿੰਘ ਡਾਨਸੀਵਾਲ***
***ਫੋਨ: 778 863 2472***

---

### ਜਦ ਵੀ ਚੋਣਾਂ ਹੋਣਗੀਆਂ!

ਇਸੇ ਤਰ੍ਹਾਂ ਦਾ ਮੰਜਰ ਆਊ,ਜਦ ਵੀ ਚੋਣਾਂ ਹੋਣਗੀਆਂ।
ਪੋਰਸ ਨਹੀਂ ਸਿਕੰਦਰ ਆਊ,ਜਦ ਵੀ ਚੋਣਾਂ ਹੋਣਗੀਆਂ।

ਟੀਚਰ ਨਹੀਂ ਕਲੰਦਰ ਆਊ,ਜਦ ਵੀ ਚੋਣਾਂ ਹੋਣਗੀਆਂ।
ਮਿੱਟੀ ਨੂੰ ਬੰਜਰ ਲਿਖਵਾਊ, ਜਦ ਵੀ ਚੋਣਾਂ ਹੋਣਗੀਆਂ।

ਜੇਤੂ ਬਣੂ ਪਤੰਦਰ ਭਾਊ, ਜਦ ਵੀ ਚੋਣਾਂ ਹੋਣਗੀਆਂ,
ਸੱਤਾ ਵਿਰੋਧੀ ਅੰਦਰ ਜਾਊ, ਜਦ ਵੀ ਚੋਣਾਂ ਹੋਣਗੀਆਂ।

ਨੇਤਾ ਬਣ ਜਾਵੇਗਾ ਬਾਊ, ਜਦ ਵੀ ਚੋਣਾਂ ਹੋਣਗੀਆਂ।
ਜਿੱਤ ਕੇ ਪਹਿਲਾਂ ਦਿੱਲੀ ਜਾਊ, ਜਦ ਵੀ ਚੋਣਾਂ ਹੋਣਗੀਆਂ।

ਖੋਹਵੇਗਾ ਧਰਤੀ ਉਪਜਾਊ,ਜਦ ਵੀ ਚੋਣਾਂ ਹੋਣਗੀਆਂ।
ਹਰ ਵਾਰੀ ਵੋਟਰ ਪਛਤਾਊ, ਜਦ ਵੀ ਚੋਣਾਂ ਹੋਣਗੀਆਂ।

***-ਗੁਲਪੁਰ***

---

### ਜ਼ਮੀਰ

ਉਹ ਬੰਦਾ ਵੀ ਬੰਦਾ ਕਾਹਦਾ,
ਜਿਸਦੀ ਕੋਈ ਜ਼ਮੀਰ ਨਾ ਹੋਵੇ।
ਦੁਨੀਆਂ 'ਤੇ ਕੋਈ ਸ਼ੈਅ ਨਾ ਐਸੀ,
ਜਿਸਦੀ ਕੋਈ ਅਖੀਰ ਨਾ ਹੋਵੇ।

ਮਿਹਨਤ ਵੀ ਕੁੱਝ ਕਰ ਨ੍ਹੀਂ ਸਕਦੀ,
ਚੰਗੀ ਜੇ ਤਕਦੀਰ ਨਾ ਹੋਵੇ।

ਰਾਂਝਾ, ਰਾਂਝਾ ਕਿੰਝ ਕਹਿਲਾਵੇ,
ਜੇ ਰਾਂਝੇ ਦੀ ਹੀਰ ਨਾ ਹੋਵੇ।

ਦੁਨੀਆਂ ਉਸਨੂੰ ਮੂੰਹ ਨ੍ਹੀਂ ਲਾਉਂਦੀ,
ਜਿਸਦਾ ਕੋਈ ਪੀਰ ਨਾ ਹੋਵੇ।
ਖ਼ੁਦ ਨੂੰ ਸਦਾ ਅਧੂਰੀ ਸਮਝੇ,
ਜਿਹੜੀ ਭੈਣ ਦਾ ਵੀਰ ਨਾ ਹੋਵੇ।

ਉਸਦਾ ਜੀਣਾ, ਜੀਣਾ ਕਾਹਦਾ,
ਜਿਸਦਾ ਜੱਗ 'ਤੇ ਸੀਰ ਨਾ ਹੋਵੇ।
ਧਰਤੀ 'ਤੇ ਉਹ ਭਾਰ ਹੀ ਹੁੰਦਾ,
ਜਿਸ ਤੋਂ ਚੁੱਕ ਸਰੀਰ ਨਾ ਹੋਵੇ।

ਜ਼ੁਲਮ ਵੇਖ ਕੇ ਉੱਠੇ ਨਾ ਜੋ,
ਐਹੋ ਜਿਹੀ ਸ਼ਮਸ਼ੀਰ ਨਾ ਹੋਵੇ।
ਅੱਧ ਵਿਚਾਲੇ ਛੱਡ ਜੋ ਤੁਰ'ਜੇ,
ਐਦਾਂ ਦਾ ਦਿਲਗੀਰ ਨਾ ਹੋਵੇ।

***-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'***
***ਯੂਬਾ ਸਿਟੀ, ਕੈਲੀਫੋਰਨੀਆ***
***ਫੋਨ:+13604481989***

# ਫ਼ਿਲਮ ਲੋਕ

## ਕੌਣ ਬਣੇਗੀ ਨਵੀਂ ਨਾਗਿਨ




ਏਕਤਾ ਕਪੂਰ ਦੇ ਸਭ ਤੋਂ ਹਰਮਨ ਪਿਆਰੇ ਟੀ.ਵੀ. ਸ਼ੋਅ 'ਨਾਗਿਨ' ਦੇ ਪਹਿਲੇ ਸੀਜ਼ਨ ਦਾ ਪਹਿਲਾ ਐਪੀਸੋਡ ਸਾਲ 2015 ਵਿਚ 1 ਨਵੰਬਰ ਨੂੰ ਕਲਰਜ਼ ਟੈਲੀਵਿਜ਼ਨ 'ਤੇ ਪ੍ਰਸਾਰਿਤ ਹੋਇਆ ਸੀ। ਇਸ ਦਾ ਪ੍ਰਸਾਰਨ 5 ਜੂਨ, 2016 ਤੱਕ ਚੱਲਿਆ ਸੀ। ਮੌਨੀ ਰਾਏ ਏਕਤਾ ਕਪੂਰ ਦੀ ਪਹਿਲੀ ਨਾਗਿਨ ਸੀ। ਉਸ ਨੇ ਨਾਗਿਨ ਬਣ ਕੇ ਧਮਾਲ ਮਚਾ ਦਿੱਤਾ ਸੀ । ਦੂਜੇ ਸੀਜ਼ਨ ਵਿਚ ਵੀ ਉਹ ਹੀ ਨਾਗਿਨ ਸੀ। ਅੱਜ ਤੱਕ ਉਸ ਨੂੰ ਕੋਈ ਪਿੱਛੇ ਨਹੀਂ ਛੱਡ ਸਕਿਆ ਹੈ। ਇਸ ਸ਼ੋਅ ਦੇ ਛੇ ਸੀਜ਼ਨਾਂ ਵਿਚ ਹੁਣ ਤੱਕ ਸੁਰਭੀ ਜਯੋਤੀ, ਨੀਆ ਸ਼ਰਮਾ, ਸੁਰਭੀ ਚੰਦਨਾ ਅਤੇ ਤੇਜਸਵੀ ਪ੍ਰਕਾਸ਼ ਵਰਗੀਆਂ ਮੰਨੀਆਂ-ਪ੍ਰਮੰਨੀਆਂ ਅਦਾਕਾਰਾਂ ਨਾਗਿਨ ਦੇ ਕਿਰਦਾਰ ਨਿਭਾਅ ਚੁੱਕੀਆਂ ਹਨ। ਸ਼ੋਅ ਵਿਚ ਹਰ ਵਾਰ ਨਵੀਂ ਨਾਗਿਨ ਨੇ ਧਮਾਕਾ ਕੀਤਾ। ਦੇਖਦੇ ਹੀ ਦੇਖਦੇ ਹਰ ਨਵੇਂ ਸੀਜ਼ਨ ਦੇ ਨਾਲ ਇਹ ਸ਼ੋਅ ਦਰਸ਼ਕਾਂ ਦਾ ਸਭ ਤੋਂ ਜ਼ਿਆਦਾ ਪਸੰਦੀਦਾ ਸ਼ੋਅ ਬਣ ਚੁੱਕਾ ਹੈ।

ਪਿਛਲੀ ਵਾਰ ਨਾਗਿਨ ਦੇ ਛੇਵੇਂ ਸੀਜ਼ਨ ਵਿਚ ਤੇਜਸਵੀ ਪ੍ਰਕਾਸ਼ ਨਾਗਿਨ ਦੇ ਕਿਰਦਾਰ ਵਿਚ ਨਜ਼ਰ ਆਈ ਸੀ। ਇਹ ਸੀਜ਼ਨ ਸਾਲ 2023 ਵਿਚ ਖ਼ਤਮ ਹੋਇਆ ਸੀ। ਹੁਣ ਛੇਤੀ ਹੀ ਇਕ ਵਾਰ ਫਿਰ ਤੋਂ ਨਵੇਂ ਅੰਦਾਜ਼ ਵਿਚ ਸੁਪਰਨੈਚੁਰਲ ਸ਼ੋਅ ਆਪਣੇ 7ਵੇਂ ਸੀਜ਼ਨ ਦੇ ਨਾਲ ਵਾਪਸ ਆਉਣ ਵਾਲਾ ਹੈ। 'ਨਾਗਿਨ-7' ਦਾ ਪ੍ਰੋਮੋ ਰਿਲੀਜ਼ ਹੋ ਚੁੱਕਾ ਹੈ। 'ਨਾਗਿਨ' ਫੈਂਚਾਈਜ਼ੀ ਨੇ ਹਰ ਵਾਰ ਹੀ ਇਕ ਨਵੀਂ ਨਾਗਿਨ ਨੂੰ ਦਿਖਾਇਆ ਹੈ। ਇਸ ਲਈ ਪ੍ਰਸੰਸਕ ਹੁਣ ਇਹ ਜਾਣਨ ਨੂੰ ਬੇਤਾਬ ਹਨ ਕਿ ਇਸ ਵਾਰ 'ਨਾਗਿਨ' ਦੀ ਆਈਕਾਨਿਕ ਭੂਮਿਕਾ ਕਿਸ ਅਦਾਕਾਰਾ ਦੇ ਹਿੱਸੇ ਵਿਚ ਆਉਣ ਵਾਲੀ ਹੈ।

ਇਸ ਵਾਰ ਸ਼ੋਅ ਦੀ ਮੁੱਖ ਅਦਾਕਾਰਾ ਪ੍ਰਿਅੰਕਾ ਚਾਹਰ ਚੌਧਰੀ ਅਤੇ ਈਸ਼ਾ ਮਾਲਵੀਆ ਦੋਵੇਂ ਹੀ 'ਨਾਗਿਨ' ਦੀ ਭੂਮਿਕਾ ਲਈ ਮਜ਼ਬੂਤ ਦਾਅਵੇਦਾਰ ਮੰਨੀਆਂ ਜਾ ਰਹੀਆਂ ਹਨ। ਇਸ ਤਰ੍ਹਾਂ ਇਨ੍ਹਾਂ ਦੋਵਾਂ ਅਦਾਕਾਰਾਂ ਦੇ ਪ੍ਰਸੰਸਕਾਂ ਵਿਚਾਲੇ ਜੰਗ ਛਿੜ ਚੁੱਕੀ ਹੈ। ਹਾਲਾਂਕਿ ਏਕਤਾ ਕਪੂਰ ਨੇ ਹਾਲੇ ਇਸ ਪੂਰੇ ਮਾਮਲੇ ਵਿਚ ਸਸਪੈਂਸ ਬਣਾਈ ਰੱਖਿਆ ਹੈ। ਉਸ ਨੇ 'ਨਾਗਿਨ' ਦੇ ਪ੍ਰੋਮੋ ਵਿਚ ਵੀ 'ਨਾਗਿਨ' ਦੇ ਚਿਹਰੇ ਨੂੰ ਰਿਲੀਜ਼ ਨਹੀਂ ਕੀਤਾ ਹੈ। 'ਨਾਗਿਨ-7' ਵਿਚ 'ਬਿੱਗ ਬੌਸ-18' ਫੇਮ ਈਸ਼ਾ ਸਿੰਘ ਅਤੇ 'ਕੁਮਕੁਮ ਭਾਗਿਆ' ਅਭਿਨੇਤਾ ਨਮਿਕ ਪਾਲ ਮੁੱਖ ਭੂਮਿਕਾ ਵਿਚ ਦਿਖਾਈ ਦੇਣਗੇ। ਇਸ ਦੀ ਜਾਣਕਾਰੀ ਖੁਦ ਨਿਰਮਾਤਾ ਨੇ ਦਿੱਤੀ ਸੀ।

ਕਈ ਰਿਪੋਟਾਂ ਅਨੁਸਾਰ ਕਿਹਾ ਜਾ ਰਿਹਾ ਹੈ ਕਿ ਐਲਿਸ ਕੌਸ਼ਿਕ, ਵਿਵੀਅਨ ਡੀਸੇਨਾ, ਕਰਨ ਕੁੰਦਰਾ ਅਤੇ ਏਕਤਾ ਕਪੂਰ ਦੇ ਸ਼ੋਅ 'ਕਿਉਂਕਿ ਸਾਸ ਭੀ ਕਭੀ ਬਹੂ ਥੀ' ਤੋਂ ਆਪਣੇ ਐਕਟਿੰਗ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਪ੍ਰਿਅੰਕਾ ਚਾਹਰ ਚੌਧਰੀ ਵੀ 'ਨਾਗਿਨ-7' ਦਾ ਹਿੱਸਾ ਹੋ ਸਕਦੀ ਹੈ।ਰਿਪੋਰਟਾਂ ਅਨੁਸਾਰ 'ਨਾਗਿਨ-7' ਵਿਚ 'ਯੇ ਹੈਂ ਮੁਹੱਬਤੇਂ' ਫੇਮ ਐਕਟਰ ਰਿਭੂ ਮਹਿਰਾ ਵੀ ਨਾਂਹਪੱਖੀ ਕਿਰਦਾਰ ਵਿਚ ਨਜ਼ਰ ਆਉਣ ਵਾਲੀ ਹੈ। ਹਾਲਾਂਕਿ ਹਾਲੇ ਇਸ ਦਾ ਅਧਿਕਾਰਕ ਐਲਾਨ ਹੋਣਾ ਬਾਕੀ ਹੈ।

ਜੇਕਰ ਸੂਤਰਾਂ ਦੀ ਮੰਨੀਏ ਤਾਂ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ 'ਨਾਗਿਨ' ਦਾ ਮੁਕਾਬਲਾ ਸੌਖਾ ਨਹੀਂ ਹੋਵੇਗਾ। ਪ੍ਰੋਮੋ ਦੇਖਣ ਤੋਂ ਬਾਅਦ ਲੱਗ ਰਿਹਾ ਹੈ ਕਿ ਇਸ ਵਾਰ ਸ਼ੋਅ ਦਾ ਕਨਸੈਪਟ ਬਹੁਤ ਹੀ ਵੱਖਰਾ ਹੋਵੇਗਾ ਅਤੇ ਇਸ ਵਾਰ 'ਨਾਗਿਨ' ਦਾ ਮੁਕਾਬਲਾ ਉਸ ਦੇ ਸਾਥੀਆਂ ਨਾਗ ਅਤੇ ਨਾਗਿਨ ਨਾਲ ਨਹੀਂ ਸਗੋਂ ਡੈਗਨ ਨਾਲ ਹੋਣ ਵਾਲਾ ਹੈ। ਪ੍ਰੋਮੋ ਤੋਂ ਇਸ ਗੱਲ ਦਾ ਵੀ ਸੰਕੇਤ ਮਿਲ ਰਿਹਾ ਹੈ ਕਿ ਇਸ ਵਾਰ ਦਰਸ਼ਕਾਂ ਨੂੰ ਸ਼ਾਨਦਾਰ ਵੀ.ਐਫ.ਐਕਸ ਦੇਖਣ ਨੂੰ ਮਿਲੇਗਾ।



## ਸ਼ਰਧਾ ਕਪੂਰ
## ਹੁਣ 'ਇਸਤਰੀ-3' ਵੀ ਕਰੇਗੀ

ਦਿਨੇਸ਼ ਵਿਜ਼ਨ ਖ਼ੁਸ਼ ਹਨ ਕਿ ਸ਼ਰਧਾ ਕਪੂਰ ਨੇ ਆਪ ਐਲਾਨ ਕਰ ਦਿੱਤਾ ਹੈ ਕਿ 'ਇਸਤਰੀ-3' ਤੋਂ ਪਹਿਲਾਂ ਐਨੀਮੇਟਡ ਫ਼ਿਲਮ 'ਛੋਟੀ ਇਸਤਰੀ' ਆ ਰਹੀ ਹੈ ਤੇ ਦਿਨੇਸ਼ ਵਿਜ਼ਨ ਇਸ ਦੇ ਨਿਰਮਾਤਾ ਹਨ। ਸ਼ਰਧਾ ਮੁਤਾਬਿਕ 'ਛੋਟੀ ਇਸਤਰੀ' ਦੇ ਰਿਲੀਜ਼ ਹੋਣ ਤੋਂ ਛੇ ਮਹੀਨੇ ਬਾਅਦ 'ਇਸਤਰੀ-3' ਆਵੇਗੀ। 'ਇਸਤਰੀ-2' ਨੇ ਬਾਲੀਵੁੱਡ ਦੀਆਂ ਸਾਰੀਆਂ ਫ਼ਿਲਮਾਂ ਨਾਲੋਂ ਜ਼ਿਆਦਾ ਕਮਾਈ ਕੀਤੀ ਸੀ। ਸ਼ਰਧਾ ਕਪੂਰ ਨੇ ਇੰਸਟਾਗ੍ਰਾਮ 'ਤੇ ਪ੍ਰਸੰਸਕਾਂ ਦੇ ਮਾਮਲੇ 'ਚ ਪ੍ਰਿਅੰਕਾ ਚੋਪੜਾ ਨੂੰ ਵੀ ਪਿਛੇ ਛੱਡ ਦਿੱਤਾ ਹੈ ਤੇ ਉਸ ਦੇ 95 ਮਿਲੀਅਨ ਪ੍ਰਸੰਸਕ ਇੰਸਟਾਗ੍ਰਾਮ 'ਤੇ ਹਨ, ਜਿਹੜੇ ਉਸ ਨੂੰ ਫਾਲੋ ਕਰਦੇ ਹਨ। ਜਿਥੇ ਬਹੁਤ ਸਾਰੇ ਫ਼ਿਲਮੀ ਸਿਤਾਰਿਆਂ ਜਿਹੜੇ ਹੀਰੋ ਹਨ, ਹੀਰੋਇਨਾਂ ਨੇ ਦੇ ਪੁੱਤਰ-ਧੀਆਂ ਫੇਲ੍ਹ ਹੋ ਗਏ, ਉਥੇ ਫ਼ਿਲਮਾਂ ਦੇ ਖਲਨਾਇਕ ਸ਼ਕਤੀ ਕਪੂਰ ਦੀ ਧੀ ਸ਼ਰਧਾ ਨੇ ਸਭ ਨੂੰ ਫੇਲ੍ਹ ਕਰ ਕੇ ਆਪ ਲੋਕਪ੍ਰਿਯਤਾ ਦੀਆਂ ਹੱਦਾਂ ਪਾਰ ਕੀਤੀਆਂ ਹਨ। ਪੰਦਰਾਂ ਸਾਲ ਤੋਂ ਫ਼ਿਲਮ ਸੰਸਾਰ ਦਾ ਹਿੱਸਾ ਬਣੀ ਹੋਈ ਸ਼ਰਧਾ ਕਪੂਰ ਹੁਣ 'ਇਥਾ' ਨਾਂਅ ਦੀ ਫ਼ਿਲਮ ਕਰ ਰਹੀ ਹੈ, ਜਿਸ ਨੂੰ ਲਕਸ਼ਮਣ ਉਤੇਰਕਰ ਡਾਇਰੈਕਟਰ ਕਰ ਰਹੇ ਹਨ। ਉਧਰ ਯੂ.ਐਸ.ਏ. 'ਚ ਜਦ 'ਹੈਲੋਵੀਨ' ਦਿਨ 'ਤੇ ਲੋਕ ਭੂਤ-ਪ੍ਰੇਤ ਬਣ ਕੇ ਘੁੰਮ ਰਹੇ ਸਨ ਤਾਂ ਇਕ ਔਰਤ ਨੇ ਸ਼ਰਧਾ ਕਪੂਰ ਦੀ 'ਇਸਤਰੀ-2' ਵਾਲਾ ਪਹਿਰਾਵਾ ਪਹਿਨ ਕੇ ਦਰਸਾ ਦਿੱਤਾ ਕਿ ਇਸ ਫ਼ਿਲਮ ਤੇ ਸ਼ਰਧਾ ਦਾ ਜਾਦੂ ਯੂ.ਐਸ.ਏ. 'ਚ ਵੀ ਹੈ। ਸ਼ਰਧਾ ਜ਼ਿਆਦਾਤਰ ਮਰਾਠੀ ਬੋਲਦੀ ਹੈ ਤੇ ਉਸ ਨੂੰ 'ਬੜਾ ਪਾਵ' ਐਨਾ ਪਸੰਦ ਹੈ ਕਿ ਆਊਟਡੋਰ ਸ਼ੂਟਿੰਗ 'ਤੇ ਵੀ ਉਹ ਇਸ ਦੀ ਮੰਗ ਕਰਦੀ ਹੈ। ਸ਼ਰਧਾ ਪਹਿਲੀ ਵਾਰ ਬਾਇਓਪਿਕ 'ਇਥਾ' ਕਰ ਰਹੀ ਹੈ, ਜਿਸ 'ਚ ਉਹ ਤਮਾਸ਼ਾ ਰਾਣੀ (ਵਿੱਠਾ ਬਾਈ) ਦਾ ਕਿਰਦਾਰ ਨਿਭਾਅ ਰਹੀ ਹੈ। 'ਨਾਗਿਨ' ਤੋਂ ਇਲਾਵਾ ਮੋਹਿਤ ਸੂਰੀ ਤੇ ਏਕਤਾ ਕਪੂਰ ਦੀਆਂ ਨਵੀਆਂ ਫ਼ਿਲਮਾਂ ਵੀ ਸ਼ਰਧਾ ਕਪੂਰ ਕੋਲ ਹਨ। ਉਧਰ ਕਮਾਈ ਦੇ ਮਾਮਲੇ 'ਚ ਵੀ ਸ਼ਰਧਾ ਨੇ ਸੋਨਮ ਕਪੂਰ ਤੋਂ ਬਾਜੀ ਮਾਰ ਲਈ ਹੈ ਤੇ 170 ਕਰੋੜ ਸਾਲਾਨਾ ਉਹ ਕਮਾਈ ਕਰ ਰਹੀ ਹੈ। ਸ਼ਰਧਾ ਅੱਜਕਲ੍ਹ ਰਾਹੁਲ-ਮੋਦੀ ਨਾਲ ਦਿਖਾਈ ਦਿੰਦੀ ਹੈ ਤੇ ਰਾਹੁਲ ਪ੍ਰਤੀ ਉਹ ਆਪਣੇ ਪਿਆਰ ਦਾ ਇਜ਼ਹਾਰ ਇੰਸਟਾਗ੍ਰਾਮ 'ਤੇ ਕਰਦੀ ਹੀ ਰਹਿੰਦੀ ਹੈ ਪਰ ਸ਼ਾਦੀ ਦੇ ਸੰਬੰਧ 'ਚ ਅਜੇ ਸ਼ਰਧਾ ਵਲੋਂ ਕੋਈ ਖਾਸ ਪੋਸਟ ਨਹੀਂ ਆਈ ਹੈ।



## ਕਲਾ ਤੇ ਹੁਸਨ ਦਾ ਸੁਮੇਲ
## ਅਨੀਤਾ ਹਸਨੰਦਾਨੀ

ਟੀ.ਵੀ. ਦੀਆਂ ਹਰਮਨ ਪਿਆਰੀਆਂ ਅਦਾਕਾਰਾਂ ਵਿਚ ਸ਼ੁਮਾਰ ਅਨੀਤਾ ਹਸਨੰਦਾਨੀ ਨੇ ਇਕ ਤੋਂ ਵੱਧ ਕੇ ਇਕ ਹਿੱਟ ਲੜੀਵਾਰਾਂ ਵਿਚ ਕੰਮ ਕੀਤਾ ਹੈ। ਸਾਲ 1998 ਵਿਚ ਟੀ.ਵੀ. ਸ਼ੋਅ 'ਇਧਰ ਉਧਰ' ਅਤੇ ਸਾਲ 1999 ਵਿਚ ਫ਼ਿਲਮ 'ਤਾਲ' ਤੋਂ ਵੱਡੇ ਪਰਦੇ 'ਤੇ ਆਉਣ ਤੋਂ ਬਾਅਦ ਅਨੀਤਾ ਨੇ ਟੀ.ਵੀ. ਸ਼ੋਅ 'ਕਭੀ ਸੌਤਨ ਕਭੀ ਸਹੇਲੀ' ਵਿਚ ਤਨਬੀ ਦਾ ਕਿਰਦਾਰ ਨਿਭਾਇਆ ਤੇ ਉਸ ਨੂੰ ਜ਼ਬਰਦਸਤ ਹਰਮਨ ਪਿਆਰਤਾ ਮਿਲੀ। 'ਯੇ ਹੈਂ ਮੁਹੱਬਤੇਂ', 'ਨਾਗਿਨ-3', 'ਨਾਗਿਨ-4) 'ਨਾਗਿਨ-6', 'ਰਹੇ ਨਾ ਰਹੇ ਹਮ' ਅਤੇ 'ਸੁਮਨ ਇੰਦੌਰੀ' ਤੋਂ ਅਨੀਤਾ ਨੇ ਖ਼ੂਬ ਸੁਰਖੀਆਂ ਖੱਟੀਆਂ। ਅਨੀਤਾ ਹਸਨੇਦਾਨੀ ਨੂੰ ਆਖਰੀ ਵਾਰ ਇਸ ਸਾਲ ਜੀ ਟੀ.ਵੀ. ਦੇ ਰਿਆਲਿਟੀ ਸ਼ੋਅ 'ਛੋਰੀਆਂ ਚਲੀ ਗਾਂਵ ਵਿਚ ਦੇਖਿਆ ਗਿਆ ਸੀ। ਇਸ ਸ਼ੋਅ ਵਿਚ ਉਸ ਨੇ ਜੈਕੀ ਸ਼ਰਾਬ ਦੀ ਬੇਟੀ, ਕ੍ਰਿਸ਼ਨਾ ਸ਼ਰਾਫ ਨੂੰ ਹਰਾ ਕੇ ਜੇਤੂ ਦਾ ਖਿਤਾਬ ਆਪਣੇ ਨਾਂਅ ਕੀਤਾ ਸੀ। ਭਾਰਤੀ ਹੋਵੇ ਜਾਂ ਵਿਦੇਸ਼ੀ, ਹਰ ਆਊਟਇਟ ਵਿਚ ਅਨੀਤਾ ਹਸਨੰਦਾਨੀ ਆਪਣੇ ਹੁਸਨ ਦੀਆਂ ਬਿਜਲੀਆਂ ਸੁੱਟਦੀ ਹੈ। ਐਕਟਿੰਗ ਅਤੇ ਫੈਸ਼ਨ ਦੋਵਾਂ ਵਿਚ ਹੀ ਉਹ ਅਵਲ ਨਜ਼ਰ ਆਉਂਦੀ ਹੈ। ਅਨੀਤਾ ਹਸਨੰਦਾਨੀ ਨੇ ਟੀ.ਵੀ. ਤੋਂ ਇਲਾਵਾ ਹਿੰਦੀ ਅਤੇ ਦੱਖਣ ਭਾਰਤ ਦੀ ਲਗਭਗ ਹਰ ਭਾਸ਼ਾ ਦੀਆਂ ਫਿਲਮਾਂ ਵਿਚ ਵੀ ਕੰਮ ਕੀਤਾ ਹੈ।

ੴ ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ॥ ੴ



# ਨੌਵੇਂ ਪਾਤਸ਼ਾਹ, ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਲਾਸਾਨੀ ਸ਼ਹਾਦਤ ਨੂੰ ਕੋਟਿ-ਕੋਟਿ ਪ੍ਰਣਾਮ!

ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਦੇ ਸਾਢੇ ਤਿੰਨ ਸੌ ਸਾਲਾਂ ਨੂੰ ਨਤਮਸਤਕ ਹੋ, ਆਓ! ਆਪਾਂ ਸਾਰੇ ਮਨੁੱਖੀ ਹੱਕਾਂ ਦੇ ਮੋਢੀ ਗੁਰੂ ਤੇਗ ਬਹਾਦਰ ਸਾਹਿਬ ਦੀ ਸੋਚ ਨੂੰ ਤਨੋਂ-ਮਨੋਂ ਅਪਣਾਈਏ। ਅਰਦਾਸ ਕਰੀਏ ਕਿ ਗੁਰੂ ਸਾਨੂੰ ਹਮੇਸ਼ਾਂ ਹੱਕ, ਸੱਚ ਤੇ ਇਨਸਾਫ਼ ਸੰਗ ਖੜ੍ਹੇ ਹੋਣ ਦਾ ਬਲ ਬਖਸ਼ੇ।



ਵਲੋਂ: ਸ. ਦਰਸ਼ਨ ਸਿੰਘ ਧਾਲੀਵਾਲ ਅਤੇ ਸਮੂਹ ਰੱਖੜਾ ਪਰਿਵਾਰ